

Driver Needed, Owner op. needed

ਡਰਾਈਵਰਾਂ ਦੀ ਲੋੜ

ਓਨਰ ਅਪਰੇਟਰਾਂ ਦੀ ਲੋੜ

209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 28

October 18, 2017

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ






(ਰਿਪਰਟ ਅਤੇ ਤਸਵੀਰਾਂ ਦੇਖੋ ਸਫਾ 11 ਤੋਂ 14 ਤੱਕ)


ਮਹਾਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ ਵੱਲੋਂ ਯੂਬਾ ਸਿਟੀ 'ਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। *ਅਗਲੇ ਹਫਤੇ 22 ਅਕਤੂਬਰ ਨੂੰ ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ*

**ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪਣੇ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ ਅਤੇ ਸਮੂਹ ਲੋਕਾਈ ਨੂੰ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ**

# ਬਹੁਤ ਜਲਦੀ ਹੋਵੇਗਾ ਬ੍ਰਹਿਮੰਡ ਦੇ ਰਹੱਸ ਦਾ ਖੁਲਾਸਾ



**ਵਾਸ਼ਿੰਗਟਨ (ਬਿਊਰੋ)-** ਛੇਤੀ ਹੀ ਤੁਹਾਨੂੰ ਬ੍ਰਹਿਮੰਡ ਦੇ ਰਹੱਸ ਬਾਰੇ ਸਾਰੀ ਜਾਣਕਾਰੀ ਮਿਲ ਜਾਵੇਗੀ। ਦੁਨੀਆ ਭਰ ਦੇ ਵਿਗਿਆਨੀ ਕਈ ਸਾਲਾਂ ਤੋਂ ਬ੍ਰਹਿਮੰਡ ਦੇ ਨਿਰਮਾਣ ਬਾਰੇ ਜਾਣਨ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ। ਹੁਣ ਤੱਕ ਵਿਗਿਆਨੀਆਂ ਦੇ ਹੱਥ ਨਿਰਾਸ਼ਾ ਹੀ ਲੱਗੀ ਸੀ ਪਰ ਹੁਣ ਲੱਗਦਾ ਹੈ ਕਿ ਵਿਗਿਆਨੀਆਂ ਨੂੰ ਬ੍ਰਹਿਮੰਡ ਦੇ ਨਿਰਮਾਣ ਦੇ ਰਹੱਸ ਦਾ ਅੰਦਾਜ਼ਾ ਲੱਗ ਗਿਆ ਹੈ ਤਾਂ ਹੀ ਦੁਨੀਆ ਭਰ ਦੇ ਖਗੋਲ ਵਿਗਿਆਨੀ ਇਸ ਸਬੰਧ ਵਿਚ ਆਪਣੀਆਂ ਪ੍ਰਤੀਕਿਰਿਆਵਾਂ ਦੇ ਰਹੇ ਹਨ। ਵਿਗਿਆਨੀਆਂ ਨੂੰ ਸੋਨੇ ਦੇ ਨਿਰਮਾਣ ਬਾਰੇ ਵੀ ਅੰਦਾਜ਼ਾ ਲੱਗਾ ਹੈ। ਉਨ੍ਹਾਂ ਦੀ ਕੋਸ਼ਿਸ਼ ਰੰਗ ਲਿਆਈ ਹੈ ਅਤੇ ਹੁਣ ਇਨ੍ਹਾਂ ਸਾਰੇ ਰਹੱਸਾਂ ਤੋਂ ਪਰਦਾ ਉੱਠੇਗਾ।

ਭਾਵੇਂ ਪੂਰੀ ਤਰ੍ਹਾਂ ਸਪੱਸ਼ਟ ਨਾ ਹੋਵੇ ਪਰ ਅਜਿਹਾ ਸੰਕੇਤ ਮਿਲਿਆ ਹੈ ਕਿ ਬ੍ਰਹਿਮੰਡ ਦੇ ਅੰਦਰ ਇਕ ਵੱਡੀ ਟੱਕਰ ਹੋਈ ਅਤੇ ਇਹ ਛੇਤੀ ਹੀ ਬ੍ਰਹਿਮੰਡ ਦੀ ਉਤਪਤੀ ਦੇ ਰਹੱਸਾਂ ਤੋਂ ਪਰਦਾ ਹਟਾਉਣ ਦਾ ਕੰਮ ਕਰੇਗਾ। ਇਸ ਨਾਲ ਇਹ ਵੀ ਪਤਾ ਲੱਗੇਗਾ ਕਿ ਸੋਨੇ ਦਾ ਨਿਰਮਾਣ ਕਿਵੇਂ ਹੋਇਆ। ਦੁਨੀਆ ਭਰ ਦੇ ਖਗੋਲ ਵਿਗਿਆਨੀਆਂ ਨੇ ਇਸ ਸੰਕੇਤ 'ਤੇ ਤੇਜ਼ੀ ਨਾਲ ਪ੍ਰਤੀਕਿਰਿਆ ਦਿੱਤੀ।

ਦੂਰਬੀਨਾਂ ਵਿਚ ਕੈਦ ਇਹ ਸੰਕੇਤ ਵਿਗਿਆਨੀਆਂ ਨੂੰ ਅਗਸਤ ਵਿਚ ਮਿਲਿਆ ਸੀ, ਜਿਸ ਦਾ ਖੁਲਾਸਾ ਹੁਣ ਹੋਇਆ ਹੈ। ਇਸ ਵਿਚ ਪਤਾ ਲੱਗਾ ਹੈ ਕਿ ਦੋ ਨਿਊਟ੍ਰਾਨ ਤਾਰਿਆਂ ਵਿਚਾਲੇ ਕਾਫੀ ਪਹਿਲਾਂ ਟੱਕਰ ਹੋਈ ਸੀ। ਇਸ ਘਟਨਾ ਨੂੰ ਕੈਲੇਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਡੇਵਿਡ ਐੱਚ ਰਿਟਜ਼ ਨੇ ਬ੍ਰਹਿਮੰਡ ਵਿਚ ਪਟਾਕਿਆਂ ਦਾ ਸੁੰਦਰ ਪ੍ਰਦਰਸ਼ਨ ਦੱਸਿਆ। ਟੱਕਰ ਤੋਂ ਪੈਦਾ ਹੋਏ ਪ੍ਰਕਾਸ਼ ਅਤੇ ਨਿਕਲੀ ਊਰਜਾ ਨੇ ਵਿਗਿਆਨੀਆਂ ਨੂੰ ਇਸ ਦੀ ਵਿਆਖਿਆ ਕਰਨ ਵਿਚ ਮਦਦ ਕੀਤੀ ਕਿ ਕਿਸ ਤਰ੍ਹਾਂ ਗਾਮਾ ਕਿਰਨਾਂ ਦਾ ਧਮਾਕਾ ਹੁੰਦਾ ਹੈ ਤੇ ਕਿਸ ਤੇਜ਼ੀ ਨਾਲ ਬ੍ਰਹਿਮੰਡ ਦਾ ਵਿਸਥਾਰ ਹੋ ਰਿਹਾ ਹੈ ਅਤੇ ਪਲੈਟੀਨਮ ਤੇ ਸੋਨੇ ਵਰਗੇ ਭਾਰੇ ਤੱਤ ਕਿੱਥੋਂ ਆਏ।




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(CST# 2122162-50)

"We sell International and Domestic Airline Tickets on Low Airfares"

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)


# ਜੌਰਜ ਚਾਹਲ ਨੇ ਕੈਲਗਰੀ ਸਿਟੀ ਕੌਂਸਲ ਦੀ ਚੋਣ ਜਿੱਤ ਕੇ ਇਤਿਹਾਸ ਸਿਰਜਿਆ



**ਕੈਲਗਰੀ (ਬਿਊਰੋ)-** ਕੈਲਗਰੀ ਵਿੱਚ ਸਿਟੀ ਕੌਂਸਲ ਦੀਆਂ ਚੋਣਾਂ ਦੌਰਾਨ ਪੰਜਾਬੀ ਮੂਲ ਦੇ ਉਮੀਦਵਾਰ ਜੌਰਜ ਚਾਹਲ ਨੇ ਵਾਰਡ ਨੰਬਰ 5 ਤੋਂ ਚੋਣ ਜਿੱਤ ਕੇ ਇਤਿਹਾਸ ਸਿਰਜਿਆ ਹੈ। ਸਿਟੀ ਕੌਂਸਲ ਦੇ ਹੋਂਦ (1823) 'ਚ ਆਉਣ ਤੋਂ ਬਾਅਦ ਕੈਲਗਰੀ ਸਿਟੀ ਹਾਲ ਵਿੱਚ ਪੁੱਜਣ ਵਾਲੇ ਉਹ ਪਹਿਲੇ ਪੰਜਾਬੀ ਕੌਂਸਲਰ ਬਣ ਗਏ ਹਨ।

ਅਲਬਰਟਾ ਸੂਬੇ ਦੀਆਂ ਮਿਉਂਸਿਪਲ ਚੋਣਾਂ ਦੇ ਨਤੀਜਿਆਂ 'ਚ ਐਡਮੰਟਨ ਸ਼ਹਿਰ ਦੇ ਵਾਰਡ ਨੰਬਰ-12 ਤੋਂ ਪੰਜਾਬੀ ਮੂਲ ਦੇ ਉਮੀਦਵਾਰ ਮਹਿੰਦਰ (ਮੋਅ) ਬੰਗਾ ਦੁਬਾਰਾ ਚੋਣ ਜਿੱਤ ਗਏ ਹਨ। ਇਸੇ ਤਰ੍ਹਾਂ ਕੈਲਗਰੀ ਤੋਂ ਨਾਹਿਦ ਨੈਨਸੀ ਤੇ ਐਡਮਿੰਟਨ ਤੋਂ ਡੌਨ ਇਵਾਨਸਨ ਦੁਬਾਰਾ ਮੇਅਰ ਚੁਣੇ ਗਏ ਹਨ। ਕੈਲਗਰੀ ਦੇ ਵਾਰਡ ਨੰਬਰ-5 ਦਾ ਚੋਣ ਦੰਗਲ ਪਿਛਲੇ ਕਈ ਦਿਨ ਤੋਂ ਭਖਿਆ ਹੋਇਆ ਸੀ। ਪੰਜਾਬੀ ਵਸੋਂ ਵਾਲੇ ਇਸ ਵਾਰਡ


**(ਬਾਕੀ ਸਫਾ 19 ਤੇ)**





Tarsem Singh Sam
capitalcityatm@yahoo.com

Best Payment Solutions

We Provide Free

ATM & Credit Card Machine

Call For More Info

Sam: (916) 289-0413,

Ranjeet Gill (916) 759-7141

We will beat any Rate



Ranjeet Singh Gill
norcalatmusa@gmail.com



SINCE 1996

BAGGA JEWELERS

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823



Sandeep Jony Bagga





BERKSHIRE HATHAWAY
Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram

Realtor CalBRE# 01969522

Cell: 916-479-5587

Fax # 916-721-2373

Office: 916-681-5112

shangararam2@gmail.com

7412 Elsie Ave., Sacramento, CA 95828



Jasvinder Sandhu

ਸੈਕਰਾਮੈਂਟੋ, ਰੋਜ਼ਵਿਲ,
ਰਾਕਲਿੱਨ, ਨਟੋਮਸ ਆਦਿ
ਇਲਾਕਿਆਂ ਵਿਚ ਰਿਹਾਇਸੀ
ਅਤੇ ਵਪਾਰਕ ਸੰਪਤੀਆਂ ਖਰੀਦਣ
ਅਤੇ ਵੇਚਣ ਲਈ ਸੰਪਰਕ ਕਰੋ।
ਅਸੀਂ ਲੋਨ ਰੀ-ਫਾਇਨਾਂਸ ਲਈ
ਵੀ ਮਦਦ ਕਰ ਸਕਦੇ ਹਾਂ।

Realtor CalBRE #01959230

Home Smart Icare Realty

3300 Douglas Blvd., Suite 280

Roseville CA 95661

Cell : 916-770-9334

Jasvinder.sandhu@yahoo.com



Jasvinder Sandhu



SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538

Office: (510) 742-8120, Cell; (510) 368-3983



RE/MAX
RE/MAX Gold

Each Office Independently Owned and Operated

Cell: 916-628-2210

Fax: 916-745-3424

Office: 916-285-1000

Dil Nijjar

REALTOR ®

CalBRE # 01418648

Email: Dil.Realtor@gmai,.com

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ



2081 Arena Blvd # 100 Sacramento, CA 95834



Amrik Chand (CPA)

Phone : 510-490-8200

Fax : 510-490-8202

Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.

959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
CHAAT PLATE
ONLY FOR $2.99
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਇੰਡੋ-ਅਮਰੀਕਨ ਆਰਗੇਨਾਈਜ਼ੇਸ਼ਨ ਨੇ ਗਦਰੀ ਮੇਲੇ ’ਚ ਸ਼ਹੀਦਾਂ ਨੂੰ ਕੀਤਾ ਸਲਾਮ



























**ਸੈਕਰਾਮੈਂਟੋ-** ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਵੱਲੋਂ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ ਦੇ ਸ਼ਹੀਦਾਂ ਭਾਈ ਬਲਵੰਤ ਸਿੰਘ ਖੁਰਦਪੁਰ, ਹਾਫਿਜ਼ ਅਬਦੁਲਾ, ਜਵੰਦ ਸਿੰਘ ਨੰਗਲ, ਹਰਨਾਮ ਸਿੰਘ ਨਾਮਾ ਫਾਸੀਵਾਲਾ, ਡਾ. ਮਥਰਾ ਸਿੰਘ ਅਤੇ ਅਰੂੜ ਸਿੰਘ ਸੰਘਵਾਲ ਦੀ ਸ਼ਹੀਦੀ ਦੇ ਸ਼ਤਾਬਦੀ ਵਰ੍ਹੇ ਨੂੰ ਮਨਾਉਣ ਲਈ ਮੇਲੇ ਦਾ ਆਯੋਜਨ ਕੀਤਾ।

ਸੈਕਰਾਮੈਂਟੋ ਦੇ ਕਬਰਿਸਤਾਨ ’ਚ ਪ੍ਰਸਿੱਧ ਗਦਰੀ ਤੇ ਕਾਬਲ ’ਚ ਬਣੀ ਜਲਾਵਤਨ ਪਹਿਲੀ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਮੌਲਵੀ ਮੁਹੰਮਦ ਬਰਕਤਉਬਦੁਲਾ ਦੀ ਮਜਾਰ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਕਸ਼ਮੀਰ ਸਿੰਘ ਕਾਂਗਣਾ ਨੇ ਇਸ ਸੂਰਮੇ ਦੇਸ਼ ਭਗਤ ਬਾਰੇ ਜਾਣਕਾਰੀ ਦਿੰਦਿਆਂ ਜਲਾਵਤਨ ਸਰਕਾਰ ਤੇ ਰੂਸ ਦੇ ਸਬੰਧਾਂ ਦਾ ਵਰਣਨ ਕਰਦਿਆਂ ਕਿਹਾ ਕਿ ਬਰਕਤਉਬਦੂਲਾ ਤੇ ਦਲੀਪ ਸਿੰਘ ਗਿੱਲ ਨੇ ਰੂਸ ਦੇ ਵਿਦੇਸ਼ ਮੰਤਰੀ ਚਚੇਰਨ ਰਾਹੀਂ ਸੋਵੀਅਤ ਰੂਸ ਦੇ ਮੁਖੀ ਲੈਨਿਨਨਾਲ ਮੁਲਾਕਾਤ ਕੀਤੀ। ਉਸ ਨੇ ਜਲਾਵਤਨ ਸਰਕਾਰ ਨੂੰ ਮਾਨਤਾ ਦਿੰਦਿਆਂ ਦੱਸ ਲੱਖ ਡਾਲਰ ਦੀ ਸਹਾਇਤਾ ਦਿੱਤੀ, ਜਿਸ ਨੂੰ ਰੂਸ ਦੀ ਡੂਮਾ ਨੇ ਪਾਸ ਕੀਤਾ ਤਾਂ ਜੋ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ਾਂ ਤੋਂ ਬਾਅਦ ਖਲਾਸੀ ਕੀਤੀ ਜਾ ਸਕੇ।

ਮੁੱਖ ਸਮਾਗਮ ਐਗਰੋਬ ਦੇ ਐਸ. ਈ. ਐਸ. ਹਾਲ ਦੇ ਵਿਹੜੇ ਵਿਚ ਗਦਰੀ ਪਾਰਟੀ ਦਾ ਤਿੰਨ ਰੰਗਾ ਝੰਡਾ ਜਿਸ ਵਿਚ ਦੋ ਕਾਟਵੀਆਂ ਖੜ੍ਹੀਆਂ ਤਲਵਾਰਾਂ ਹਨ, ਬੀਬੀ ਮਨਜੀਤ ਕੌਰ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸਕੀ ਭੈਣ ਦੀ ਦੋਹਤਰੀ ਨੇ ਆਪਣੇ ਕਰ ਕਮਲਾਂ ਨਾਲ ਝੁਲਾਇਆ। ਬੀਬੀ ਕਮਲਜੀਤ ਕੌਰ ਭਤੀਜੀ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਪਤੀ ਢੇਸੀ ਸਾਹਿਬ ਵੀ ਹਾਜ਼ਰ ਰਹੇ।

ਝੰਡੇ ਦੀ ਇਤਿਹਾਸਕ ਮਹੱਤਤਾ ਬਾਰੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਪਰਿਵਾਰ ਨਾਲ ਸਬੰਧਤ, ਜਥੇਬੰਦੀ ਦੇ ਬਜ਼ੁਰਗ ਆਗੂ ਕਿਰਪਾਲ ਸਿੰਘ ਸੰਧੂ ਨੇ ਬਿਮਾਰ ਹੋਣ ਦੇ ਬਾਵਜੂਦ ਬੋਲਦਿਆਂ ਇਸੇ ਦੀ ਅਗਵਾਈ ਵਿਚ ਦੇਸ਼ ਦੀ ਅੰਗਰੇਜ਼ ਸਾਮਰਾਜ ਵਿਰੁੱਧ ਲੜਾਈ ਦੇ ਲਹੂ ਵੀਟਵੇਂ ਸੰਘਰਸ਼ਾਂ ਦਾ ਜ਼ਿਕਰ ਕੀਤਾ, ਜਿਸ ਕਰਕੇ ਅਸੀਂ 15 ਅਗਸਤ 1947 ਈ: ਨੂੰ ਆਜ਼ਾਦ ਹੋਏ। ਨੌਜਵਾਨਾਂ ਨੂੰ ਗਦਰ ਪਾਰਟੀ ਦੇ ਆਸ਼ੇ ਮਨਸ਼ਿਆਂ ਅਨੁਸਾਰ ਸੰਘਰਸ਼ ਕਰਦੇ ਰਹਿਣ ਦਾ ਸੱਦਾ ਦਿੱਤਾ।

ਹਾਲ ਵਿਚ ਜੋ ਖਚਾਖਚ ਭਰਿਆ ਹੋਇਆ ਸੀ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਜੀ ਨੇ ਸਟੇਜ ਦੀ ਕਾਰਵਾਈ ਚਲਾਉਣ ਲਈ ਕਸ਼ਮੀਰ ਸਿੰਘ ਕਾਗਣਾ ਨੂੰ ਸੱਦਾ ਦਿੱਤਾ। ਢਾਡੀ ਗੁਰਨਾਮ ਸਿੰਘ ਜੀ ਦੇ ਜਥੇ ਨੇ ਦੇਸ਼ ਭਗਤੀ ਦੀ ਕਵੀਸ਼ਰੀ ਗਾਈ। ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਦੇਸ਼ ਭਗਤੀ ਦਾ ਗੀਤ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ।

ਜਥੇਬੰਦੀ ਦੇ ਸਕੱਤਰ ਗਿਆਨ ਸਿੰਘ ਬਿਲਗਾ ਨੇ ਆਪਣੇ ਭਾਸ਼ਣ ਵਿਚ ਹਾਜ਼ਰ ਨਾਮਧਾਰੀ ਸੰਗਤ ਤੇ ਉਸ ਸਮੇਂ ਕੂਕਿਆਂ ਦੀ ਕੀਤੀਆਂ ਬੇਜੋੜ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹੀਦੀ ਦਾ ਉਲੇਖ ਕਰਦਿਆਂ ਉਸ ਸਮੇਂ ਅੰਗਰੇਜ਼ਦੇ ਟੋਡੀਆਂ ਵੱਲੋਂ ਗਦਰ ਪਾਰਟੀ ਬਾਰੇ ਕੀਤੇ ਜਾਂਦੇ ਗਲਤ ਪ੍ਰਚਾਰਦਾ ਜ਼ੋਰਦਾਰ ਖੰਡਨ ਕਰਦਿਆਂ ਦੇਸ਼ ਧਰੋਹੀਆਂ ਨੂੰ ਤੇ ਉਹ ਧਾਰਮਿਕ ਤੇ ਹੋਰ ਸੰਸਥਾਵਾਂ ਜੋ ਅੰਗਰੇਜ਼ ਦੇ ਟੋਡੀ ਬੱਚੇ ਦਾ ਕੰਮ ਕਰਦਿਆਂ ਨੂੰ ਫਿਟਕਾਰਿਆ। ਉਹਨਾਂ ਬਹਾਦਰ ਸ਼ਾਹ ਜਫਰ ਦੇ ਇਸ ਸ਼ੇਅਰ:

ਗਾਜ਼ੀਓਂ ਮੇਂ ਬੂ ਰਹੇਗੀ ਜਬ ਤਲਕ ਈਮਾਨ ਕੀ
ਤਖਤੇ ਲੰਡਨ ਤੱਕ ਚਲੇਗੀ ਤੇਗ ਹਿੰਦੋਸਤਾਨ ਕੀ

ਨਾਲ ਆਪਣੇ ਵਿਚਾਰ ਸਮੇਟੇ।

ਸੁਖਦੇਵ ਸਿੰਘ ਬਾਜਵਾ ਫਰਿਜ਼ਨੋ ਨੇ ਆਪਣੇ ਸੰਬੋਧਨ ਵਿਚ ਦੇਸ਼ ਦੀ ਵਰਤਮਾਨ ਅਧੋਗਤੀ ਵਿਚੋਂ ਨਿਕਲਣ ਲਈ ਇਕੋ ਇਕ ਰਾਹ ਗਦਰੀ ਬਾਬਿਆਂ ਵੱਲੋਂ ਚਿਤਵਿਆ ਰਾਜ ਦਾ ਸੁਪਨਾ ਹੀ ਹੈ। ਸਮਿਤਰ ਸਿੰਘ ਜੀ ਉਪਲ ਡਾਇਰੈਕਟਰ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ ਆਪਣੇ ਸੰਬੋਧਨ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਅਰੂੜ ਸਿੰਘ ਤੇ ਬੰਤਾ ਸਿੰਘ ਸੰਘਵਾਲ ਦੀਆਂ ਕੁਰਬਾਨੀਆਂ ਦਾ ਵਰਣਨ ਕੀਤਾ। ਉਹਨਾਂ ਦੇਸ਼ ਧਰੋਹੀਆਂ ਜਿਹਨਾਂ ਮੁਰੱਬੇ ਹਾਲ ਕਰਨ ਲਈ ਅੰਗਰੇਜ਼ ਦਾ ਸਾਥ ਦਿੱਤਾ, ਜੋ ਆਜ਼ਾਦੀ ਤੋਂਬਾਅਦ ਪੱਗਾਂ ਦੇ ਰੰਗ ਬਦਲ ਕੇ ਰਾਜ ਕਰਤਾ ਸ਼੍ਰੇਣੀ ਨਾਲ ਜਾ ਰਲੇ, ਦੀ ਵੀ ਚੀਰਹਰਣ ਕੀਤਾ। ਵਰਤਮਾਨ ਵਿਚ ਜੋ ਰਾਜ ਕਰ ਰਹੀਆਂ ਜਮਾਤਾਂ ਨੇ ਗਰੀਬ ਕਿਸਾਨਾਂ ਤੇ ਮਜ਼ਦੂਰ ਦੇ ਦੁੱਖ ਦੂਰ ਨਾ ਕੀਤੇ ਤਾਂ ਲੋਕ ਫਿਰ ਉਠਣਗੇ। ਅਖੀਰ ਤੇ ਕਿਹਾ:

ਨਾ ਸਮਝੋਗੇ ਤੋ ਮਿਟ ਜਾਓਗੇ ਐ ਹਿੰਦੋਸਤਾਨ ਵਾਲੋ
ਤੁਮਹਾਰੀ ਦਾਸਤਾਨ ਭੀ ਨਾ ਹੋਗੀ ਦਾਸਤਾਨੋਂ ਮੇਂ।

ਦਲਵਿੰਦਰ ਸਿੰਘ ਧੂਤ ਜੀ ਨੇ ਜੋ ਪ੍ਰਸਿੱਧ ਦੇਸ਼ ਭਗਤ ਆਈ. ਐਨ. ਏ. ਦੇ ਸਿਪਾਹੀ ਦੇਵਾ ਸਿੰਘ ਧੂਤ ਦੇ ਸਪੁੱਤਰ ਹਨ ਅਤੇ ਨਾਪਾ ਦੇ ਆਗੂ ਹਨ, ਜੋ ਸਮੁੱਚੇ ਪਰਿਵਾਰ ਸਮੇਤ ਹਾਜ਼ਰ ਸਨ, ਨੇ ਇਸ ਮੇਲੇ ਨੂੰ ਦੇਸ਼ ਭਗਤ ਪਰਿਵਾਰਾਂ ਦਾ ਯਾਦਗਾਰੀ ਸੰਮੇਲਨ ਕਿਹਾ ਅਤੇ ਇਸ ਜਥੇਬੰਦੀ ਦਾ ਭਰਪੂਰ ਸਹਿਯੋਗ ਦਿੰਦੇ ਰਹਿਣ ਦਾ ਪ੍ਰਣ ਕੀਤਾ।

ਐਲਗਰੋਵ ਦੇ ਮੇਅਰ ਸਟੀਵ ਲੀ ਨੂੰ ਪ੍ਰਧਾਨ ਜੀ ਦੇ ਪੁੱਤਰ ਪਰਮਪ੍ਰੀਤ ਬਿੰਦਰਾ ਨੇ ਲੋਕਾਂ ਦੇ ਸਨਮੁਖ ਕੀਤਾ। ਉਹਨਾਂ ਕਿਹਾ ਕਿ ਚੰਗੀ ਜ਼ਿੰਦਗੀ ਜਿਊਣ ਲਈ ਆਏ ਭਾਰਤੀਆਂ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਨੂੰ ਪ੍ਰਮੁੱਖਤਾ ਦਿੱਤੀ, ਆਜ਼ਾਦੀ ਹਾਲ ਕੀਤੀ, ਅੱਜ ਇੱਥੇ ਸਭ ਕੌਮਾਂ ਦੇ ਲੋਕ ਮਾਣ ਸਤਿਕਾਰ ਨਾਲ ਰਹਿ ਰਹੇ ਹਨ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਜੀ ਨੇ ਕਲਾਕਾਰਾਂ, ਵਰਕਰਾਂ, ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਦਰੀ ਬਾਬੇ ਆਏ ਤਾਂ ਕਮਾਈਆਂ ਕਰਨ ਤੇ ਚੰਗੇ ਸਨਮਾਨਯੋਗ ਜੀਵਨ ਲਈ ਪਰਨਸਲੀ ਵਿਤਕਰੇ ਨੇ ਮਨ ਦੁਖੀ ਕੀਤੇ, ਸਭ ਦੁੱਖਾਂ ਦੀ ਜੜ੍ਹ ਗੁਲਾਮੀ ਦਾ ਜੂਲਾ ਦੇਸ਼ ਦੇ ਗਲੋਂ ਲਾਹੁਣ ਲਈ ਦੇਸ਼ ਪਰਤ ਕੇ ਆਜ਼ਾਦੀ ਲਈ ਕੈਦਾਂ ਕੱਟੀਆਂ, ਫਾਂਸੀ ਚੜ੍ਹੇ, ਜਾਇਦਾਦਾਂ ਜਬਤ ਕਰਵਾਈਆਂਪਰ ਹਾਲੇ ਵੀ ਉਹਨਾਂ ਦਾ ਚਿਤਵਿਆ ਲੋਕ ਜਮਹੂਰੀ ਰਾਜ ਨਹੀਂ ਆਇਆ, ਜਿਸ ਲਈ ਆ ਰਹੀਆਂ ਪੀੜ੍ਹੀਆਂ ਨੂੰ ਸੰਘਰਸ਼ ਨੂੰ ਮਘਦਾ ਰੱਖਣਾ ਪੈਣਾ ਹੈ:

ਮਸ਼ਾਲਾਂ ਬਾਲ ਕੇ ਰੱਖਣਾ
ਜਦੋਂ ਤੱਕ ਰਾਤ ਬਾਕੀ ਹੈ।

ਸਤਨਾਮ ਸਿੰਘ ਨੰਗਲ ਕਲਾਂ ਤੇ ਉਹਨਾਂ ਦਾ ਪਰਿਵਾਰ ਅਤੇ ਸ਼ਾਮ ਲਾਲ ਨੇ ਲੰਗਰ ਦੀ ਸੇਵਾ ਨਿਭਾਈ। ਅਖੀਰ ਤੱਕ ਅਤੁੱਟ ਲੰਗਰ ਵਰਤਦਾ ਰਿਹਾ। ਸ਼ਾਮ ਲਾਲ ਨੇ ਆਪਣੀ ਲਿਖੀ ਕਵਿਤਾ ਸੁਣਾ ਕੇ ਸਰੋਤਿਆਂ ਦੀ ਵਾਹਵਾ ਖੱਟੀ। ਸਤਨਾਮ ਸਿੰਘ ਨੇ ਗਦਰ ਦੀ ਗੂੰਜ ਗਾ ਕੇ ਸੁਣਾਈ। ਜਥੇਬੰਦੇ ਦੇ ਸਰਕਰਦਾ ਮੈਂਬਰ ਸੁਰਿੰਦਰ ਸਿੰਘ ਗਿੱਲ ਨੇ ਗਦਰ ਦੀ ਗੂੰਜ ਵਿਚੋਂ ’ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ’ ਗਾ ਕੇ ਸੁਣਾਈ। ਨਾਮਧਾਰੀ ਦਵਿੰਦਰ ਸਿੰਘ ਨੇ ਕਵਿਤਾ ਰਾਹੀਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਪੂਨਮ ਮਲਹੋਤਰਾ ਨੇ ਰੰਗਾਰੰਗ ਪ੍ਰੋਗਰਾਮ ਆਰੰਭ ਕਰਦਿਆਂ ਦੇਸ਼ ਭਗਤੀ ਦਾ ਰੰਗ ਬੰਨ੍ਹਿਆ, ਆਪਣੇ ਵੱਲੋਂ ਵੀ ਸੁਰੀਲੀ ਆਵਾਜ਼ ਵਿਚ ਸਰੋਤਿਆਂ ਦਾ ਮਨੋਰੰਜਨ ਕੀਤਾ।

ਜਥੇਬੰਦੀ ਦੇ ਡਾਇਰੈਕਟਰ ਜਰਨੈਲ ਸਿੰਘ ਸਰਪੰਚ ਦੀਆਂ ਪੋਤਰੀਆਂ ਅਤੇ ਬਲਵੰਤ ਬਾਕਾ ਦੀਆਂ ਦੋਹਤਰੀਆਂ ਨੇ ਸਭਿਆਚਾਰਕ ਗੀਤਾਂ ਨਾਲ ਗਿੱਧੇ ਤੇ ਭੰਗੜੇ ਨਾਲ ਸਰੋਤਿਆਂ ਦੀ ਵਾਹ-ਵਾਹ ਖੱਟੀ। ਡੇਵਿਸ ਯੂਨੀਵਰਸਿਟੀ ਦੇ ਨੌਜਵਾਨਾਂ ਨੇ ਭੰਗੜੇ ਨਾਲ ਪੰਜਾਬ ਜਿਹਾ ਮਾਹੌਲ ਸਿਰਜਿਆ।

ਪ੍ਰਸਿੱਧ ਗਾਇਕ ਪੰਮੀ ਮਾਨ ਤੇ ਜੀਵਨ ਰੱਤੂ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਆਪਣੀ ਕਲਾ ਦੇ ਜੌਹਰ ਦਿਖਾਏ। ਪੰਮੀ ਮਾਨ ਦੀਆਂ ਬੇਟੀਆਂ ਨੇ ਵੀ ਗਿੱਧੇ ਤੇ ਭੰਗੜੇ ਨਾਲ ਵਾਹਵਾ ਰੰਗ ਬੰਨ੍ਹਿਆ।

ਅੰਮ੍ਰਿਤਪਾਲ ਸਿੰਘ ਤੇ ਅਮਰੀਕ ਸਿੰਘ ਤੇ ਤਰਲੋਕ ਸਿੰਘ ਜੌਹਲ ਵੱਲੋਂ ਲਾਈ ਗਦਰੀ ਸੂਰਵੀਰਾਂ ਦੀ ਫੋਟੋ ਪ੍ਰਦਰਸ਼ਨੀ ਨੂੰ ਮੇਲੇ ’ਚ ਆਏ ਸੱਜਣਾਂ ਨੇ ਬੜੇ ਗੌਰ ਨਾਲ ਦੇਖਿਆ ਤੇ ਆਪਣੇ ਪਿੰਡ ਨਾਲ ਸਬੰਧਤ ਗਦਰੀਆਂ ਦੀਆਂ ਸੈਲ ਫੋਨ ਰਾਹੀਂ ਤਸਵੀਰਾਂ ਖਿੱਚੀਆਂ। ਜਥੇਬੰਦੀ ਦੇ ਆਗੂ ਤੇ ਵਰਕਰ ਜਰਨੈਲ ਸਿੰਘ ਸਰਪੰਚ, ਕੇਵਲ ਬੋਲੀਨਾ, ਬਲਵੰਤ ਬਾਕਾ, ਹਰਪਾਲ ਸੰਘਾ, ਮਲਕੀਤ ਬੈਂਸ, ਸੁਰਿੰਦਰ ਗਿੱਲ, ਕਮਲ ਬੰਗਾ, ਜੁਝਾਰ ਸਿੰਘ ਗਿੱਲ, ਅਵਤਾਰ ਸਿੰਘ ਡੋਡ, ਜਗਜੀਤ ਸਿੰਘ ਗਿੱਲ, ਸੁਰਿੰਦਰ ਸਿੰਘ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ, ਬਲਜੀ ਬਿੰਦਰਾ ਤੇ ਗਗਨਦੀਪ ਬਿੰਦਰਾ ਤੇ ਹੋਰ ਨੌਜਵਾਨਾਂ ਦੀ ਸਮੁੱਚੀ ਟੀਮ ਪ੍ਰਬੰਧ ਲਈ ਪੱਬਾਂ ਭਾਰ ਹੋਈ ਰਹੀ।

ਸ਼ਿਆਰਾ ਸਿੰਘ ਢੀਂਡਸਾ ਜੀ ਨੇ ਸਮੁੱਚੀ ਕਾਰਵਾਈ ਦਾ ਫੋਟੋਕਰਨ ਤੇ ਵੀਡੀਓਗ੍ਰਾਫੀ ਬੜੇ ਹੀ ਸੁਚੱਜੇ ਪ੍ਰੋਫੈਸ਼ਨਲ ਢੰਗ ਨਾਲ ਸੇਵਾ ਨਿਭਾਈ।

ਅਖੀਰ ਤੇ ਮੁੱਖ ਕਲਾਕਾਰ ਪੰਜਾਬੀ ਬੋਲੀ ਦੇ ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ ਨੇ ਲੱਗਭੱਗ ਦੋ ਘੰਟੇ ਬਿਨਾਂ ਰੁਕਿਆਂ ਦੇਸ਼ ਭਗਤੀ ਦੇ ਗੀਤਾਂ ਨਾਲ ਲੋਕਾਂ ਨੂੰ ਕੀਲੀਂ ਰੱਖਿਆ। ਮੇਲੇ ਦੇ ਅਖੀਰ ਤੱਕ ਸਰੋਤੇ ਕੁਰਸੀਆਂ ਮੱਲੀਂ ਬੈਠੇ ਰਹੇ। ਮੋਹਨ ਸੰਬੀਆਂ ਵਾਲਾ ਨੂੰ ਸੁਚੱਜੀ ਗੀਤਕਾਰੀ ਲਈ ਸਨਮਾਨਿਤ ਕੀਤਾ ਗਿਆ।

ਸਮੁੱਚੇ ਸਪਾਂਸਰਾਂ, ਗੀਤਕਾਰਾਂ, ਗਾਇਕਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਪੂਨਮ ਮਲਹੋਤਰਾ ਨੇ ਸਟੇਜ ਦੀ ਕਾਰਵਾਈ ਬਾਖੂਬੀ ਨਾਲ ਨਿਭਾਈ।

ਮੋਹੀ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Temple Pittsburg, California's monthly programs

Devoted families are requesting entire Sangat to attend the following functions:

**October 19, 2017 (Thursday) - Diwali Celebrations**

Diwali will be celebrated in Gurughar like previous years. Sukhmani Sahib Path will start at 6:00 PM. After, Sukhmani Sahib path and Kirtan; Parsad, sweets and GURU KA LANGAR will be served. Please bring a candle to light that day.

**October 22, 2017 Sukhmani Sahib Path and Langar Sewa by Bhai Salinder Bhatia**

Sukhmani Sahib Path and Langar Sewa will be hosted by Bhai Salinder Bhatia, Bibi Taro Bhatia and their family for Sukh Shanti and Chardi Kala. May Waheguru bless and keep Bhatia family in Chardi Kala.

**October 29, 2017 Sukhmani Sahib Path and Langar Sewa by Gurdwara Committee Members**

Sukhmani Sahib Path and Langar Sewa will be hosted by committee members for Sukh Shanti and Chardi Kala of entire Sangat. May Waheguru bless everyone with peace and love.

**November 5, 2017 Parkash Utsav Sri Guru Nanak Dev ji**

Satguru Nanak Pargateya - Miti Dund Jag Chanan Hoya

Sri Guru Nanak Dev Ji's "Parkash Utsav" will be celebrated at our Gurughar on November 5, 2017. Akhand path will start on Friday 11/03/2017, at 10:00 AM and will conclude with Bhog ceremony on Sunday morning 11/05/2017. Path and Langar sewa will be hosted by Gurughar with the help and cooperation of the entire Sangat. Giani Ompal Singh and Giani Gurnam Singh Ji, will adorn the occasion with his gifted talents in Shabad Kirtan along with other Kirtankar.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of GURU GRANTH SAHIB, are an embodiment of truthfulness and godliness which illuminated the millions of ignorant souls. HIS simple message of "UNIVERSAL BROTHERHOOD" EQUALITY and Love of Mankind formed the basic principles of Sikh Religion. The best tribute we can pay to Guru Nanak Dev Ji is to adopt his noble teachings as a way of our lives. For food & other stalls, please contact President at 408 460 0262. We have a limited space, so please call as soon as possible to reserve the stall space or for any other sewa. First come, first choice.

**November 12,2017 Sukhmani Sahib Path and Langar Sewa by Sarbjit Singh and Family**

Sukhmani Sahib Path and Langar Sewa will be hosted by Bhai Sarbjit Singh, his son Jagdip Singh and their family for Sukh Shanti and Chardi Kala .May Waheguru bless the family with good health & fulfill all their desires.

**November 19, 2017 Barsi of Late Bibi Sukhraji Indar ji**

Sukhmani Sahib Path and Langar Sewa will be hosted by Bibi Suruj Sen in the loving memories of her mother Late Sukhraji Indar(Mother of Late Dharma Sundar & late Chand Raj).May Waheguru bless the departed soul with eternal peace.

**"NANAK NAM CHARDI KALA TERE BHANE SARBAT DA BHALA"**

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇੰਡੀਆਨਾ ਵਿਖੇ ਨਗਰ ਕੀਰਤਨ ਸਜਾਏ ਗਏ

**ਇੰਡੀਅਨਐਪਲਿਸ (ਹੁਸਨ ਲੜੋਆ ਬੰਗਾ)–** ਅਮਰੀਕਾ ਮਿਡਵੈਸਟ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਸਿੱਖ ਸੁਸਾਇਟੀ ਆਫ ਇੰਡੀਆਨਾ ਅਤੇ ਗੁਰਦੁਆਰਾ ਸਿੱਖ ਸੰਗਤ ਵਲੋਂ ਸ਼ਹਿਰ ਦੇ ਡਾਊਨ-ਟਾਊਨ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਹਿਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਹ ਨਗਰ ਕੀਰਤਨ ਗੁਰੂ ਗਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਵੈਟਰਨਜ਼ ਮੈਮੋਰੀਅਲ ਪਾਰਕ ਤੋਂ ਸ਼ੁਰੂ ਹੁੰਦਿਆਂ ਮੁੜ ਉੱਥੇ ਹੀ ਆ ਕੇ ਸਮਾਪਤ ਹੋਇਆ। ਹੋਰ ਭਾਈਚਾਰਿਆਂ ਦੇ ਲੋਕਾ ਲਈ ਗੱਤਕਾ ਖਿੱਚ ਦਾ ਕੇਂਦਰ ਰਿਹਾ, ਜਿਹਨਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਖਾਸ ਫਾਇਰ ਵੀ ਪ੍ਰਬੰਧਕਾਂ ਵਲੋਂ ਤਿਆਰ ਕੀਤੇ ਗਏ ਸਨ। ਨਗਰ ਕੀਰਤਨ ਦੀ ਸਮਾਪਤੀ ਉਪਰੰਤ ਸਟੇਜ ਤੋਂ ਪੰਥਕ ਬੁਲਾਰਿਆਂ ਵਲੋਂ ਸੰਗਤ ਨੂੰ ਸੰਬੋਧਨ ਕੀਤਾ ਗਿਆ। ਪਰਬੰਧਕਾਂ ਦੇ ਵਿਸ਼ੇਸ਼ ਸੱਦੇ 'ਤੇ ਪਹੁੰਚੇ ਅਮਰੀਕਾ ਦੇ ਵਾਈਸ ਪਰਧਾਨ ਮਾਈਕ ਪੈਂਸ ਦੇ ਭਰਾ ਗਰੈਗ ਪੈਂਸ ਵਲੋਂ ਮਾਈਕ ਪੈਂਸ ਦਾ ਸਿੱਖ ਕੌਮ ਦੇ ਨਾਮ ਸੰਦੇਸ਼ ਸੰਗਤ ਨਾਲ ਸਾਂਝਾ ਕੀਤਾ ਗਿਆ, ਜਿਸ ਵਿੱਚ ਉਨਾਂ ਸਿੱਖਾਂ ਦੇ ਆਪਣੇ ਧਰਮ ਅਤੇ ਇਤਿਹਾਸ ਨਾਲ ਜੁੜੇ ਰਹਿਣ ਦੇ ਅਮਲ ਦੀ ਸ਼ਲਾਘਾ ਕੀਤੀ। ਵਾਸਿੰਗਟਨ ਤੋਂ ਡਾ. ਅਮਰਜੀਤ ਸਿੰਘ ਨੇ ਗਰੈਗ ਪੈਂਸ ਦਾ ਧੰਨਵਾਦ ਕੀਤਾ ਅਤੇ ਆਸ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ ਹੱਕਾ ਲਈ ਅਮਰੀਕੀ ਸਿਸਟਮ ਵਿੱਚ ਸਿੱਖ ਲਾਬੀ ਹੋਰ ਵੀ ਮਜ਼ਬੂਤ ਹੋਵੇਗੀ ਅਤੇ ਮਾਈਕ ਪੈਂਸ ਉਸ ਵਿੱਚ ਸਾਰਥਕ ਯੋਗਦਾਨ ਪਾ ਸਕਦੇ ਹਨ। ਪ੍ਰਬੰਧਕਾਂ ਵਲੋਂ ਮਾਈਕ ਪੈਂਸ ਨੂੰ ਸਨਮਾਨ ਵਜੋਂ ਦਰਬਾਰ ਸਾਹਿਬ ਦਾ ਇੱਕ ਛੋਟਾ ਦਾਰਸ਼ਨਿਕ ਮਾਡਲ ਭੇਟ ਕੀਤਾ ਗਿਆ। ਇਸ ਤੋਂ ਬਾਅਦ ਸੰਗਤ ਨੂੰ ਸੰਬੋਧਨ ਹੁੰਦਿਆਂ ਡਾ. ਅਮਰਜੀਤ ਸਿੰਘ ਨੇ ਸਿੱਖ ਅਤੇ ਮਨੁੱਖੀ ਹੱਕਾਂ ਲਈ ਅਮਰੀਕੀ ਸਿਸਟਮ ਵਿੱਚ ਸਿੱਖ ਲਾਬੀ ਨੂੰ ਹੋਰ ਅਹਿਮੀਅਤ ਦੇਣ ਵਿਚਿ ਸੰਗਤ ਦਾ ਧਿਆਨ ਕੇਂਦਰਿਤ ਕੀਤਾ। ਉਨਾਂ ਤੋਂ ਬਾਅਦ ਪੱਤਰਕਾਰ ਸੁਰਿੰਦਰ ਸਿੰਘ ਨੇ ਸੰਬੋਧਨ ਹੁੰਦਿਆਂ ਸੰਗਤ ਨੂੰ ਸਿੱਖ ਧਰਮ 'ਤੇ ਹੋ ਰਹੇ ਸੂਖਮ ਹਮਲਿਆਂ ਬਾਰੇ ਵਿਚਾਰਾਂ ਕੀਤੀਆਂ। ਉਨਾਂ ਕਿਹਾ ਕਿ ਅੱਜ ਸਾਡੇ ਧਰਮ, ਸੱਭਿਆਚਾਰ, ਭਾਸ਼ਾ ਅਤੇ ਤਹਿਜ਼ੀਬ ਨੂੰ ਨਿਗ਼ਲਣ ਦੀਆਂ ਕੋਸ਼ਿਸ਼ਾਂ ਹਕੂਮਤਾਂ ਵਲੋਂ ਕੀਤੀਆਂ ਜਾ ਰਹੀਆਂ ਹਨ। ਜੇ ਅਸੀਂ ਅਵੇਸਲੇ ਰਹੇ ਤਾਂ ਇਤਿਹਾਸ ਸਾਨੂੰ ਕਦੇ ਵੀ ਮੁਆਫ ਨਹੀ ਕਰੇਗਾ। ਸਟੇਜ ਦਾ ਸੰਚਾਲਨ ਸ. ਬਲਵੰਦਰ ਸਿੰਘ ਅਤੇ ਪੱਤਰਕਾਰ ਸੁਰਿੰਦਰ ਸਿੰਘ ਵਲੋਂ ਕੀਤਾ ਗਿਆ।



# ਗੌਰੀ ਲੰਕੇਸ਼ ਹੱਤਿਆ ਕਾਂਡ: ਸਿੱਟ ਵੱਲੋਂ ਸ਼ੱਕੀਆਂ ਦੇ ਤਿੰਨ ਸਕੈਚ ਜਾਰੀ

**ਬੰਗਲੌਰ–** ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਅੱਜ ਦੋ ਸ਼ੱਕੀਆਂ ਦੇ ਸਕੈਚ ਜਾਰੀ ਕੀਤੇ। ਇਸ ਦੇ ਨਾਲ ਹੀ ਗੌਰੀ ਦੇ ਘਰ ਨੇੜੇ ਲੱਗੇ ਸੀਸੀਟੀਵੀ ਕੈਮਿਰਿਆਂ ਦੀ ਫੁਟੇਜ ਵੀ ਜਾਰੀ ਕੀਤੀ ਗਈ। ਜ਼ਿਕਰਯੋਗ ਹੈ ਕਿ ਗੌਰੀ ਲੰਕੇਸ਼ ਦੀ ਪੰਜ ਸਤੰਬਰ ਨੂੰ ਇੱਥੇ ਉਨ੍ਹਾਂ ਦੇ ਘਰ ਬਾਹਰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। 21 ਮੈਂਬਰੀ ਸਿੱਟ ਦੇ ਮੁਖੀ ਬੀ.ਕੇ. ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ''ਸਿਰਫ਼ ਦੋ ਸ਼ੱਕੀ ਹਨ ਪਰ ਚਸ਼ਮਦੀਦਾਂ ਦੇ ਵੇਰਵਿਆਂ ਦੇ ਆਧਾਰ ਉਤੇ ਅਸੀਂ ਤਿੰਨ ਸਕੈਚ ਜਾਰੀ ਕੀਤੇ। ਅਸੀਂ ਇਕ ਸ਼ੱਕੀ ਦੇ ਦੋ ਪੇਸ਼ੇਵਰ ਪੇਂਟਰਾਂ ਵੱਲੋਂ ਬਣਾਏ ਵੱਖ ਵੱਖ ਸਕੈਚ ਜਾਰੀ ਕੀਤੇ ਹਨ।'' ਉਨ੍ਹਾਂ ਕਿਹਾ ਕਿ ਕਤਲ ਲਈ 7.65 ਐਮਐਮ ਦੀ ਦੇਸੀ ਪਿਸਤੌਲ ਵਰਤੀ ਗਈ। ਟੀਮ ਨੇ ਜਾਂਚ ਸਬੰਧੀ 200-250 ਵਿਅਕਤੀਆਂ ਤੋਂ ਪੁੱਛ-ਪੜਤਾਲ ਕੀਤੀ। ਸ੍ਰੀ ਬੀ.ਕੇ. ਸਿੰਘ ਨੇ ਕਿਹਾ, ''ਲੰਕੇਸ਼ ਦੀ ਹੱਤਿਆ ਪਿੱਛੇ ਕਿਸੇ ਪੇਸ਼ੇਵਰ ਦੁਸ਼ਮਣੀ ਦੀ ਸੰਭਾਵਨਾ ਤੋਂ ਅਸੀਂ ਇਨਕਾਰ ਕਰਦੇ ਹਾਂ। ਦੂਜੇ ਸ਼ਬਦਾਂ ਵਿੱਚ ਇਸ ਵਿੱਚ ਕੋਈ



ਪੱਤਰਕਾਰ ਸ਼ਾਮਲ ਨਹੀਂ ਸੀ ਪਰ ਨਕਸਲ ਤੇ ਨਿੱਜੀ ਦੁਸ਼ਮਣੀ ਸਣੇ ਹੋਰ ਪਹਿਲੂਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।'' ਉਨ੍ਹਾਂ ਕਿਹਾ ਕਿ ਸ਼ੱਕੀਆਂ ਦੀ ਉਮਰ 25 ਤੋਂ 35 ਸਾਲਾਂ ਵਿਚਕਾਰ ਹੈ ਅਤੇ ਜੁਰਮ ਤੋਂ ਪਹਿਲਾਂ ਉਹ ਘੱਟੋ ਘੱਟ ਸੱਤ ਦਿਨ ਬੰਗਲੌਰ ਵਿੱਚ ਰੁਕੇ। ਇਸ ਦੌਰਾਨ ਉਨ੍ਹਾਂ ਗੌਰੀ ਲੰਕੇਸ਼ ਦੇ ਘਰ ਦੀ ਜਾਸੂਸੀ ਕੀਤੀ। ਉਨ੍ਹਾਂ ਕਿਹਾ ਕਿ ''ਅਸੀਂ ਲੋਕਾਂ ਤੋਂ ਪਤਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਕਿੱਥੇ ਠਹਿਰੇ ਸਨ। ਇਕ ਵਾਰ ਸਾਨੂੰ ਇਹ ਗੱਲ ਪਤਾ ਲੱਗ ਗਈ ਕਿ ਉਹ ਕੌਣ ਸਨ ਅਤੇ ਕੀ ਉਹ ਸਥਾਨਕ ਵਾਸੀਆਂ ਨੂੰ ਜਾਣਦੇ ਸਨ ਤਾਂ ਸਭ ਕੁੱਝ ਬਾਹਰ ਆ ਜਾਵੇਗਾ।'' ਇਕ ਸਵਾਲ ਦੇ ਜਵਾਬ ਵਿੱਚ ਸਿੱਟ ਮੁਖੀ ਨੇ ਕਿਹਾ ਕਿ ਜਾਂਚਕਾਰਾਂ ਨੇ ਲੰਕੇਸ਼ ਦੇ ਘਰ ਤੋਂ ਲਈ ਵੀਡੀਓ ਫੁਟੇਜ ਵਿੱਚੋਂ ਕੁੱਝ ਸੁਰਾਗ ਲਏ ਹਨ। "ਅਸੀਂ ਗੌਰੀ ਦੇ ਘਰ ਤੋਂ ਹੀ ਸਬੂਤ ਇਕੱਤਰ ਕਰ ਕੇ ਜਾਂਚ ਸ਼ੁਰੂ ਕੀਤੀ।'' ਉਨ੍ਹਾਂ ਕਿਹਾ ਕਿ ਸਿੱਟ 100 ਫੀਸਦੀ ਦਾਅਵੇ ਨਾਲ ਨਹੀਂ ਕਹਿ ਸਕਦੀ ਕਿ ਮਹਾਰਾਸ਼ਟਰ ਵਿੱਚ ਤਰਕਸ਼ੀਲ ਨਰਿੰਦਰ ਦਾਭੋਲਕਰ ਤੇ ਗੋਵਿੰਦ ਪਨਸਾਰੇ, ਧਾਰਵਾੜ ਵਿੱਚ ਪ੍ਰਗਤੀਸ਼ੀਲ ਲੇਖਕ ਐਮ.ਐਮ. ਕਲਬੁਰਗੀ ਅਤੇ ਲੰਕੇਸ਼ ਦੀਆਂ ਹੱਤਿਆਵਾਂ ਪਿੱਛੇ ਇਕੋ ਤਰੀਕਾ ਸੀ ਜਾਂ ਨਹੀਂ।

# ਵਾਸ਼ਿੰਗਟਨ ਵਿੱਚ ਹੋਵੇਗੀ ਗੁਰੂ ਗੋਬਿੰਦ ਸਿੰਘ ਕਾਨਫਰੰਸ

**ਵਾਸ਼ਿੰਗਟਨ–** ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਨਫਰੰਸ ਅਤੇ ਕੀਰਤਨ ਦਰਬਾਰ ਦਾ ਅਗਲੇ ਮਹੀਨੇ ਇਥੋਂ ਦੇ ਸਮਿਥਸੋਨੀਅਨ ਇੰਸਟੀਚਿਊਟ ਵੱਲੋਂ ਭਾਰਤੀ ਸਫ਼ਾਰਤਖਾਨੇ ਦੇ ਸਹਿਯੋਗ ਨਾਲ ਪ੍ਰਬੰਧ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੀ ਵਿਰਾਸਤ ਬਾਰੇ ਹੋਣ ਵਾਲੀ ਕਾਨਫਰੰਸ 'ਚ ਅਮਰੀਕਾ 'ਚ ਭਾਰਤੀ ਸਫ਼ੀਰ ਨਵਤੇਜ ਸਰਨਾ ਸਮੇਤ ਚੋਟੀ ਦੇ ਹੋਰ ਮਾਹਿਰਾਂ ਵੱਲੋਂ ਵਿਚਾਰ ਪੇਸ਼ ਕੀਤੇ ਜਾਣਗੇ। ਮਸ਼ਹੂਰ ਰੋਨਾਲਡ ਰੀਗਨ ਇਮਾਰਤ 'ਚ ਹੋਣ ਵਾਲੀ ਕਾਨਫਰੰਸ ਦੇ ਬੁਲਾਰਿਆਂ 'ਚ ਲੇਖਿਕਾ ਨਿੱਕੀ-ਗੁਣਇੰਦਰ ਕੌਰ ਸਿੰਘ, ਸਿੱਖ ਸੰਗੀਤਕ ਵਿਰਸੇ ਦੀ ਪ੍ਰੋਡਿਊਸਰ ਜਸਵੀਰ ਕੌਰ ਰਬਾਬਣ ਅਤੇ ਸਿੱਖ ਫਾਊਂਡੇਸ਼ਨ ਦੀ ਕਾਰਜਕਾਰੀ ਨਿਰਦੇਸ਼ਕ ਸੋਨੀਆ ਧਾਮੀ ਸ਼ਾਮਲ ਹਨ।

# ਦਵਾਈਆਂ ਦੀਆਂ ਕੀਮਤਾਂ ਘਟਾਉਣ ਲਈ ਰਾਸ਼ਟਰਪਤੀ ਟਰੰਪ ਸਰਗਰਮ

**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਅਦਾ ਕੀਤਾ ਹੈ ਕਿ ਦਵਾਈਆਂ ਸਬੰਧੀ ਨਵੀਂ ਨੀਤੀ ਤਹਿਤ ਦੇਸ਼ ਵਿੱਚ ਦਵਾਈਆਂ ਦੀਆਂ ਕੀਮਤਾਂ ਘਟਾਈਆਂ ਜਾਣਗੀਆਂ। ਉਨ੍ਹਾਂ ਦਾ ਕਹਿਣਾ ਹੈ ਕਿ ਦਵਾਈਆਂ ਲਈ ਹੋਰਨਾਂ ਦੇਸ਼ਾਂ ਨੂੰ ਵੱਧ ਮੁੱਲ ਤਾਰਨ ਦਿੱਤਾ ਜਾਵੇ, ਜਿਸ ਕਰ ਕੇ ਟਰੰਪ ਦੀ ਇਹ ਨਵੀਂ ਨੀਤੀ ਭਾਰਤ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਵ੍ਹਾਈਟ ਹਾਊਸ ਵਿੱਚ ਕੱਲ੍ਹ ਕੈਬਨਿਟ ਮੈਂਬਰਾਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਦਵਾਈਆਂ ਦੀਆਂ ਕੀਮਤਾਂ ਆਸਮਾਨੀ ਜਾ ਚੜ੍ਹੀਆਂ ਹਨ। ਇੱਕ ਦਵਾਈ ਉਸੇ ਕੰਪਨੀ ਵੱਲੋਂ ਉਸੇ ਤਰ੍ਹਾਂ ਦੇ ਡੱਬੇ ਵਿੱਚ ਕਿਸੇ ਹੋਰ ਦੇਸ਼ ਵਿੱਚ ਵੇਚੀ ਜਾ ਰਹੀ ਹੈ ਤਾਂ ਉਸ ਦੀ ਕੀਮਤ ਘੱਟ ਹੈ ਪਰ ਉਸੇ ਹੀ ਦਵਾਈ ਦੀ ਕੀਮਤ ਅਮਰੀਕਾ ਵਿੱਚ ਆਸਮਾਨੀ ਚੜ੍ਹੀ ਹੋਈ ਹੈ।

ਜ਼ਿਕਰਯੋਗ ਹੈ ਕਿ ਭਾਰਤ ਵਿੱਚ ਕੌਮੀ



ਫਾਰਮਾਸਿਊਟੀਕਲ ਪਰਾਈਸਿੰਗ ਅਥਾਰਟੀ (ਐਨਪੀਏਏ) ਨੇ ਸਟੈਂਟਾਂ ਦੀ ਕੀਮਤ 450 ਅਤੇ 110 ਅਮਰੀਕੀ ਡਾਲਰ ਤੈਅ ਕੀਤੀ ਹੋਈ ਹੈ। ਐਨਪੀਏਏ ਦਾ ਕਹਿਣਾ ਹੈ ਕਿ ਹੋਰਨਾਂ ਮਹਿੰਗੀਆਂ ਦਵਾਈਆਂ ਸਬੰਧੀ ਵੀ ਉਸ ਵੱਲੋਂ ਅਜਿਹੇ ਕਦਮ ਚੁੱਕੇ ਜਾਣਗੇ।

ਉਧਰ ਟਰੰਪ ਦਾ ਕਹਿਣਾ ਹੈ ਕਿ ਹਮੇਸ਼ਾਂ ਵਾਂਙ ਹੋਰਨਾਂ ਦੇਸ਼ਾਂ ਵੱਲੋਂ ਅਮਰੀਕਾ ਦਾ ਲਾਹਾ ਲਿਆ ਜਾ ਰਿਹਾ ਹੈ। ਹੋਰਨਾਂ ਦੇਸ਼ਾਂ ਵਿੱਚ ਦਵਾਈਆਂ ਦੀਆਂ ਕੀਮਤਾਂ ਤੈਅ ਕੀਤੀਆਂ ਜਾ ਰਹੀਆਂ ਹਨ ਪਰ ਅਮਰੀਕਾ ਵਿੱਚ ਅਜਿਹਾ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਬਹੁਤ ਵੱਡਾ ਜੁਰਮ ਕਰ ਰਹੀਆਂ ਹਨ। ਸਰਕਾਰ ਦੀ ਕੋਸ਼ਿਸ਼ ਹੈ ਕਿ ਅਮਰੀਕਾ ਵਿੱਚ ਦਵਾਈਆਂ ਦੀਆਂ ਕੀਮਤਾਂ ਘਟਾ ਕੇ ਹੋਰਨਾਂ ਦੇਸ਼ਾਂ ਬਰਾਬਰ ਜਾਂ ਘੱਟੋ-ਘੱਟ ਉਨ੍ਹਾਂ ਦੇ ਨੇੜੇ-ਤੇੜੇ ਤਾਂ ਲਿਆਂਦੀਆਂ ਜਾਣ।

# ਮੁਤਵਾਜ਼ੀ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਮੁੜ ਟਕਰਾਅ ਦੇ ਆਸਾਰ

**ਅੰਮ੍ਰਿਤਸਰ–** ਬੰਦੀ ਛੋੜ ਦਿਵਸ (ਦੀਵਾਲੀ) ਦੀ ਸ਼ਾਮ ਨੂੰ ਹਰਿਮੰਦਰ ਸਾਹਿਬ ਵਿਖੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਘਰ ਦੀ ਮਰਿਆਦਾ ਤੇ ਪਵਿੱਤਰਤਾ ਕਾਇਮ ਰੱਖਣ ਲਈ ਹਰ ਸੰਭਵ ਯਤਨ ਕਰਨ ਦੇ ਐਲਾਨ ਨਾਲ ਟਕਰਾਅ ਵਾਲੇ ਹਾਲਾਤ ਬਣਦੇ ਜਾ ਰਹੇ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਬੰਦੀ ਛੋੜ ਦਿਵਸ ਮੌਕੇ ਢੁਕਵੇਂ ਸੁਰੱਖਿਆ ਪ੍ਰਬੰਧ ਕਰਨ ਲਈ ਇੱਥੇ ਮੀਟਿੰਗ ਵੀ ਕੀਤੀ ਹੈ।

ਬੰਦੀ ਛੋੜ ਦਿਵਸ ਮੌਕੇ ਸ਼ਾਮ ਨੂੰ ਦਰਸ਼ਨੀ ਡਿਓਢੀ ਤੋਂ ਹਰ ਵਰ੍ਹੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਜਾਂਦਾ ਹੈ। ਇਹ ਰਵਾਇਤ ਪਿਛਲੇ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ, ਪਰ 2015 ਵਿੱਚ ਹੋਏ ਸਰਬੱਤ ਖ਼ਾਲਸਾ ਤੋਂ ਬਾਅਦ ਮੁਤਵਾਜ਼ੀ ਜਥੇਦਾਰਾਂ ਵੱਲੋਂ ਵੀ ਹਰ ਵਰ੍ਹੇ ਅਕਾਲ ਤਖ਼ਤ ਤੋਂ ਸੰਦੇਸ਼ ਜਾਰੀ ਕਰਨ ਲਈ ਯਤਨ ਕੀਤੇ ਜਾਂਦੇ ਹਨ। ਇਸ ਵਾਰ ਹਾਲਾਤ ਅਜਿਹੇ ਬਣ ਰਹੇ ਹਨ ਕਿ ਬੰਦੀ ਛੋੜ ਦਿਵਸ ਮੌਕੇ ਟਕਰਾਅ ਹੋ ਸਕਦਾ ਹੈ। ਅੱਜ ਮੁਤਵਾਜ਼ੀ ਜਥੇਦਾਰਾਂ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਹੈ ਕਿ ਜੇਕਰ ਬੰਦੀ ਛੋੜ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਬੇਲੋੜੀ ਦਖ਼ਲਅੰਦਾਜ਼ੀ ਨਾਲ ਕੋਈ ਹਾਲਾਤ ਖ਼ਰਾਬ ਕਰਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਹੋਵੇਗੀ। ਇਸ ਸਬੰਧੀ ਭਾਈ ਬਲਜੀਤ ਸਿੰਘ ਦਾਦੂਵਾਲ ਦੇ ਇਕ ਸਹਾਇਕ ਜਗਮੀਤ ਸਿੰਘ ਵੱਲੋਂ ਮੁਤਵਾਜ਼ੀ ਜਥੇਦਾਰਾਂ ਦੇ ਹਵਾਲੇ ਨਾਲ ਜਾਰੀ ਸਾਂਝੇ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਬੰਦੀ ਛੋੜ ਦਿਵਸ ਮੌਕੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਹਰਿਮੰਦਰ ਸਾਹਿਬ ਵਿਖੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਜਾਵੇਗਾ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਛੋੜ ਦਿਵਸ ਮੌਕੇ ਅਮਨ-ਸ਼ਾਂਤੀ ਕਾਇਮ ਰੱਖਣ ਅਤੇ ਗੁਰੂ ਘਰ ਵਿੱਚ ਮਰਿਆਦਾ ਬਹਾਲ ਰੱਖਣ ਦੇ ਉਦੇਸ਼ ਨਾਲ ਅੱਜ ਇੱਥੇ ਲੋੜੀਂਦੇ ਪ੍ਰਬੰਧਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਅਧਿਕਾਰੀਆਂ ਦੀ ਇਕ ਮੀਟਿੰਗ ਹੋਈ ਹੈ। ਮੀਟਿੰਗ ਵਿੱਚ ਗੁਰੂ ਘਰ ਦੀ ਪਵਿੱਤਰਤਾ ਅਤੇ ਮਰਿਆਦਾ ਨੂੰ ਹਰ ਹੀਲੇ ਕਾਇਮ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਲੋੜੀਂਦੇ ਪ੍ਰਬੰਧਾਂ ਲਈ ਭਲਕੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਾਈਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਅਤੇ ਮਰਿਆਦਾ ਨੂੰ ਕਾਇਮ ਰੱਖਣਾ ਸ਼੍ਰੋਮਣੀ ਕਮੇਟੀ ਦਾ ਮੁਢਲਾ ਫਰਜ਼ ਹੈ। ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਰੋਕਿਆ ਨਹੀਂ ਜਾਵੇਗਾ, ਪਰ ਕਿਸੇ ਨੂੰ ਮਰਿਆਦਾ ਵਿੱਚ ਖਲਲ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ ਉਹ ਮਿਲ-ਬੈਠ ਕੇ ਮਾਮਲਾ ਹੱਲ ਕਰਨ ਲਈ ਵਿਚਾਰ ਕਰ ਸਕਦਾ ਹੈ। ਉਧਰ, ਪੁਲੀਸ ਦੇ ਡਿਪਟੀ ਕਮਿਸ਼ਨਰ ਅਮਰੀਕ ਸਿੰਘ ਪਵਾਰ ਨੇ ਆਖਿਆ ਕਿ ਬੰਦੀ ਛੋੜ ਦਿਵਸ ਮੌਕੇ ਅਮਨ-ਸ਼ਾਂਤੀ ਕਾਇਮ ਰੱਖਣ ਲਈ ਦੋਵਾਂ ਧਿਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਪੁਲੀਸ ਤੇ ਪ੍ਰਸ਼ਾਸਨ ਅਮਨ ਅਤੇ ਸ਼ਾਂਤੀ ਕਾਇਮ ਰੱਖਣ ਲਈ ਹਰ ਸੰਭਵ ਯਤਨ ਕਰੇਗਾ।

# ਅਮਰੀਕਾ ਜਾਣ ਦੇ ਚਾਹਵਾਨ ਪੰਜਾਬੀਆਂ ਦੀ ਗਿਣਤੀ ਘਟੀ

ਨਵੀਂ ਦਿੱਲੀ- ਵਿਦੇਸ਼ਾਂ 'ਚ ਨੌਕਰੀਆਂ ਹਾਸਲ ਕਰਨ ਦੀ ਚਮਕ ਫਿੱਕੀ ਪੈਂਦੀ ਜਾ ਰਹੀ ਹੈ। ਸਿਆਸੀ ਅਸਥਿਰਤਾ ਕਾਰਨ ਹੁਨਰਮੰਦ ਭਾਰਤੀਆਂ ਨੂੰ ਮੁਲਕ 'ਚ ਹੀ ਰਹਿ ਕੇ ਰੁਜ਼ਗਾਰ ਦੇ ਮੌਕੇ ਲੱਭਣੇ ਪੈ ਰਹੇ ਹਨ।

ਵਿਦੇਸ਼ਾਂ 'ਚ ਰੁਜ਼ਗਾਰ ਸਬੰਧੀ ਸਾਈਟ ਇਨਡੀਡ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਅਮਰੀਕਾ ਜਾਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ ਦੀ ਗਿਣਤੀ 'ਚ 38 ਫ਼ੀਸਦੀ ਦੀ ਕਮੀ ਆਈ ਹੈ। ਪਿਛਲੇ ਸਾਲ ਬਰਤਾਨੀਆ ਜਾਣ ਦੇ ਚਾਹਵਾਨਾਂ 'ਚ 42 ਫ਼ੀਸਦੀ ਦੀ ਕਟੌਤੀ ਹੋਈ। ਬਰਤਾਨੀਆ 'ਚ ਬ੍ਰੈਗਜ਼ਿਟ ਦਾ ਅਸਰ ਭਾਰਤੀ ਨੌਜਵਾਨਾਂ 'ਤੇ ਵੀ ਪਿਆ ਹੈ ਅਤੇ ਹੁਣ ਜਰਮਨੀ ਤੇ ਆਇਰਲੈਂਡ 'ਚ ਰੁਜ਼ਗਾਰ ਲਈ ਭਾਰਤੀਆਂ ਦੀ ਗਿਣਤੀ ਵਧੀ ਹੈ। ਇਨਡੀਡ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸ਼ਸ਼ੀ ਕੁਮਾਰ ਨੇ ਕਿਹਾ ਕਿ ਭਾਰਤੀ ਅਰਥਚਾਰੇ ਦੇ ਮਜ਼ਬੂਤੀ ਨਾਲ ਵਿਕਾਸ ਅਤੇ ਵਿਦੇਸ਼ਾਂ 'ਚ ਸਿਆਸੀ ਅਸਥਿਰਤਾ ਕਾਰਨ ਹੁਨਰਮੰਦ ਭਾਰਤੀਆਂ ਵੱਲੋਂ ਘਰ 'ਚ ਰਹਿ ਕੇ ਹੀ ਨੌਕਰੀਆਂ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।


## ਯੋਗ ਵਰ ਦੀ ਲੋੜ

JATT SIKH parents seeking suitable match for their handsome son residing in India, 26 years, 6'3 tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA and living in California. Preferred well-qualified tall beautiful girl from USA. Email - navneetbhandal@gmail.com Pho ne - 916-992-4538

About Girl: She is a graduate in BDS and MBA in Hospital Management. She is presently working in a Business Process Management MNC in Gurgaon, Haryana. She is a fun loving, independent girl with modern outlook while respecting Indian traditions and culture. Having a family is most important but she likes keeping balance between family and friends. She believes in having own opinions while respecting others at the same time. She loves travelling and trying new cuisines and believes in enjoying every moment of life. Her other interests include reading novels, poetry and music.

DOB: Born 1987
Place of Birth: New Delhi
Highest Qualification: MBA (Hospital management, Jaipur); 2012-2014
Graduation: BDS (Punjab); 2004-2009
Height: 5'5"
Complexion: Fair
Built: Average
Lifestyle Habits: Non vegetarian, No Smoking, No Alcohol
Family: Upper middle class close knit family presently residing in Gurgaon. A parent belongs to Uttar Pradesh but settled in Gurgaon
Caste: Jatav (SC)
Father: Mr. Sagar Singh (Ex-Sr. manager, PSU Bank)
Mother: Mrs. Vimlesh Singh (Home Maker)
Siblings: 2 elder brothers (Both IIT, Ph.D. (USA); Both Married settled in USA

**Contact details:**
**001-91- 8826630304 - Sagar Singh,**
**sagarsingh1956@gmail.com**

ਦੇਸ਼ ਦੁਆਬਾ

# ਯੁੱਗ ਪੁਰਸ਼ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਦਲਿਤ ਮੁਕਤੀ

ਦਲਿਤ ਮੁਕਤੀ ਦਾ ਸਵਾਲ ਭਾਰਤ ਅੰਦਰ ਵੱਖ-ਵੱਖ ਸਮਿਆਂ ਦੌਰਾਨ ਕਿਸੇ ਨਾ ਕਿਸੇ ਰੂਪ ਵਿਚ ਉਠਦਾ ਰਿਹਾ ਹੈ। ਤਥਾਗਤ ਭਗਵਾਨ ਬੁੱਧ, ਮੱਧ ਕਾਲ ਦੌਰਾਨ ਭਗਤੀ ਲਹਿਰ ਦੇ ਸਮਾਜਿਕ ਅੰਦੋਲਨ ਦੇ ਮੂਲਨਿਵਾਸੀ ਅਖੌਤੀ ਨਿਮਨ ਜਾਤਾਂ ਦੇ ਸੰਤ ਗੁਰੂ ਅਤੇ ਪੰਦਰਵੀਂ ਸਦੀ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਦਸ ਗੁਰੂ ਸਾਹਿਬਾਨ ਇਸ ਸਵਾਲ ਬਾਰੇ ਅਤੇ ਇਸ ਦੇ ਵੱਖ-ਵੱਖ ਪਹਿਲੂਆਂ ਦੀ ਪੁਣਛਾਣ ਕਰਦੇ ਹੋਏ ਇਕ ਹੀ ਸੁਰ ਵਿਚ ਬ੍ਰਾਹਮਣਵਾਦੀ ਸਿਧਾਂਤ ਦੇ ਉਲਟ ਜਾਤ ਰਹਿਤ ਸਮਾਜ ਸਿਰਜਣ ਦੀ ਗੱਲ ਕਰਦੇ ਹਨ।

ਇਹਨਾਂ ਤਮਾਮ ਯਤਨਾਂ ਦਾ ਮਾਧਿਅਮ ਕਵਿਤਾ ਦੇ ਰਾਹੀਂ ਬ੍ਰਾਹਮਣ ਵਿਧੀ ਵਿਦਾਂਤ ਦੇ ਖੰਡਨ ਦੀ ਸੁਰ ਉੱਚੀ ਕਰਦਾ ਹੈ। ਇਨ੍ਹਾਂ ਯਤਨਾਂ ਬਾਰੇ ਅਜਿਹੀ ਆਮ ਧਾਰਨਾ ਹੈ ਕਿ ਇਹ ਯਤਨ ਵਿਧੀ ਪੂਰਵਕ ਅਤੇ ਵਿਚਾਰਧਾਰਕ ਸੰਸਥਾਵਾਂ ਦਾ ਰੂਪ ਨਾ ਲੈਂਦੇ ਹੋਏ ਅਜਿਹੇ ਤੌਰ ਤੇ ਉੱਚੀ ਸੁਰ ਵਿਚ ਜਾਤ ਦਾ ਖੰਡਨ ਕਰਦੇ ਹੋਏ ਮਨੁੱਖ ਨੂੰ ਆਪਸੀ ਮਿਲਵਰਤਨ ਦਾ ਪਾਠ ਸਿਖਾਉਂਦੇ ਹਨ। ਅਜਿਹੀ ਧਾਰਨਾ ਖਾਸ ਤੌਰ 'ਤੇ ਭਗਤੀ ਲਹਿਰ ਸਮਾਜਿਕ ਅੰਦੋਲਨ ਬਾਰੇ ਲਾਗੂ ਹੁੰਦੀ ਹੈ। ਅੱਗੇ ਚੱਲ ਕੇ ਜਿੱਥੋਂ ਤੱਕ ਸਿੱਖ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਦਾ ਸਬੰਧ ਹੈ, ਉਥੇ ਧਰਾਤਲ ਦੇ ਤੌਰ 'ਤੇ ਵੀ ਯਤਨ ਹੋਏ ਹਨ, ਜਿਨ੍ਹਾਂ ਵਿਚ ਲੰਗਰ, ਸੰਗਤ ਅਤੇ ਪੰਗਤ ਦਾ ਖਾਸ ਮਹੱਤਵ ਹੈ।

ਇਸ ਵਿਚ ਕੋਈ ਦੂਸਰੀ ਰਾਇ ਨਹੀਂ ਕਿ ਅਗਰ ਮਿੱਥ ਕੇ ਅਤੇ ਵਿਧੀ ਪੂਰਵਕ ਦਲਿਤ ਸੰਗਠਨ ਦੇ ਮਾਧਿਅਮ ਰਾਹੀਂ ਦਲਿਤ ਅੰਦੋਲਨ ਦੀ ਗੱਲ ਹੋਈ ਹੈ ਤਾਂ ਉਸ ਦਾ ਸਿਹਰਾ ਉੱਤਰੀ ਭਾਰਤ ਵਿਚ ਮਹਾਨ ਸੰਗਰਾਮੀਏ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਪ੍ਰੰਤੂ ਸਮੂਹ ਭਾਰਤ ਵਰਸ਼ ਪੱਧਰ ਦਾ ਸਿਹਰਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਹੀ ਜਾਂਦਾ ਹੈ। ਉਹਨਾਂ ਨੇ ਆਪਣੇ ਅਧਿਐਨ ਕਾਲ ਤੋਂ ਲੈ ਕੇ ਜੀਵਨ ਕਾਲ ਪੂਰਾ ਹੋਣ ਤੱਕ ਆਪਣੇ ਅਣਥੱਕ ਯਤਨਾਂ ਸਦਕਾ ਦਲਿਤ ਸਾਹਿਤ, ਆਲੋਚਨਾ, ਸੰਗਠਨ ਅਤੇ ਮਹਾਨ ਦਰਸ਼ਨ ਨੂੰ ਤਿਆਰ ਕਰਦੇ ਹੋਏ ਸਮੂਹ ਦਲਿਤ ਲੋਕਾਈ ਨੂੰ ਬੁੱਧਮ, ਧਮਮ ਅਤੇ ਸੰਗਮ ਦਾ ਪਾਠ ਪੜ੍ਹਾਇਆ। ਉਹਨਾਂ ਨੇ ਦਲਿਤ ਮੁਕਤੀ ਦੇ ਵਾਸਤੇ ਧਰਮ ਪਰਿਵਰਤਨ ਦੀ ਸੋਝੀ ਦੱਸੀ ਅਤੇ ਉਸ ਦੇ ਨਾਲ ਹੀ ਰਾਜਨੀਤਿਕ ਸ਼ਕਤੀ ਨੂੰ ਲੋਕਤੰਤਰਿਕ ਤਰੀਕੇ ਨਾਲ ਪ੍ਰਾਪਤ ਕਰਨ ਦਾ ਪਾਠ ਪੜ੍ਹਾਇਆ।

ਬਾਬਾ ਸਾਹਿਬ ਡਾ. ਅੰਬੇਦਕਰ ਵਿਸ਼ਵ ਭਰ ਵਿਚ ਜੇਕਰ ਯੁੱਗ ਪੁਰਸ਼ ਜਾਣ ਲੱਗੇ ਤਾਂ ਉਸ ਦਾ ਕਾਰਨ ਉਹਨਾਂ ਵੱਲੋਂ ਦਲਿਤ ਮੁਕਤੀ ਦੇ ਵਿਕਾਸ ਵਾਸਤੇ ਸੰਵਿਧਾਨਕ ਕਾਨੂੰਨੀ ਤੌਰ ਤਰੀਕੇ ਅਤੇ ਪਾਰਲੀਮੈਂਟਰੀ ਲੋਕਤੰਤਰਿਕ ਪ੍ਰਣਾਲੀ ਦੇ ਰਸਤੇ ਨੂੰ ਅਪਣਾਉਣਾ ਹੈ। ਡਾ. ਅੰਬੇਦਕਰ ਭਾਰਤੀ ਲੋਕਤੰਤਰ ਦੇ ਇਨ੍ਹਾਂ ਵਿਚਾਰਾਂ ਸਦਕਾ ਸਿਪਾਹਸਲਾਰ ਬਣਦੇ ਹਨ, ਜਿਸ ਦਾ ਜ਼ਿਕਰ ਯੂਨਾਈਟਿਡ ਸਟੇਟ ਆਫ਼ ਅਮਰੀਕਾ ਦੇ ਰਾਸ਼ਟਰਪਤੀ ਰਹੇ ਸ੍ਰੀ ਬਰਾਕ ਓਬਾਮਾ ਨੇ ਆਪਣੇ ਭਾਰਤ ਦੌਰੇ ਦੌਰਾਨ ਵੀ ਜ਼ਿਕਰ ਕੀਤਾ ਸੀ। ਇੱਥੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਬਾਬਾ ਸਾਹਿਬ ਅੰਬੇਦਕਰ ਦਾ ਲੋਕਤੰਤਰ ਪ੍ਰਤੀ ਮੋਹ ਅਤੇ ਅਟੱਲ ਵਿਸ਼ਵਾਸ ਉਨ੍ਹਾਂ ਦੇ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਵਿੱਦਿਆ ਹਾਸਲ ਕਰਨ ਦੌਰਾਨ ਲੋਕਤੰਤਰ ਪ੍ਰਣਾਲੀ ਪ੍ਰਤੀ ਅਹਿਸਾਸ ਹੋਇਆ, ਜਿਸ ਦਾ ਸਬਕ ਉਨ੍ਹਾਂ ਨੇ ਭਾਰਤ ਪਹੁੰਚ ਕੇ ਲੋਕਾਈ ਨੂੰ ਪੜ੍ਹਾਇਆ।

ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਪ੍ਰਬੁੱਧ ਭਾਰਤ ਦਾ ਸੁਪਨਾ ਭਾਰਤ ਦੇ ਦਲਿਤ ਲੋਕਾਂ ਲਈ ਪੂਰਾ ਕਰਨਾ ਸੀ ਜੋ ਕਿ ਅਜੋਕੇ ਭਾਰਤ ਵਿਚ ਉਥੋਂ ਦੀ ਲੋਕਤੰਤਰਿਕ ਪ੍ਰਣਾਲੀ ਦਾ ਬਹੁਤ ਮੂਲਵਾਨ ਥੰਮ੍ਹ ਹਨ। ਜੇਕਰ ਕੋਈ ਹੁੰਮ ਹੁੰਮਾ ਕੇ ਲੋਕ ਸਭਾ ਜਾਂ ਵਿਧਾਨ ਸਭਾਵਾਂ ਚੋਣਾਂ ਵਿਚ ਕੋਈ ਧਿਰ ਹਿੱਸਾ ਲੈਂਦੀ ਹੈ ਤਾਂ ਉਹ ਦਲਿਤ ਵਰਗ ਧਿਰ ਹੀ ਹੈ, ਜਿਨ੍ਹਾਂ ਨੇ ਬਾਬਾ ਸਾਹਿਬ ਦਾ "ਪੜ੍ਹੋ, ਸੰਘਰਸ਼ ਕਰੋ ਅਤੇ ਜੁੜੋ" ਦੇ ਮਹਾਨ ਨਾਅਰੇ ਨੂੰ ਸਕਾਰਾਤਮਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਭਾਰਤ ਵਿਚ ਜਾਤ ਪਾਤ ਦੇ ਬੀਜ ਦੇ ਸਰਵਨਾਸ਼ ਲਈ ਡਾ. ਅੰਬੇਦਕਰ ਵੱਲੋਂ ਦਿੱਤਾ ਗਿਆ ਲੋਕਤੰਤਰਿਕ ਅਤੇ ਸ਼ਾਂਤੀਪੂਰਵਕ ਸੰਘਰਸ਼ ਦਾ ਰਸਤਾ ਉਨ੍ਹਾਂ ਨੂੰ 'ਯੁੱਗਪੁਰਸ਼' ਦਾ ਖਿਤਾਬ ਵਾਕਈ ਪ੍ਰਦਾਨ ਕਰਦਾ ਹੈ। ਬਾਬਾ ਸਾਹਿਬ ਨੂੰ ਮੰਨਣ ਵਾਲੇ ਪ੍ਰੇਮ ਭਾਵਨਾ ਨਾਲ ਉਹਨਾਂ ਨੂੰ 'ਲੋਹਪੁਰਸ਼' ਕਹਿ ਕੇ ਵੀ ਪੁਕਾਰਦੇ ਅਤੇ ਸਨਮਾਨਦੇ ਹਨ।

**– ਪ੍ਰੇਮ ਕੁਮਾਰ ਚੁੰਬਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-45

## ਗੁਰਬਾਣੀ ਦੇ ਚਾਨਣ ਵਿੱਚ ਬ੍ਰਹਮ ਗਿਆਨੀ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਬ੍ਰਹਮ-ਕਰਤਾਰ, ਜਗਤ ਸੁਆਮੀ, ਪ੍ਰਭੂ (ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ) ਸਰਬਵਿਆਪਕ, ਠਾਕੁਰ (ਪੂਜਨ ਚਾਲੀ ਬ੍ਰਹਮ ਠਾਇ) ਗਿਆਨੀ-ਜਾਨਣ ਵਾਲਾ, ਗਿਆਤਾ (ਆਪੁ ਬੀਚਾਰੇ ਸੁ ਗਿਆਨੀ ਹੋਇ) ਨਿਰਭਉ ਤੇ ਨਿਰਵੈਰ (ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨ॥) ਉੱਚੀ ਸਮਝ ਵਾਲਾ, ਗਿਆਨਵਾਨ, ਵਿਦਵਾਨ ਅਤੇ ਚੇਤਨ ਪੁਰਸ਼ ਆਦਿਕ। ਬ੍ਰਹਮਗਿਆਨੀ-ਬ੍ਰਹਮ ਗਿਆਤਾ (ਬ੍ਰਹਮਗਿਆਨੀ ਬ੍ਰਹਮ ਕਾ ਬੇਤਾ-੨੭) ਬ੍ਰਹਮ ਤੇ ਗਿਆਨੀ ਦੋ ਸ਼ਬਦਾਂ ਦਾ ਸੁਮੇਲ ਹੈ ਬ੍ਰਹਮਗਿਆਨੀ। ਪ੍ਰਕਰਣ ਅਨੁਸਾਰ ਬ੍ਰਹਮ ਭਾਵ ਕਰਤਾਰ ਅਤੇ ਗਿਆਨੀ ਬ੍ਰਹਮ ਨੂੰ ਜਾਨਣ ਵਾਲਾ। ਯਾਦ ਰਹੇ ਕਿ ਮੋਟੇ ਢਿੱਡ, ਲੰਬੇ ਚੋਲੇ, ਗਲ ਮਾਲਾ, ਤੇੜ ਲੰਗੋਟੀ, ਕੱਛਾ ਜਾਂ ਕਛਹਿਰਾ ਅਤੇ ਅੱਖਾਂ ਮੀਟ ਸਮਾਧੀਆਂ ਲਾਉਣ ਵਾਲੇ ਬ੍ਰਹਮਗਿਆਨੀ ਨਹੀਂ ਹਨ। ਸੁਖਮਨੀ ਦੀ ਇੱਕ ਅਸਟਪਦੀ ਵਿੱਚ ਬ੍ਰਹਮ ਗਿਆਨੀ ਬਾਰੇ ਵਿਸਥਾਰ ਹੈ-

ਸਲੋਕੁ॥ ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥੧॥(੨੭੨) ਹੇ ਨਾਨਕ! ਜਿਸ ਮਨੁੱਖ ਦੇ ਮਨ ਵਿੱਚ ਸਦਾ-ਥਿਰ ਰਹਿਣ ਵਾਲਾ ਪ੍ਰਭੂ ਵੱਸਦਾ, ਜੋ ਮੂੰਹੋਂ ਭੀ ਉਸੇ ਪ੍ਰਭੂ ਨੂੰ ਜਪਦਾ ਅਤੇ ਇਕ ਅਕਾਲ ਪੁਰਖ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਵੇਖਦਾ, ਉਹ ਇਨ੍ਹਾਂ ਗੁਣਾਂ ਦੇ ਕਾਰਣ ਬ੍ਰਹਮਗਿਆਨੀ ਹੋ ਜਾਂਦਾ ਹੈ।

ਅਸਟਪਦੀ॥ ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥ ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤਿਲ ਪਵਾਨ॥ ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥ ਬ੍ਰਹਮ ਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥੧॥

ਬ੍ਰਹਮਗਿਆਨੀ ਮਨੁੱਖ ਵਿਕਾਰਾਂ ਵਲੋਂ ਸਦਾ-ਬੇਦਾਗ਼ ਰਹਿੰਦਾ ਜਿਵੇਂ ਪਾਣੀ ਵਿੱਚ ਉੱਗੇ ਹੋਏ ਕਉਲ ਫੁੱਲ ਚਿੱਕੜ ਤੋਂ ਨਿਰਲੇਪ ਹੁੰਦੇ ਹਨ। ਜਿਵੇਂ ਸੂਰਜ ਸਾਰੇ ਰਸਾਂ ਨੂੰ ਸੁਕਾ ਦੇਂਦਾ ਤਿਵੇਂ ਬ੍ਰਹਮਗਿਆਨੀ ਮਨੁੱਖ ਸਾਰੇ ਪਾਪਾਂ ਨੂੰ ਸਾੜ ਦੇਂਦਾ ਤੇ ਪਾਪਾਂ ਤੋਂ ਬਚਿਆ ਰਹਿੰਦਾ ਹੈ। ਜਿਵੇਂ ਹਵਾ ਰਾਜੇ ਤੇ ਕੰਗਾਲ ਨੂੰ ਇਕੋ ਜਿਹੀ ਲੱਗਦੀ, ਤਿਵੇਂ ਬ੍ਰਹਮਗਿਆਨੀ ਦੇ ਅੰਦਰ ਸਭ ਵਲ ਇਕੋ ਜਿਹਾ ਤੱਕਣ ਦਾ ਸੁਭਾਉ ਹੁੰਦਾ ਹੈ। ਕੋਈ ਭਲਾ ਕਹੇ ਜਾਂ ਬੁਰਾ ਪਰ ਬ੍ਰਹਮਗਿਆਨੀ ਦੇ ਅੰਦਰ ਇਕ-ਤਾਰ ਹੌਸਲਾ ਕਾਇਮ ਰਹਿੰਦੈ ਜਿਵੇਂ ਧਰਤੀ ਨੂੰ ਕੋਈ ਖੋਤੇ, ਕੋਈ ਚੰਦਨ ਲੇਪ ਕਰੇ, ਉਸ ਨੂੰ ਪ੍ਰਵਾਹ ਨਹੀਂ। ਹੇ ਨਾਨਕ! ਜਿਵੇਂ ਅੱਗ ਦਾ ਕੁਦਰਤੀ ਸੁਭਾਉ ਹਰੇਕ ਚੀਜ਼ ਦੀ ਮੈਲ ਸਾੜ ਦੇਣੀ ਤਿਵੇਂ ਬ੍ਰਹਮਗਿਆਨੀ ਦਾ ਭੀ ਇਹੀ ਗੁਣ ਹੈ।

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥ ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥ ਜੈਸੇ ਧਰ ਊਪਰਿ ਆਕਾਸੁ॥ ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥ ਬ੍ਰਹਮ ਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥ ਬ੍ਰਹਮ ਗਿਆਨੀ ਸੇ ਜਨ ਭਏ॥ ਨਾਨਕ ਜਿਨ ਪ੍ਰਭੁ ਆਪਿ ਕਰੇਇ॥੨॥

ਜਿਵੇਂ ਪਾਣੀ ਨੂੰ ਕਦੇ ਮੈਲ ਨਹੀਂ ਰਹਿ ਸਕਦੀ ਬੁਖ਼ਾਰਾਤ ਆਦਿਕ ਬਣ ਕੇ ਮੁੜ ਸਾਫ਼ ਦਾ ਸਾਫ਼, ਤਿਵੇਂ ਹੀ ਬ੍ਰਹਮਗਿਆਨੀ ਮਨੁੱਖ ਵਿਕਾਰਾਂ ਦੀ ਮੈਲ ਤੋਂ ਸਦਾ ਬਚਿਆ ਮਹਾਂ ਨਿਰਮਲ ਹੁੰਦਾ ਹੈ। ਜਿਵੇਂ ਧਰਤੀ ਉੱਤੇ ਆਕਾਸ਼ ਸਭ ਥਾਂ ਵਿਆਪਕ ਹੈ, ਤਿਵੇਂ ਬ੍ਰਹਮਗਿਆਨੀ ਦੇ ਮਨ ਵਿੱਚ ਇਹ ਚਾਨਣ ਹੋ ਜਾਂਦੈ ਕਿ ਪ੍ਰਭੂ ਹਰ ਥਾਂ ਮੌਜੂਦ ਹੈ। ਬ੍ਰਹਮਗਿਆਨੀ ਸੱਜਣ ਤੇ ਵੈਰੀ ਨੂੰ ਇੱਕ ਸਮਾਨ ਸਮਝਦਾ ਅਤੇ ਉਸ ਦੇ ਅੰਦਰ ਹੰਕਾਰ ਨਹੀਂ ਹੁੰਦਾ। ਬ੍ਰਹਮਗਿਆਨੀ ਆਤਮਕ ਅਵਸਥਾ ਵਿੱਚ ਸਭ ਤੋਂ ਉੱਚਾ ਪਰ ਮਨ ਵਿੱਚ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਦਾ ਹੈ। ਹੇ ਨਾਨਕ! ਉਹੀ ਮਨੁੱਖ ਬ੍ਰਹਮਗਿਆਨੀ ਨੇ ਜਿਨ੍ਹਾਂ ਨੂੰ ਪ੍ਰਭੂ ਆਪ ਬਣਾਉਂਦਾ ਹੈ।

ਬ੍ਰਹਮ ਗਿਆਨੀ ਸਗਲ ਕੀ ਰੀਨਾ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ॥ ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥ ਬ੍ਰਹਮ ਗਿਆਨੀ ਸਦਾ ਸਮਦਰਸੀ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥ ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥ ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥੩॥

ਬ੍ਰਹਮਗਿਆਨੀ ਸਭ ਦੀ ਚਰਨ ਧੂੜ ਹੁੰਦਾ ਤੇ ਉਹ ਆਤਮਕ ਆਨੰਦ ਨੂੰ ਪਛਾਣਦਾ ਹੈ। ਉਹ ਸਭ ਨਾਲ ਖਿੜੇ-ਮੱਥੇ ਰਹਿੰਦਾ ਅਤੇ ਕੋਈ ਮੰਦਾ ਕੰਮ ਨਹੀਂ ਕਰਦਾ।ਉਹ ਸਮਦਰਸ਼ੀ ਹੁੰਦਾ ਅਤੇ ਉਸ ਦੀ ਅੰਮ੍ਰਿਤਮਈ ਨਜ਼ਰ ਸਭ ਤੇ ਸਮਾਨ ਵਰਖਦੀ ਹੈ। ਬ੍ਰਹਮਗਿਆਨੀ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਅਤੇ ਉਸ ਦੀ ਜੀਵਨ-ਜੁਗਤੀ ਵਿਕਾਰਾਂ ਤੋਂ ਰਹਿਤ ਹੁੰਦੀ ਹੈ। ਹੇ ਨਾਨਕ! ਰੱਬੀ ਗਿਆਨ ਉਸ ਦੀ ਆਤਮ ਖ਼ੁਰਾਕ ਤੇ ਉਸ ਦੀ ਸੁਰਤਿ ਅਕਾਲ ਪੁਰਖ ਨਾਲ ਜੁੜੀ ਰਹਿੰਦੀ ਹੈ।

ਬ੍ਰਹਮ ਗਿਆਨੀ ਏਕ ਊਪਰਿ ਆਸ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥ ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ ਬ੍ਰਹਮ ਗਿਆਨੀ ਕੈ ਨਾਹੀ ਧੰਧਾ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ॥ ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥ ਬ੍ਰਹਮ ਗਿਆਨੀ ਸੁਫਲ ਫਲਾ॥ ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ॥੪॥(੨੭੩)

ਬ੍ਰਹਮਗਿਆਨੀ ਇੱਕ ਅਕਾਲ ਪੁਰਖ ਉੱਤੇ ਆਸ ਰੱਖਦਾ ਅਤੇ ਉਸ ਦੀ ਉੱਚੀ ਆਤਮ-ਅਵਸਥਾ ਨਾਸ ਨਹੀਂ ਹੁੰਦੀ। ਉਸ ਦੇ ਹਿਰਦੇ ਵਿੱਚ ਗਰੀਬੀ ਟਿਕਦੀ ਅਤੇ ਉਸ ਨੂੰ ਦੂਜਿਆਂ ਦੀ ਭਲਾਈ ਕਰਨ ਦਾ ਸਦਾ ਚਾਉ ਚੜ੍ਹਿਆ ਰਹਿੰਦਾ ਹੈ। ਉਸ ਦੇ ਮਨ ਵਿੱਚ ਮਾਇਆ ਦਾ ਜੰਜਾਲ ਨਹੀਂ ਵਿਆਪਦਾ ਕਿਉਂਕਿ ਉਹ ਭਟਕਦੇ ਮਨ ਨੂੰ ਮਾਇਆ ਵਲੋਂ ਰੋਕ ਸਕਦਾ ਹੈ। ਪ੍ਰਭੂ ਦਾ ਭਾਣਾ ਮਨ ਵਿੱਚ ਭਲਾ ਲੱਗਦਾ ਅਤੇ ਉਸ ਦਾ ਮਨੁੱਖਾ ਜਨਮ ਚੰਗੀ ਤਰ੍ਹਾਂ ਕਾਮਯਾਬ ਹੁੰਦਾ ਹੈ। ਬ੍ਰਹਮਗਿਆਨੀ ਦੀ ਸੰਗਤਿ ਵਿੱਚ ਸਭ ਦਾ ਬੇੜਾ ਪਾਰ ਹੁੰਦੈ ਕਿਉਂਕਿ ਉਸ ਦੀ ਰਾਹੀਂ ਸਾਰਾ ਜਗਤ ਹੀ ਪ੍ਰਭੂ ਦਾ ਨਾਮ ਜਪਣ ਲੱਗ ਪੈਂਦਾ ਹੈ।

ਬ੍ਰਹਮ ਗਿਆਨੀ ਕੈ ਏਕੈ ਰੰਗ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥ ਬ੍ਰਹਮ ਗਿਆਨੀ ਕੈ ਨਾਮੁ ਆਧਾਰੁ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥ ਬ੍ਰਹਮ ਗਿਆਨੀ ਸਦਾ ਸਦ ਜਾਗਤ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ॥ ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥ ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥੫॥

ਬ੍ਰਹਮਗਿਆਨੀ ਸਦਾ ਇੱਕ ਦੇ ਰੰਗ ਵਿੱਚ ਰੰਗਿਆ ਹੁੰਦਾ ਅਤੇ ਪ੍ਰਭੂ ਉਸ ਦੇ ਅੰਗ-ਸੰਗ ਬਸਦਾ ਹੈ। ਉਸ ਦੇ ਮਨ ਵਿੱਚ ਪ੍ਰਭੂ ਦਾ ਨਾਮ ਹੀ ਟੇਕ ਅਤੇ ਨਾਮ ਹੀ ਉਸ ਦਾ ਪ੍ਰਵਾਰ ਹੁੰਦਾ ਹੈ। ਉਹ ਸਦਾ ਵਿਕਾਰਾਂ ਦੇ ਹਮਲੇ ਵਲੋਂ ਸੁਚੇਤ ਰਹਿੰਦਾ ਅਤੇ 'ਮੈਂ ਮੈਂ' ਕਰਨ ਵਾਲੀ ਮੱਤ ਛੱਡ ਦੇਂਦਾ ਹੈ। ਉਸ ਦੇ ਮਨ ਵਿੱਚ ਉੱਚੇ ਸੁਖ ਦਾ ਮਾਲਕ ਅਕਾਲ ਪੁਰਖ ਵੱਸਦੈ ਤੇ ਉਸ ਦੇ ਹਿਰਦੇ ਘਰ ਵਿੱਚ ਸਦਾ ਖਿੜਾਓ ਹੁੰਦਾ ਹੈ। ਹੇ ਨਾਨਕ! ਉਹ ਮਨੁੱਖ ਸੁਖ-ਸ਼ਾਂਤੀ ਵਿੱਚ ਟਿਕਿਆ ਰਹਿੰਦਾ ਤੇ ਉਸ ਦੀ ਇਹ ਉੱਚੀ ਆਤਮਕ ਅਵਸਥਾ ਕਦੇ ਨਾਸ ਨਹੀਂ ਹੁੰਦੀ।

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ॥ ਬ੍ਰਹਮ ਗਿਆਨੀ ਕੈ ਹੋਇ ਅਚਿੰਤ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ॥ ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ॥ ਬ੍ਰਹਮ ਗਿਆਨੀ ਕਾ ਬਡ ਪਰਤਾਪ॥ ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ॥ ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ॥ ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥੬॥

ਬ੍ਰਹਮਗਿਆਨੀ ਮਨੁੱਖ ਅਕਾਲ ਪੁਰਖ ਦਾ ਭੇਤੀ ਬਣ ਜਾਂਦਾ ਅਤੇ ਉਹ ਇੱਕ ਪ੍ਰਭੂ ਨਾਲ ਹੀ ਪਿਆਰ ਕਰਦਾ ਹੈ। ਮਨ ਵਿੱਚ ਸਦਾ ਬੇਫ਼ਿਕਰੀ ਰਹਿੰਦੀ ਅਤੇ ਉਸ ਦਾ ਉਪਦੇਸ਼ ਹੋਰਨਾਂ ਨੂੰ ਪਵਿਤ੍ਰ ਕਰਨ ਵਾਲਾ ਹੁੰਦਾ ਹੈ। ਉਸ ਦਾ ਬੜਾ ਨਾਮਣਾ ਹੋ ਜਾਂਦੈ ਪਰ ਉਹੀ ਮਨੁੱਖ ਬ੍ਰਹਮਗਿਆਨੀ ਬਣਦੈ ਜਿਸ ਨੂੰ ਪ੍ਰਭੂ ਆਪ ਬਣਾਉਂਦਾ ਹੈ। ਬ੍ਰਹਮਗਿਆਨੀ ਦਾ ਦੀਦਾਰ ਵੱਡੇ ਭਾਗਾਂ ਨਾਲ ਪਾਈਦੈ ਐਸੇ ਮਨੁੱਖ ਤੋਂ ਸਦਾ ਸਦਕੇ ਜਾਈਏ। ਹੇ ਨਾਨਕ! ਮੰਨੇ ਗਏ ਸ਼ਿਵ ਆਦਿਕ ਦੇਵਤੇ ਭੀ ਉਸ ਨੂੰ ਭਾਲਦੇ ਫਿਰਦੇ ਤੇ ਅਕਾਲ ਪੁਰਖ ਆਪ ਉਸ ਦਾ ਰੂਪ ਹੁੰਦਾ ਹੈ।

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ॥ ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ॥ ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ॥ ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥ ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ॥੭॥

ਬ੍ਰਹਮਗਿਆਨੀ ਦੇ ਗੁਣਾਂ ਦਾ ਮੁੱਲ ਨਹੀਂ ਪੈ ਸਕਦਾ, ਸਾਰੇ ਹੀ ਗੁਣ ਉਸ ਅੰਦਰ ਹੁੰਦੇ ਹਨ। ਬ੍ਰਹਮਗਿਆਨੀ ਦੀ ਉੱਚੀ ਜ਼ਿੰਦਗੀ ਦਾ ਭੇਦ ਕੌਣ ਜਾਣ ਸਕਦਾ ਹੈ? ਉਸ ਨੂੰ ਤਾਂ ਹਮੇਸ਼ਾਂ ਆਦੇਸ ਹੀ ਕਰਨਾ ਬਣਦਾ ਹੈ। ਬ੍ਰਹਮਗਿਆਨੀ ਦੇ ਗੁਣਾਂ ਦਾ ਅੱਧਾ ਅੱਖਰ ਵੀ ਕਥਨ ਨਹੀਂ ਕੀਤਾ ਜਾ ਸਕਦਾ, ਉਹ ਸਰਬ ਦਾ ਮਾਲਕ ਹੁੰਦਾ ਹੈ। ਉਸ ਦੀ ਅਵਸਥਾ ਦਾ ਵਖਿਆਨ ਕੌਣ ਕਰ ਸਕਦਾ? ਇਸ ਬਾਰੇ ਉਹ ਆਪ ਹੀ ਜਾਣਦਾ ਹੈ। ਹੇ ਨਾਨਕ! ਉਸ ਦਾ ਕੋਈ ਅੰਤ ਨਹੀਂ ਪਾ ਸਕਦਾ, ਐਸੇ ਬ੍ਰਹਮਗਿਆਨੀ ਨੂੰ ਸਦਾ ਨਮਸਕਾਰ ਹੈ।

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ ਬ੍ਰਹਮ ਗਿਆਨੀ ਮੁਕਤ ਜੁਗਤਿ ਜੀਅ ਕਾ ਦਾਤਾ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥ ਬ੍ਰਹਮ ਗਿਆਨੀ ਅਨਾਥ ਕਾ ਨਾਥੁ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥ ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਰਿੰਕਾਰੁ॥ ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥੮॥੮॥(੨੭੩-੨੭੪)

ਬ੍ਰਹਮਗਿਆਨੀ ਸਾਰੇ ਜਗਤ ਦਾ ਰਚੇਤਾ ਅਤੇ ਕਦੇ ਜਨਮ ਮਰਨ ਦੇ ਗੇੜ ਵਿੱਚ ਨਹੀਂ ਆਉਂਦਾ। ਉਹ ਮੁਕਤੀ ਦਾ ਰਾਹ ਦੱਸਣ ਵਾਲਾ, ਉੱਚੀ ਆਤਮਕ ਜ਼ਿੰਦਗੀ ਦਾ ਦੇਣ ਵਾਲਾ ਤੇ ਉਹੀ ਪੂਰਨ ਪੁਰਖ ਕਾਦਰ ਹੈ। ਨਿਖ਼ਸਮਿਆਂ ਦਾ ਖ਼ਸਮ, ਸਭ ਦੀ ਸਹਾਇਤਾ ਕਰਦਾ, ਸਾਰਾ ਦਿੱਸਦਾ ਜਗਤ ਉਸ ਦਾ ਆਪਣਾ, ਉਹ ਤਾਂ ਪ੍ਰਤੱਖ ਆਪ ਹੀ ਰੱਬ ਹੈ। ਹੇ ਨਾਨਕ! ਬ੍ਰਹਮਗਿਆਨੀ ਸਭ ਜੀਵਾਂ ਦਾ ਮਾਲਕ ਅਤੇ ਉਸ ਦੀ ਮਹਿਮਾ ਕੋਈ ਬ੍ਰਹਮ ਗਿਆਨੀ ਹੀ ਕਰ ਸਕਦਾ ਹੈ।

ਉਪ੍ਰੋਕਤ ਗੁਣ ਕੇਵਲ ਕਰਤਾਰ ਵਿੱਚ ਹੀ ਹੋ ਸਕਦੇ ਹਨ। ਉਹ ਕਦੇ ਜੰਮਦਾ-ਮਰਦਾ ਨਹੀਂ ਜਦ ਕਿ ਜੀਵ ਜੰਮਦੇ ਮਰਦੇ ਰਹਿੰਦੇ ਹਨ। ਸਾਰੀ ਸ੍ਰਿਸਟੀ ਦਾ ਕਰਤਾ ਪ੍ਰਮੇਸ਼ਰ ਆਪ ਹੀ ਹੋ ਸਕਦਾ ਹੈ, ਕੋਈ ਮਾਂ ਬਾਪ ਤੋਂ ਜੰਮਿਆ ਤੇ ਸੰਸਾਰ ਤੋਂ ਸਰੀਰ ਕਰਕੇ ਮਰ ਗਿਆ ਵਿਅਕਤੀ ਕਦੇ ਐਸਾ ਨਹੀਂ ਹੋ ਸਕਦਾ। ਇਸ ਲਈ ਕਿਸੇ ਇੱਕ ਡੇਰੇਦਾਰ ਜਾਂ ਸੰਪ੍ਰਦਾਈ ਟਕਸਾਲੀ ਲੰਬੇ ਚੋਲੇ, ਗੋਲ ਪੱਗ, ਹੱਥ ਤੀਰ ਜਾਂ ਮਾਲਾ ਰੱਖਣ ਅਤੇ ਅੱਖਾਂਮੀਟ ਸਮਾਧੀ ਲਾਉਣ ਵਾਲੇ ਨੂੰ ਬ੍ਰਹਮਗਿਆਨੀ ਨਹੀਂ ਕਿਹਾ ਜਾ ਸਕਦਾ, ਉਂਝ ਸਮੁੱਚੇ ਰੂਪ ਵਿੱਚ ਉਹ ਸਾਰੇ ਵਿਅਕਤੀ ਬ੍ਰਹਮ ਗਿਆਨੀ ਨੇ ਜੋ ਬ੍ਰਹਮ ਦਾ ਗਿਆਨ ਰੱਖਦੇ ਹਨ। ਸੋ ਸਾਨੂੰ ਜਣੇ ਖਣੇ ਸਾਧ ਨੂੰ ਬ੍ਰਹਮ ਗਿਆਨੀ ਨਹੀਂ ਕਹਿਣਾ ਚਾਹੀਦਾ ਬਗਲੇ ਤੇ ਹੰਸ ਦਾ ਫਰਕ ਜਰੂਰ ਦੇਖੋ!

# ਵਿਦਿਆ ਦੇ ਦੀਵੇ ਅਤੇ ਗਿਆਨ ਦੇ ਗੋਲੇ ਅਸਲ ਦੀਵਾਲੀ

**ਅਵਤਾਰ ਸਿੰਘ ਮਿਸ਼ਨਰੀ**

ਦੀਪ ਸੰਸਕ੍ਰਿਤ, ਦੀਪਕ ਹਿੰਦੀ, ਦੀਵਾ, ਦਿਵਾਲੀ ਪੰਜਾਬੀ ਅਤੇ ਲਛਮੀ ਤੇ ਪੂਜਾ ਸੰਸਕ੍ਰਿਤ ਦੇ ਸ਼ਬਦ ਹਨ। ਹਿੰਦੀ ਵਿੱਚ ਦੀਪਾਵਲੀ ਅਤੇ ਪੰਜਾਬੀ ਵਿੱਚ ਦੀਵਾਲੀ ਕਿਹਾ ਜਾਂਦਾ ਹੈ। ਲਛਮੀ ਧੰਨ ਦੌਲਤ ਅਤੇ ਪੂਜਾ ਪੂਜਨ ਨੂੰ ਕਹਿੰਦੇ ਹਨ। ਦੀਵੇ ਓਦੋਂ ਤੋਂ ਹੀ ਜਗਾਏ ਜਾ ਰਹੇ ਹਨ ਜਦੋਂ ਤੋਂ ਤੇਲ ਜਾਂ ਘਿਉ ਹੋਂਦ ਵਿੱਚ ਆਏ ਨੇ ਕਿਉਂਕਿ-ਬਿਨ ਤੇਲ ਦੀਵਾ ਕਿਉਂ ਜਲੇ (੨੫) ਚਾਰ ਥਾਈਂ ਬੱਤੀਆਂ ਵਾਲੇ ਦੀਵੇ ਨੂੰ ਚਰਾਗ ਕਿਹਾ ਜਾਂਦਾ ਹੈ। ਗੁਰਬਾਣੀ ਵਿੱਚ ਵੀ ਚਰਾਗ ਦਾ ਜਿਕਰ ਹੈ-ਬਲਿਓ ਚਰਾਗੁ ਅੰਧਿਆਰ ਮਹਿ (੧੩੯੭) ਚਰਾਗ ਰੋਸ਼ਨੀ ਅਤੇ ਅੰਧਿਆਰ ਹਨੇਰੇ ਦਾ ਪ੍ਰਤੀਕ ਹੈ। ਅੰਧਕਾਰ ਅਤੇ ਚਰਾਗ ਦੀਵੇ ਵੀ ਕਈ ਪ੍ਰਕਾਰ ਦੇ ਹਨ। ਇੱਕ ਕੁਦਰਤੀ ਹਨੇਰਾ ਜੋ ਸੂਰਜ-ਚੰਦ ਅਤੇ ਰੋਸ਼ਨੀ ਦੀ ਅਣਹੋਂਦ, ਦਿਨ ਤੋਂ ਬਾਅਦ ਰਾਤ ਸਮੇਂ ਹੁੰਦਾ ਹੈ। ਦੂਜੇ ਅੰਧੇਰੇ, ਅਗਿਆਨਤਾ, ਵਹਿਮ-ਭਰਮ, ਕਰਮਕਾਂਡ, ਬੇਅਕਲ, ਹੰਕਾਰ, ਬਲਹੀਨਤਾ, ਮੰਦੇ ਕਰਮ, ਔਰਤ-ਵਿਤਕਰਾ, ਕਲਪਿਤ ਨਰਕ-ਸਵਰਗ, ਅੰਧ-ਵਿਸ਼ਵਾਸ਼, ਮਿਥਿਹਾਸ, ਜਾਤ-ਪਾਤ, ਅਤੇ ਛੂਆ-ਛਾਤ ਆਦਿ ਹਨ। ਦੀਵਾ ਬਲਣਾ ਜਾਂ ਜਗਣਾ ਰੋਸ਼ਨੀ ਦਾ ਪ੍ਰਤੀਕ ਹੈ। ਗੁਰੂ ਨਾਨਕ ਗਿਆਨ ਦਾ ਸੂਰਜ, ਸੱਚ ਦਾ ਚਰਾਗ, ਤਰਕ ਦਾ ਦਿਨ ਅਤੇ ਸ਼ੁਭ ਕਰਮਾਂ ਦਾ ਚਾਨਣ ਸਨ ਤਾਂ ਹੀ ਉਨ੍ਹਾਂ ਨੂੰ "ਬਲਿਓ ਚਰਾਗੁ ਅੰਧਿਆਰ ਮਹਿ" ਕਿਹਾ ਗਿਆ ਹੈ। ਦੀਵਾਲੀ-ਦੀਵਿਆਂ ਵਾਲੀ,

(ਬਾਕੀ ਸਫਾ 20 ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਦੇਸ਼ ਵਿਦੇਸ਼ ਵਸਦੇ ਪੰਜਾਬੀ ਕਾਲਮ ਨਵੀਸ ਪੱਤਰਕਾਰਾਂ ਨੂੰ ਵੀ ਸਨਮਾਨ ਮਿਲੇ

## ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਵੱਲੋਂ ਸਰਕਾਰ ਤੋਂ ਕੀਤੀ ਗਈ ਮੰਗ

**ਫਗਵਾੜਾ–** ਪੰਜਾਬ ਸਰਕਾਰ ਵੱਲੋਂ ਪੰਜਾਬ ਸਾਹਿਤਕਾਰਾਂ, ਲੇਖਕਾਂ ਅਤੇ ਪੱਤਰਕਾਰਾਂ ਨੂੰ 2015, 2016, 2017 ਲਈ ਸਨਮਾਨ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਿਜ) ਪੰਜਾਬ ਦੇ ਪ੍ਰਧਾਨ ਗੁਰਮੀਤ ਪਲਾਹੀ ਅਤੇ ਜਨਰਲ ਸਕੱਤਰ ਗੁਰਚਰਨ ਸਿੰਘ ਨੂਰਪੁਰ ਨੇ ਕਿਹਾ ਕਿ ਪੰਜਾਬੀ ਪੱਤਰਕਾਰਾਂ ਲਈ ਸਰਕਾਰ ਵੱਲੋਂ ਜੋ ਸਨਮਾਨ ਦਿੱਤੇ ਜਾਣ ਹਨ, ਉਸ ਵਿਚ ਕੁਲਵਕਤੀ ਪੰਜਾਬੀ ਕਾਲਮ ਨਵੀਸ ਪੱਤਰਕਾਰਾਂ ਦੇ ਨਾਮ ਵੀ ਵਿਚਾਰੇ ਜਾਣੇ ਚਾਹੀਦੇ ਹਨ ਕਿਉਂਕਿ ਕਾਲਮ ਨਵੀਸ, ਅਖਬਾਰਾਂ ਦਾ ਦਿਮਾਗ ਹੁੰਦੇ ਹਨ।

ਅਖਬਾਰਾਂ 'ਚ ਵਿਚਾਰ ਚਰਚਾ ਦੀ ਜੋ ਲੜੀ ਚਲਦੀ ਹੈ, ਉਸ ਵਿਚ ਕਾਲਮ ਨਵੀਸ ਪੱਤਰਕਾਰਾਂ ਦੀ ਵੱਡੀ ਦੇਣ ਹੁੰਦੀ ਹੈ। ਅਸਲ ਵਿਚ ਕਾਲਮ ਨਵੀਸ ਹੀ ਇਹੋ ਜਿਹੇ ਪੱਤਰਕਾਰ ਹ ਨ, ਜਿਹੜੇ ਦਿਸ ਰਹੀ ਸਚਾਈ ਪਿੱਛੇ ਛੁਪੀ ਹੋਈ ਸਚਾਈ (ਪ੍ਰਤੱਖ ਦੇ ਪਿੱਛੇ ਅਪ੍ਰਤੱਖ) ਨੂੰ ਪੇਸ਼ ਕਰਦੇ ਹਨ। ਦੇਸ਼ ਵਿਦੇਸ਼ ਵਸਦੇ ਪੰਜਾਬੀ ਦੇ ਇਹਨਾਂ ਕੁਲਵਕਤੀ ਕਾਲਮ ਨਵੀਸ ਪੱਤਰਕਾਰਾਂ ਦੀ ਦੇਣ ਅਤੇ ਅਹਿਮੀਅਤ ਨੂੰ ਸਮਝਦਿਆਂ ਇਹਨਾਂ ਕਾਲਮ ਨਵੀਸਾਂ ਨੂੰ ਵੀ, ਪੱਤਰਕਾਰਾਂ ਨੂੰ ਸਨਮਾਨ ਦੇਣ ਵੇਲੇ ਅਣਦੇਖਿਆ ਨਹੀਂ ਕੀਤਾ ਜਾਣਾ ਚਾਹੀਦਾ। ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਨੇ ਇਹ ਮਾਮਲਾ ਭਾਸ਼ਾ ਵਿਭਾਗ ਪਟਿਆਲਾ ਅਤੇ ਭਾਸ਼ਾ ਅਤੇ ਸਿੱਖਿਆ ਮੰਤਰੀ ਪੰਜਾਬ ਦੇ ਧਿਆਨ ਵਿਚ ਲਿਆਂਦਾ ਹੈ ਅਤੇ ਇਹ ਮੰਗ ਵੀ ਕੀਤੀ ਹੈ ਕਿ ਕੁਲਵਕਤੀ ਕਾਲਮ ਨਵੀਸਾਂ ਨੂੰ ਦੂਸਰੇ ਐਡਰੀਡਟਿਡ ਪੱਤਰਕਾਰਾਂ ਵਾਲੀਆਂ ਸਹੂਲਤਾਂ ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

# ਸਮਝਦਾਰ ਕਿਸਾਨ ਪਰਿਵਾਰ ਨੇ 16 ਸਾਲ ਤੋਂ ਨਹੀਂ ਲਾਈ ਪਰਾਲੀ ਨੂੰ ਅੱਗ


ਪੰਜਾਬ ਸਰਕਾਰ, ਗ੍ਰੀਨ ਟ੍ਰਿਬਿਊਨਲ ਅਤੇ ਪ੍ਰਸ਼ਾਸਨ ਨੇ ਤਾਂ ਹੁਣ ਇਸ ਵਾਰ ਕਿਸਾਨਾਂ ਨੂੰ ਪਰਾਲੀ ਨੂੰ ਨਾ ਸਾੜਨ ਬਾਰੇ ਸਖਤੀ ਵਰਤੀ ਹੈ ਤੇ ਜੁਰਮਾਨੇ ਲਾਉਣ ਦੀ ਧਮਕੀ ਦਿੱਤੀ ਹੈ ਪਰ ਫਿਰ ਵੀ ਕਿਸਾਨ ਜਥੇਬੰਦੀਆਂ ਕਿਸਾਨਾਂ ਨੂੰ ਅੱਗ ਲਾਉਣ ਲਈ ਪ੍ਰੇਰਿਤ ਕਰ ਰਹੀਆਂ ਹਨ ਅਤੇ ਕਿਸਾਨ ਪਰਾਲੀ ਨੂੰ ਵੀ ਸਾੜ ਰਹੇ ਹਨ।

ਪਰ ਇਸਦੇ ਉਲਟ ਪਿੰਡ ਘੱਲ ਕਲਾਂ ਦੇ ਇਕ ਅਗਾਂਹਵਧੂ ਅਤੇ ਸਫਲ ਕਿਸਾਨ ਭਾਗ ਸਿੰਘ ਦੇ ਪਰਿਵਾਰ ਦਵਿੰਦਰ ਸਿੰਘ, ਰੇਸ਼ਮ ਸਿੰਘ ਅਤੇ ਜੈਦੀਪ ਨੇ ਪਿਛਲੇ 16 ਸਾਲ ਤੋਂ ਕਦੇ ਪਰਾਲੀ ਨੂੰ ਅੱਗ ਨਹੀਂ ਲਾਈ ਤੇ ਹਰ ਵਾਰ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਦਾ ਝਾੜ ਵਧਦਾ ਹੀ ਹੈ, ਕਦੇ ਘਟਿਆ ਨਹੀਂ। ਪਰਿਵਾਰ ਨੇ ਇਕ ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਹਿਲਾਂ ਅਸੀਂ ਖੇਤਾਂ ਵਿਚ ਪਰਾਲੀ ਖਿਲਾਰੀ ਤੇ ਫਿਰ ਉਸ ਨੂੰ ਦੋ ਵਾਰ ਤਵੀਆਂ ਨਾਲ ਵਾਹਿਆ, ਉਸ ਤੋਂ ਬਾਅਦ ਰੋਟਾ ਵੇਟਰ ਨਾਲ ਪਰਾਲੀ ਤੇ ਰਹਿੰਦ-ਖੂੰਹਦ ਵਿਚੇ ਨੱਪ ਦਿੱਤੀ। ਖਰਚਾ ਕੁਝ ਜ਼ਿਆਦਾ ਹੋਇਆ ਪਰ ਜੋ ਪਰਾਲੀ ਅਤੇ ਰਹਿੰਦ ਖੂੰਹਦ ਨਾਲ ਖਾਦ ਬਣਦੀ ਹੈ, ਉਸ ਨਾਲ ਜਮੀਨ ਦੀ ਉਪਜਾਊ ਸ਼ਕਤੀ ਵੱਧ ਜਾਂਦੀ ਹੈ। ਫਸਲਾਂ ਅਤੇ ਰੇਹਾਂ-ਸਪਰੇਆਂ ਦੀ ਵੱਧ ਵਰਤੋਂ ਨਹੀਂ ਕਰਨੀ ਪੈਂਦੀ। ਜੋ ਇਹ ਬੱਚਤ ਹੁੰਦੀ ਹੈ, ਉਹ ਖੇਤਾਂ ਵਿਚ ਪਰਾਲੀ ਦੱਬਣ ਨਾਲ ਜੋ ਖਰਚਾ ਹੁੰਦਾ ਹੈ, ਇਸ ਨਾਲ ਉਸਦੀ ਭਰਪਾਈ ਹੋ ਜਾਂਦੀ ਹੈ। ਵਾਤਾਵਰਣ ਵੀ ਠੀਕ ਰਹਿੰਦਾ ਹੈ ਤੇ ਦਰਖਦ ਵੀ ਸੜਨ ਤੋਂ ਬਚ ਜਾਂਦੇ ਹਨ। ਉਹਨਾਂ ਕਿਹਾ ਕਿ ਪਰਾਲੀ ਨਾ ਸਾੜਨ ਕਰਕੇ ਮਿੱਤਰ ਜੀਵ ਬਚ ਜਾਂਦੇ ਹਨ। ਇਸ ਤੋਂ ਇਲਾਵਾ ਖੁਰਾਕੀ ਤੱਤਾਂ ਦੀ ਬੱਚਤ ਵੀ ਹੋ ਜਾਂਦੀ ਹੈ। ਸਾਹ, ਐਲਰਜੀ,ਅੱਖਾਂ ਦੇ ਹੋਣ ਵਾਲੇ ਰੋਗ, ਜੋੜਾਂ ਦੇ ਦਰਦਾਂ, ਛਿੱਕਾਂ ਅਤੇ ਹੋਰ ਕਈ ਕਿਸਮ ਦੇ ਰੋਗਾਂ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਕਿਸਾਨਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਨਾ ਲਾਈ ਜਾਵੇ ਤਾਂ ਜੋ ਵਾਤਾਵਰਣ ਦੂਸ਼ਿਤ ਨਾ ਹੋਵੇ, ਹਰ ਪਾਸੇ ਹਰਿਆਲੀ ਹੀ ਦਿੱਸੇ ਤੇ ਜੋ ਕੁਦਰਤ ਦਾ ਸੰਤੁਲਨ ਨਾ ਵਿਗੜੇ।



# ਸਾਹਿਤਕਾਰ ਪ੍ਰਵਾਨਾ ਦੀ ਕਾਵਿ ਪੁਸਤਕ 'ਲੋਕ ਰੰਗ ਸੋਚ' 'ਤੇ ਗੋਸ਼ਟੀ

**ਯੂਨੀਅਨ ਸਿਟੀ–** ਗੇ ਇਮੈਨੂਅਲ ਜੂਨੀਅਰ ਐਲੀਮੈਂਟਰੀ ਸਕੂਲ ਵਿਖੇ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਕਾਵਿ ਪੁਸਤਕ ਤੇ ਗੋਸ਼ਟੀ ਬੜੇ ਹੀ ਉਸਾਰੂ ਅਤੇ ਪ੍ਰਭਾਵਸ਼ਾਲੀ ਮਾਹੌਲ ਵਿਚ ਆਈ, ਜਿਸ ਦਾ ਅਗਾਜ਼ ਜਸਦੀਪ ਸਿੰਘ ਫਰੀਮਾਂਟ ਵੱਲੋਂ ਲੋਕ ਸਾਜ਼ ਅਲਗੋਜ਼ਿਆਂ ਨਾਲ ਕੀਤਾ। ਗਾਇਕ ਮੰਗਜੀਤ ਸਿੰਘ ਮੰਗਾ, ਤਰਸੇਮ ਸਿੰਘ ਔਜਲਾ, ਅਮਰਜੀਤ ਸਿੰਘ ਜੌਹਲ, ਦਰਸ਼ਨ ਸਿੰਘ ਔਜਲਾ, ਮਹਿੰਦਰ ਸਿੰਘ ਰਾਜਪੂਤ ਨੇ ਸਪਿਆਚਾਰਕ ਗੀਤ ਪੇਸ਼ ਕੀਤੇ। ਇਸ ਗੋਸ਼ਟੀ ਵਿਚ ਡਾ. ਗੁਰਮੀਤ ਸਿੰਘ ਬਰਸਾਲਾ, ਡਾ. ਗੁਰਦਰਪਾਲ ਸਿੰਘ ਦਾ ਪੁਸਤਕ ਤੇ ਲਿਖਿਆ ਪਰਚਾ, ਅਮਰਜੀਤ ਸਿੰਘ ਜੌਹਲ ਨੇ ਪੜ੍ਹਿਆ। ਗੋਸ਼ਟੀ ਲਈ ਸੰਦੇਸ਼ ਭੇਜਣ ਵਾਲਿਆਂ ਵਿਚ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ, ਚਰਨਜੀਤ ਸਿੰਘ ਪੰਨੂ, ਕਮਲ ਬੰਗਾ, ਡਾ. ਆਲਾ ਸਿੰਘ, ਡਾ. ਗੁਰਮੇਲ ਸਿੰਘ ਧਾਲੀਵਾਲ, ਡਾ. ਕੁਲਬੀਰ ਥਿੰਦ, ਮਨਜੀਤ ਕੌਰ ਸੇਖੋਂ, ਹਿੰਮਤ ਸਿੰਘ ਹਿੰਮਤ, ਸਰਬਜੀਤ ਕੌਰ ਚੀਮਾ, ਜੀਤ ਸਿੰਘ ਜੌਹਾਨ, ਰਾਜਵਿੰਦਰ ਕੌਰ ਢਿੱਲੋਂ, ਹਰਪਾਲ ਸਿੰਘ ਰਾਣਾ, ਮੁਹੰਮਦ ਅਸ਼ਰਫ ਗਿੱਲ, ਡਾ. ਗੁਰਵਿੰਦਰ ਸਿੰਘ (ਰਾਜਪੁਰਾ), ਡਾ. ਗੁਰਦਰਪਾਲ ਸਿੰਘ, ਇਕਬਾਲ ਸਿੰਘ ਢਿੱਲੋਂ, ਅਮਰਜੀਤ ਕੌਰ ਪੰਨੂ, ਸਤਪਾਲ ਸਿੰਘ ਮਦਾਰ, ਅਮਰੀਕ ਸਿੰਘ ਪੰਨੂ ਆਦਿ।



# ਗੁਰਦਾਸਪੁਰ 'ਚ ਕਾਂਗਰਸ ਉਮੀਦਵਾਰ ਸੁਨੀਲ ਜਾਖੜ ਨੇ ਸ਼ਾਨ ਨਾਲ ਜਿੱਤ ਹਾਸਲ ਕੀਤੀ

**ਗੁਰਦਾਸਪੁਰ–** ਲੋਕ ਸਭਾ ਹਲਕਾ ਗੁਰਦਾਸਪੁਰ ਦੀ ਜ਼ਿਮਨੀ ਚੋਣ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਨੀਲ ਜਾਖੜ ਨੇ ਸ਼ਾਨ ਨਾਲ ਜਿੱਤ ਲਈ ਹੈ। ਉਨ੍ਹਾਂ ਆਪਣੇ ਮੁੱਖ ਵਿਰੋਧੀ ਅਕਾਲੀ-ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆ ਨੂੰ 1,93219 ਵੋਟਾਂ ਦੇ ਵੱਡੇ ਅੰਤਰ ਨਾਲ ਹਰਾਇਆ। ਜਾਖੜ ਨੂੰ ਕੁੱਲ 4,99,752 ਵੋਟਾਂ ਪਈਆਂ ਜਦੋਂਕਿ ਅਕਾਲੀ-ਭਾਜਪਾ ਦੇ ਸਵਰਨ ਸਲਾਰੀਆ 3,06,533 ਵੋਟਾਂ ਹੀ ਲੈ ਸਕੇ। ਆਮ ਆਦਮੀ ਪਾਰਟੀ ਦੇ ਉਮੀਦਵਾਰ ਮੇਜਰ ਜਨਰਲ (ਸੇਵਾਮੁਕਤ) ਸੁਰੇਸ਼ ਖਜ਼ੂਰੀਆ 23,579 ਵੋਟਾਂ ਲੈ ਕੇ ਤੀਸਰੇ ਨੰਬਰ ਉੱਤੇ ਪਛੜ ਗਏ। ਇਸ ਚੋਣ ਵਿੱਚ ਖਜ਼ੂਰੀਆ ਸਣੇ 9 ਜਣਿਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। 7580 ਵੋਟਰਾਂ ਨੇ ਨੋਟਾ ਦਾ ਬਟਨ ਦਬਾ ਕੇ ਉਮੀਦਵਾਰਾਂ ਪ੍ਰਤੀ ਨਾਪਸੰਦਗੀ ਪ੍ਰਗਟਾਈ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

PERSONAL CAR SERVICES: (Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਬ੍ਰਿਟਿਸ਼ ਐਜੂਕੇਸ਼ਨਲ ਐਂਡ ਕਲਚਰਲ ਐਸੋ: ਆਫ਼ ਸਿੱਖਜ਼ ਦਾ 28 ਵਾਂ ਸਾਲਾਨਾ ਸਮਾਗਮ ਸਮਾਪਤ

## ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਤੇ ਲੇਖਕ ਮਨਦੀਪ ਖੁਰਮੀ ਹਿੰਮਤਪੁਰਾ ਦਾ ਵਿਸ਼ੇਸ਼ ਸਨਮਾਨ

**ਲੰਡਨ–** ਬ੍ਰਿਟਿਸ਼ ਐਜੂਕੇਸ਼ਨਲ ਐਂਡ ਕਲਚਰਲ ਐਸੋ: ਆਫ਼ ਸਿੱਖਜ਼ (ਬੀਕਾਸ) ਬਰੈਡਫੋਰਡ ਵੱਲੋਂ 28ਵਾਂ ਸਾਲਾਨਾ ਸਾਹਿਤਕ ਸਮਾਗਮ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਦੇ ਸ਼ਹੀਦ ਊਧਮ ਸਿੰਘ ਹਾਲ ਵਿੱਚ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਲੇਖਕ ਤੇ ਪੱਤਰਕਾਰ ਮਨਦੀਪ ਖੁਰਮੀ ਨੇ ਕੀਤੀ। ਇਹ ਬੀਕਾਸ ਸੰਸਥਾ ਦੀ ਵਿਸ਼ੇਸ਼ ਪ੍ਰਾਪਤੀ ਆਖੀ ਜਾ ਸਕਦੀ ਹੈ ਕਿ ਇਸ ਸਮਾਗਮ ਦੇ ਪਹਿਲੇ ਦੌਰ ਵਿੱਚ ਇੰਗਲੈਂਡ ਦੇ ਜੰਮਪਲ ਬੱਚਿਆਂ ਦਾ ਕਵੀ ਦਰਬਾਰ ਵੀ ਕਰਵਾਇਆ ਜਾਂਦਾ ਹੈ। ਬੱਚਿਆਂ ਦੇ ਕਵੀ ਦਰਬਾਰ ਵਿੱਚ ਆਪਣੇ ਤੋਤਲੇ ਬੋਲਾਂ ਰਾਹੀਂ ਕੋਮਲ ਕੌਰ, ਦਿਲਰਾਜ ਕੌਰ, ਸਰਵੰਸ ਸਿੰਘ, ਜਸਕੀਰਤ ਸਿੰਘ, ਸਿਮਰਨ ਕੌਰ ਸੇਖੋਂ, ਹਰਲੀਨ ਕੌਰ, ਤਰਨਜੀਤ ਸਿੰਘ, ਹਿੰਮਤ ਖੁਰਮੀ, ਕੀਰਤ ਖੁਰਮੀ, ਸਤਕਿਰਨ ਕੌਰ, ਰਮਨਦੀਪ ਕੌਰ, ਜੈਆ ਪ੍ਰੀਤ ਕੌਰ, ਗੁਰਮਨ ਸਿੰਘ ਤੇ ਪ੍ਰੀਤੀ ਕੌਰ ਨੇ ਸ਼ਮੂਲੀਅਤ ਕਰਕੇ ਦਰਸਾ ਦਿੱਤਾ ਕਿ ਜੇਕਰ ਮਾਪੇ ਸੁਹਿਰਦ ਹੋਣ ਤਾਂ ਪੰਜਾਬੀ ਬੋਲੀ ਦੁਨੀਆ 'ਚ ਕਿਸੇ ਵੀ ਜਗ੍ਹਾ ਜ਼ਿੰਦਾਬਾਦ ਰਹਿ ਸਕਦੀ ਹੈ। ਪ੍ਰਬੰਧਕਾਂ ਵੱਲੋਂ ਹੌਸਲਾ ਅਫ਼ਜਾਈ ਵਜੋਂ ਬੱਚਿਆਂ ਨੂੰ ਸਨਮਾਨ ਵਜੋਂ ਨਕਦ ਰਾਸ਼ੀ ਭੇਂਟ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਲਈ ਜੱਗੀ ਕੁੱਸਾ, ਮਨਦੀਪ ਖੁਰਮੀ, ਸੰਸਥਾ ਦੇ ਪ੍ਰਧਾਨ ਤ੍ਰਿਲੋਚਨ ਸਿੰਘ ਦੁੱਗਲ, ਰਣਵੀਰ ਸਿੰਘ ਰਾਏ ਨੇ ਕੀਤੀ। ਦੂਜੇ ਦੌਰ ਦੀ ਸ਼ੁਰੂਆਤ ਮੰਚ ਸੰਚਾਲਕ ਕਸ਼ਮੀਰ ਸਿੰਘ ਘੁੰਮਣ ਵੱਲੋਂ



ਬਿੰਦਰ ਜਾਨ ਏ ਸਾਹਿਤ ਦੀ ਰਚਨਾ 'ਲਿਖਣ ਲੱਗਿਆ ਸੋਚ ਕੇ ਲਿਖੀਂ' ਰਾਹੀਂ ਕੀਤੀ। ਇਸ ਉਪਰੰਤ ਪ੍ਰਸਿੱਧ ਕਵੀ ਮਨਜੀਤ ਸਿੰਘ ਕਮਲਾ, ਗੁਰਸ਼ਰਨ ਸਿੰਘ ਜ਼ੀਰਾ, ਦੀਪਕ ਪਾਰਸ, ਮਨਜੀਤ ਸਿੰਘ ਚੀਮਾ, ਤਾਰਾ ਸਿੰਘ ਤਾਰਾ ਆਧੀਵਾਲਾ, ਤਰਲੋਚਨ ਸਿੰਘ ਚੰਨ ਜੰਡਿਆਲਵੀ, ਮਹਿੰਦਰ ਸਿੰਘ ਦਿਲਬਰ, ਰਾਜਵਿੰਦਰ ਸਿੰਘ, ਜੱਗੀ ਡੌਨਕਾਸਟਰ ਆਦਿ ਵੱਲੋਂ ਆਪਣੇ ਕਲਾਮਾਂ ਰਾਹੀਂ ਹਾਜਰੀਨ ਨੂੰ ਕੀਲੀ ਰੱਖਿਆ। ਨਰਿੰਦਰ ਸਿੰਘ ਧਾਮੀ ਤੇ ਮੁਕੇਸ਼ ਜੀ ਵੱਲੋਂ ਚੁਟਕਲਿਆਂ ਰਾਹੀਂ ਢਿੱਡੀਂ ਪੀੜਾਂ ਪੁਆਈਆਂ।

ਜਿੱਥੇ ਇਸ ਸਮੇਂ ਜੀ ਸੀ ਐੱਸ ਈ ਦੇ ਇਮਤਿਹਾਨ ਵਿੱਚੋਂ ਅੱਵਲ ਆਉਣ ਵਾਲੀਆਂ ਬੱਚੀਆਂ ਅਮਰਪ੍ਰੀਤ ਕੌਰ ਤੇ ਸਿਮਰਨ ਕੌਰ ਦਾ ਸਨਮਾਨ ਕੀਤਾ ਉੱਥੇ ਨਾਵਲਕਾਰ ਜੱਗੀ ਕੁੱਸਾ ਤੇ ਲੇਖਕ ਮਨਦੀਪ ਖੁਰਮੀ ਨੂੰ ਆਪੋ ਆਪਣੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਬਦਲੇ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ।

ਲੇਖਕ ਬਲਵਿੰਦਰ ਸਿੰਘ ਚਾਹਲ ਦੀ ਪੁਸਤਕ "ਇਟਲੀ ਦੇ ਸਿੱਖ ਫੌਜ਼ੀ" ਵੀ ਲੋਕ ਅਰਪਣ ਕੀਤੀ ਗਈ। ਸੰਸਥਾ ਦੇ ਪ੍ਰਧਾਨ ਤ੍ਰਿਲੋਚਨ ਸਿੰਘ ਦੁੱਗਲ ਵੱਲੋਂ ਜਿੱਥੇ ਹਾਜਰੀਨ, ਬੱਚਿਆਂ ਤੇ ਵਡੇਰੇ ਕਵੀਜਨਾਂ ਦਾ ਧੰਨਵਾਦ ਕੀਤਾ ਉੱਥੇ ਸਮਾਗਮ ਦੀ ਸਫ਼ਲਤਾ ਲਈ ਯੂਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ, ਹਰਜਿੰਦਰ ਸਿੰਘ ਸੰਧੂ, ਪੰਜਾਬ ਰੇਡੀਓ ਦੇ ਸੰਚਾਲਕ ਸੁਰਜੀਤ ਸਿੰਘ ਘੁੰਮਣ, ਸੁਭਾਸ਼ ਕੌਸ਼ਲ, ਗੁਰਮੇਲ ਸਿੰਘ (ਆਕਾਸ਼ ਰੇਡੀਓ), ਸਤਵੀਰ ਸਿੰਘ, ਸਾਧੂ ਸਿੰਘ ਛੋਕਰ, ਮਹਿੰਦਰ ਸਿੰਘ ਮਾਨ, ਪਰੇਮ ਸਿੰਘ, ਸੇਵਾ ਸਿੰਘ ਅੱਟਾ ਸਮੇਤ ਸਮੂਹ ਗੁਰਦੁਆਰਾ ਕਮੇਟੀ ਸੇਵਾਦਾਰਾਂ ਦੇ ਸਹਿਯੋਗ ਨੂੰ ਅਹਿਮ ਦੱਸਿਆ।

# ਸੀਨੀਅਰ ਸਕੈਂਡਰੀ ਸਕੂਲ ਨਸਰਾਲਾ ਦੇ ਐਨ.ਐਸ.ਐਸ. ਯੂਨਿਟ ਦਾ ਸਨਮਾਨ

**ਨਸਰਾਲਾ (ਜਲੰਧਰ)–** ਸਹਾਇਕ ਸੇਵਾਵਾਂ ਯੂਥ ਦੇ ਡਾਇਰੈਕਟਰ ਪ੍ਰੋ. ਪ੍ਰੀਤ ਕੋਹਲੀ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ ਅਤੇ ਪ੍ਰਿੰਸੀਪਲ ਸ੍ਰੀ ਕਰੁਣ ਸ਼ਰਮਾ ਪ੍ਰੋਗਰਾਮ ਅਫਸਰ ਡਾ. ਜਸਵੰਤ ਰਾਏ ਦੀ ਅਗਵਾਈ ਵਿਚ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨਸਰਾਲਾ ਦੇ ਬਾਰਵੀਂ ਜਮਾਤ ਦੇ 6 ਵਿਦਿਆਰਥੀਆਂ ਨੇ ਮਨਾਲੀ ਵਿਖੇ ਦਸ ਦਿਨਾਂ ਦਾ ਐਨ.



ਐਸ. ਐਸ. ਕੈਂਪ ਲਗਾਇਆ। ਇਸ ਕੈਂਪ ਦੀਆਂ ਪ੍ਰਾਪਤੀਆਂ ਸਾਂਝੀਆਂ ਕਰਦਿਆਂ ਵਿਦਿਆਰਥੀਆਂ ਨੇ ਦੱਸਿਆ ਕਿ ਅਸੀਂ ਦਸ ਦਿਨ ਟਾਕਿੰਗ, ਭਾਸ਼ਣ, ਖੇਡ ਮੁਕਾਬਲੇ, ਸਮਾਜ ਸੇਵਾ ਦੇ ਕੰਮ ਕਰਦਿਆਂ ਇਸ ਕੁਦਰਤੀ ਵਾਤਾਵਰਣ ਵਿਚ ਆਨੰਦ ਮਾਣਿਆ। ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਹ ਟੂਰ ਵਿਦਿਆਰਥੀਆਂ ਨੂੰ ਆਤਮ ਨਿਰਭਰ ਬਣਾਉਣ ਤੇ ਸਮੁੱਚੇ ਵਿਕਾਸ ਲਈ ਬਹੁਤ ਉਪਯੋਗੀ ਰਿਹਾ। ਇਸ ਮੌਕੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਸਮੇਂ ਸ. ਕੁਲਵਿੰਦਰ ਸਿੰਘ ਵਾਈਸ ਪ੍ਰਿੰਸੀਪਲ, ਲੈਕਚਰਾਰ ਸੁਖਦੇਵ ਸਿੰਘ, ਸੰਜੀਵ ਰਤਨ, ਅਨਿਲ ਕੁਮਾਰ, ਬਲਜੀਤ ਸਿੰਘ, ਮਨਜੀਤ ਕੌਰ, ਗੁਰਦਰਸ਼ਨ ਕੌਰ, ਵਨੀਤਾ ਰਾਣੀ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

**– ਡਾ. ਜਸਵੰਤ ਰਾਏ 98158-25999**

# ਪੰਜਾਬ ਵਿੱਚ ਪੇਂਡੂ ਮਜ਼ਦੂਰਾਂ ਵੱਲੋਂ ਸਰਕਾਰ ਖਿਲਾਫ਼ ਮੁਜ਼ਾਹਰੇ

**ਚੰਡੀਗੜ੍ਹ–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੱਦੇ 'ਤੇ ਪੇਂਡੂ ਮਜ਼ਦੂਰਾਂ ਵੱਲੋਂ ਪੰਜਾਬ ਭਰ 'ਚ ਕਾਂਗਰਸ ਸਰਕਾਰ ਵਿਰੁੱਧ ਜੋਰਦਾਰ ਹੱਲਾ ਬੋਲਿਆ ਗਿਆ। ਮੋਗਾ ਤੋਂ ਬਾਅਦ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ), ਜਗਰਾਉਂ (ਲੁਧਿਆਣਾ), ਜਲੰਧਰ ਅਤੇ ਕਪੂਰਥਲਾ ਅਤੇ ਗੜ੍ਹਸ਼ੰਕਰ ਵਿੱਚ ਡੀ.ਸੀ. ਦਫ਼ਤਰਾਂ ਅੱਗੇ ਮੁਜ਼ਾਹਰੇ ਕੀਤੇ ਗਏ ਅਤੇ ਰਿਹਾਇਸ਼ੀ ਪਲਾਟਾਂ ਦੀਆਂ ਰਜਿਸਟਰੀਆਂ ਜਮ੍ਹਾਂ ਕਰਵਾਈਆਂ ਗਈਆਂ।

ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਸੂਬਾ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਰਹਿੰਦੇ ਬਾਕੀ ਜ਼ਿਲ੍ਹਿਆਂ ਅੰਦਰ ਵੀ ਪੇਂਡੂ ਮਜ਼ਦੂਰਾਂ ਦੀ ਲਾਮਬੰਦੀ ਕਰਕੇ ਧਰਨੇ-ਮੁਜ਼ਾਹਰੇ ਕਰਨ ਦਾ ਹੋਕਾ ਦਿੱਤਾ ਅਤੇ ਮੰਗਾਂ ਦੇ ਹੱਲ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ-ਅਕਾਲੀ ਸਰਕਾਰ ਦੀਆਂ ਅਤੇ ਸੂਬਾ ਕਾਂਗਰਸ ਸਰਕਾਰ ਵੱਲੋਂ ਸਾਮਰਾਜੀ ਨਿਰਦੇਸ਼ਿਤ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਦਾ ਸਿੱਟਾ ਅਮੀਰੀ-ਗਰੀਬੀ ਦਾ ਪਾੜਾ ਬੇਰੋਕ ਵਧ ਰਿਹਾ ਹੈ। ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ, ਮਹਿੰਗਾਈ ਦੇ ਦੈਂਤ ਨੇ ਮਜ਼ਦੂਰ ਵਰਗ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਇੱਕ ਪਾਸੇ ਮੁੱਠੀ ਭਰ ਪੇਂਡੂ ਧਨਾਢ-ਜਗੀਰਦਾਰ ਢੇਰਾਂ ਜ਼ਮੀਨਾਂ ਦੱਬੀ ਬੈਠੇ ਹਨ ਅਤੇ ਦੂਜੇ ਪਾਸੇ ਮਜ਼ਦੂਰ ਘੁਰਨਿਆਂ ਵਰਗੇ ਘਰਾਂ ਵਿੱਚ ਦਿਨ ਕਟੀ ਕਰ ਰਹੇ ਹਨ।ਕਾਂਗਰਸ ਸਰਕਾਰ ਨੇ ਭਾਵੇਂ ਪਲਾਟ ਦੇਣ ਸਬੰਧੀ 29 ਅਗਸਤ 2017 ਨੂੰ ਪੱਤਰ ਜਾਰੀ ਕੀਤਾ ਅਤੇ ਅਰਜ਼ੀਆਂ ਲੈਣ ਦੀ ਅੰਤਿਮ ਮਿਤੀ 30 ਸਤੰਬਰ ਤੈਅ ਕੀਤੀ।







# ਆਦਮਪੁਰ ਵਿਖੇ ਯਾਦਗਾਰ ਹੋ ਨਿਬੜਿਆ ਬਸਪਾ ਸੰਸਥਾਪਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਪ੍ਰੀ ਨਿਰਮਾਣ ਦਿਵਸ


**ਆਦਮਪੁਰ–** ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਹਲਕਾ ਆਦਮਪੁਰ ਦੇ ਪਿੰਡ ਉਦੇਸੀਆਂ ਵਿਖੇ ਆਯੋਜਿਤ ਕੀਤਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਗਿਆਰਵਾਂ ਪ੍ਰੀ ਨਿਰਮਾਣ ਦਿਵਸ ਯਾਦਗਾਰ ਹੋ ਨਿਬੜਿਆ। ਪ੍ਰੋਗਰਾਮ ਦੀ ਸ਼ੁਰੂਆਤ ਪਾਰਟੀ ਦੇ ਸੀਨੀਅਰ ਆਗੂਆਂ ਵਲੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਤਸਵੀਰ ਤੇ ਫੁੱਲ ਚੜਾ ਕੇ ਕੀਤੀ ਗਈ। ਪਾਰਟੀ ਦੇ ਸੀਨੀਅਰ ਆਗੂਆਂ ਸਮੇਤ ਹਲਕੇ ਭਰ ਚੋਂ ਆਏ ਲੋਕਾਂ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਨੂੰ ਨਮ ਅੱਖਾਂ ਨਾਲ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀ ਜਗਦੀਸ਼ ਰਾਣਾ (ਪ੍ਰਧਾਨ ਜਲੰਧਰ ਦਿਹਾਤੀ, ਬਸਪਾ)ਅਤੇ ਸ਼੍ਰੀ ਸੁੱਖਵਿੰਦਰ ਸਿੰਘ ਕੋਟਲੀ (ਸੀਨੀਅਰ ਬਸਪਾ ਆਗੂ ਪੰਜਾਬ) ਨੇ ਮੁੱਖ ਮਹਿਮਾਨ , ਸ ਸੇਵਾ ਸਿੰਘ ਰੱਤੂ (ਇੰਚਾਰਜ, ਬਸਪਾ ਆਦਮਪੁਰ) ਅਤੇ ਮਦਨ ਲਾਲ ਮੱਦੀ (ਸਕੱਤਰ, ਬਸਪਾ ਜਲੰਧਰ ਦਿਹਾਤੀ) ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਰਧਾਂਜਲੀ ਸਮਾਰੋਹ ਵਿੱਚ ਆਪਣੀ ਹਾਜਰੀ ਲਗਵਾਈ। ਪ੍ਰੋਗਰਾਮ ਦੀ ਪ੍ਰਧਾਨਗੀ ਸ ਨਰਿੰਦਰ ਸਿੰਘ ਸਲਾਲਾ (ਪ੍ਰਧਾਨ, ਬਸਪਾ ਆਦਮਪੁਰ ਨੇ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਸਰਦਾਰ ਸੇਵਾ ਸਿੰਘ ਰੱਤੂ ਜੀ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਨੂੰ ਸਫਲਾ ਕਰਨ ਵਿੱਚ ਕੁਲਵੀਰ ਸਿੰਘ ਘੁੜਿਆਲ (ਜਨਰਲ ਸਕੱਤਰ,ਬਸਪਾ ਆਦਮਪੁਰ), ਕਮਲਜੀਤ ਸਿੰਘ ਮਾਣਕੋ (ਜਨਰਲ ਸਕੱਤਰ, ਬਸਪਾ ਆਦਮਪੁਰ)ਅਤੇ ਸ਼੍ਰੀ ਸੁਬਾਸ਼ ਜੋਹਲ (ਖਜਾਨਚੀ,ਬਸਪਾ ਆਦਮਪੁਰ) ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਸੰਘਰਸ਼ ਭਰੇ ਜੀਵਨ ਤੇ ਸੰ-ਬੋਧਨ ਕੀਤਾ। ਬੁਲਾ-ਰਆਂ ਵਿੱਚ ਹਰਭਜਨ ਸਿੰਘ ਹਰੀਪੁਰ, ਪ੍ਰਭਜੋਤ ਸਿੰਘ, ਰਵਿੰਦਰ ਬੱਧਨ, ਲਾਲ ਚੰਦ, ਅਸ਼ੋਕ ਚੁੰਬਰ, ਗੁਰਦੀਪ ਚੰਦ, ਗੁਰਪਾਲ ਚੰਦ, ਲਲਿਤ ਕੁਮਾਰ, ਮਨਜੀਤਪਾਲ, ਮੈਡਮ ਦਲਬੀਰ ਕੌਰ, ਗੁਰਚਰਨ ਸਿੰਘ ਜਖਮੀ ਤੋਂ ਬਾਅਦ ਕੁਲਵੀਰ ਸਿੰਘ ਘੁੜਿਆਲ (ਜਨਰਲ ਸਕੱਤਰ, ਬਸਪਾ ਆਦਮਪੁਰ), ਮਦਨ ਲਾਲ ਮੱਦੀ (ਸਕੱਤਰ,ਬਸਪਾ ਜਲੰਧਰ ਦਿਹਾਤੀ), ਸੁੱਖਵਿੰਦਰ ਸਿੰਘ ਕੋਟਲੀ (ਸੀਨੀਅਰ ਬਸਪਾ ਆਗੂ ਪੰਜਾਬ) ਅਤੇ ਸ਼੍ਰੀ ਜਗਦੀਸ਼ ਰਾਣਾ (ਪ੍ਰਧਾਨ, ਬਸਪਾ ਜਲੰਧਰ ਦਿਹਾਤੀ)



ਨੇ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਮਾਣ ਦਿਵਸ ਤੇ ਨਿੱਘੀ ਸ਼ਰਧਾਂਜਲੀ ਦਿੰਦਿਆਂ ਬਹੁਜਨ ਸਮਾਜ ਪਾਰਟੀ ਹਲਕਾ ਆਦਮਪੁਰ ਦੇ ਸੀਨੀਅਰ ਆਗੂਆਂ ਸਮੇਤ ਆਏ ਹੋਏ ਵਰਕਰਾਂ ਨੇ ਆਪਸੀ ਵੈਰ ਵਿਰੋਧ ਦੀ ਭਾਵਨਾ ਦਾ ਤਿਆਗ ਕਰਦਿਆਂ ਸਮਾਜ ਦੇ ਪਛੜੇ ਅਤੇ ਘੱਟ ਗਿਣਤੀ ਦੇ ਲੋਕਾਂ ਨੂੰ ਨਾਲ ਲੈ ਕਿ ਮਜਬੂਤ ਲੀਡਰਸ਼ਿਪ ਬਣਾ ਕੇ ਬਹੁਜਨ ਸਮਾਜ ਪਾਰਟੀ ਨੂੰ ਦੇਸ਼ ਦੀ ਹੁਕਮਰਾਨ ਪਾਰਟੀ ਬਣਾਉਣ ਦਾ ਦ੍ਰਿੜ ਸੰਕਲਪ ਲਿਆ। ਬਹੁਜਨ ਸਮਾਜ ਪਾਰਟੀ ਦਾ ਹਿੱਸਾ ਬਨਣ ਤੇ ਯੂਥ ਸਾਥੀ ਪ੍ਰਭ-ਜੋਤ ਸਿੰਘ ਨੂੰ ਪਾਰਟੀ ਦੇ ਸੀਨੀਅਰ ਆਗੂਆਂ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਪੁਸਤਕ (ਭਾਰਤੀ ਲੋਕ ਹੁਕਮਰਾਨ ਕਿਵੇਂ ਬਨਣ) ਭੇਟ ਕਰਕੇ ਹੌਸਲਾ ਅਫਜਾਈ ਕੀਤੀ ਅਤੇ ਜਿੰਦਗੀ ਚ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਗੁਰਪਾਲ ਪਾਲੀ, ਦਿਲਬਾਗ ਸਿੰਘ ਪਾਇਲਟ,ਪਰਮਜੀਤ ਸਿੰਘ ਢੇਹਪੁਰ, ਰੂਪ ਲਾਲ ਕਪੂਰ ਪਿੰਡ, ਭਗਤ ਰਾਮ ਜੈਤੇਵਾਲੀ, ਮਹਿੰਦਰ ਸਿੰਘ ਪੰਡੋਰੀ ਨਿੱਝਰਾਂ, ਫਕੀਰ ਚੰਦ ਜੱਸੀ, ਰਵਿੰਦਰ ਬੱਧਨ, ਹਰਦੀਪ ਕਲਸੀ, ਦਿਲਾਵਰ ਸੋਹਲ, ਕਰਨੈਲ ਸਿੰਘ, ਗੁਰਮੇਲ ਸਿੰਘ, ਕੁਲਵਿੰਦਰ ਭੇਲਾਂ, ਸੁਖਦੇਵ ਬਿਆਸ ਪਿੰਡ, ਦੇਵਰਾਜ ਚੁਖਿਆਰਾ, ਹਰਜਿੰਦਰ ਬਿੱਲਾ, ਲਵਪ੍ਰੀਤ ਭੋਗਪੁਰ, ਰਾਮ ਕ੍ਰਿਸ਼ਨ, ਦਾਰਾ ਰਾਮ,ਰਿੰਕੂ ਮੋਗਾ, ਜੱਗਾ ਸੋਹਲ, ਹੈਪੀ ਸਰੋਆ, ਜਸਵੀਰ, ਬੌਬੀ, ਹਰਮਨ, ਯੁਧਵੀਰ, ਹਰਦੀਪ ਸਰੋਆ, ਭੱਟੀ, ਇੰਦਰ ਸਰੋਆ, ਕ੍ਰਿਸ਼ਨਾ ਰਾਮ, ਅਜੈ ਸਰੋਆ, ਬਲਵਿੰਦਰ, ਬੱਬਾ, ਹੰਸਰਾਜ, ਜਗਰੂਪ, ਰਾਮ ਜੀ, ਰਾਜ ਕੁਮਾਰ ਕੋਟਲਾ, ਸਰਬਜੀਤ ਢੰਡਾ ਆਦਿ ਸਾਥੀਆਂ ਸਣੇ ਵੱਡੀ ਗਿਣਤੀ ਵਿੱਚ ਬੀਬੀਆਂ ਨੇ ਹਾਜਰੀ ਭਰੀ। **–ਕੁਲਵੀਰ ਸਿੰਘ ਘੁੜਿਆਲ, ਜਨਰਲ ਸਕੱਤਰ, ਬੀ ਐਸ ਪੀ ਆਦਮਪੁਰ**

# ਰਾਕੇਸ਼ ਕੁਮਾਰ ਦੀ ਲਿਖੀ ਕਿਤਾਬ 'ਸ਼ਹੀਦ ਭਗਤ ਸਿੰਘ ਤੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਫ਼ਿਰੋਜ਼ਪੁਰ ਸ਼ਹਿਰ ਵਿਖੇ ਗੁਪਤ ਟਿਕਾਣਾ' ਲੋਕ ਅਰਪਣ

**ਫ਼ਿਰੋਜ਼ਪੁਰ–** ਰੇਲਵੇ ਵਿਭਾਗ ਵਿਚ ਸੀਨੀਅਰ ਸੈਕਸ਼ਨ ਇੰਜੀਨੀਅਰ ਦੇ ਅਹੁਦੇ 'ਤੇ ਤਾਇਨਾਤ ਲੇਖਕ ਰਾਕੇਸ਼ ਕੁਮਾਰ ਵਲੋਂ ਲਿਖੀ 'ਸ਼ਹੀਦ ਭਗਤ ਸਿੰਘ ਤੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਫ਼ਿਰੋਜ਼ਪੁਰ ਸ਼ਹਿਰ ਵਿਖੇ ਗੁਪਤ ਟਿਕਾਣਾ' ਬਾਰੇ ਕਿਤਾਬ ਦਾ ਲੋਕ ਅਰਪਣ ਅੱਜ ਫ਼ਿਰੋਜ਼ਪੁਰ ਵਿਖੇ ਪਹੁੰਚੇ ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾ ਪ੍ਰਧਾਨ ਰਜਿੰਦਰ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਰਾਕੇਸ਼ ਕੁਮਾਰ ਨੂੰ ਸ਼ੁੱਭ ਕਾਮਨਾਵਾਂ ਦੇਣ ਲਈ ਸ਼ਹਿਰ ਦੀਆਂ ਹੋਰ ਪ੍ਰਸਿੱਧ ਹਸਤੀਆਂ ਤੋਂ ਇਲਾਵਾ ਨਾਮੀ ਬੁੱਧੀਜੀਵੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਟਿਕਾਣੇ ਦੀ ਇਤਿਹਾਸਕ ਮਹੱਤਤਾ ਬਾਰੇ ਆਪਣੀ ਕਿਤਾਬ ਵਿਚ ਰਾਕੇਸ਼ ਕੁਮਾਰ ਨੇ ਦੱਸਿਆ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਨਵੇਂ ਢਾਂਚੇ ਅਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਲਈ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਕ੍ਰਾਂਤੀਕਾਰੀ ਪਾਰਟੀ ਬਣਾਈ ਤੇ ਉਸ ਦੀਆਂ




ਸਰਗਰਮੀਆਂ ਗੁਪਤ ਰੂਪ 'ਚ ਦੇਸ਼ ਦੇ ਵੱਖ-ਵੱਖ ਹਿ-



ਸਿਆ ਵਿਚ ਕੀਤੀਆਂ। ਫ਼ਿਰੋਜ਼ਪੁਰ ਸ਼ਹਿਰ 'ਚ ਵੀ ਪਾਰਟੀ ਦਾ ਇਕ ਗੁਪਤ ਟਿਕਾਣਾ ਬਣਾਇਆ। ਇਹ ਟਿਕਾਣਾ ਤੂੜੀ ਬਾਜ਼ਾਰ ਮੁਹੱਲਾ ਸ਼ਾਹ ਗੰਜ ਵਿਚ 10 ਅਗਸਤ 1928 ਤੋਂ 9 ਫਰਵਰੀ 1929 ਤੱਕ ਰਿਹਾ। ਇੱਥੇ ਕ੍ਰਾਂਤੀਕਾਰੀ ਭਗਤ ਸਿੰਘ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਸ਼ਿਵ ਵਰਮਾ, ਵਿਜੈ ਕੁਮਾਰ ਸਿਨਹਾ, ਮਹਾਂਵੀਰ ਸਿੰਘ ਆਦਿ ਕ੍ਰਾਂਤੀਕਾਰੀਆਂ ਦਾ ਆਉਣਾ ਜਾਣਾ ਸੀ। ਕ੍ਰਾਂਤੀਕਾਰੀ ਡਾ. ਗਯਾ ਪ੍ਰਸ਼ਾਦ ਨੇ ਡਾ. ਬੀ. ਐਸ. ਨਿਗਮ ਦੇ ਫ਼ਰਜ਼ੀ ਨਾਂਅ 'ਤੇ ਇਹ ਮਕਾਨ ਲੇਖ ਰਾਜ ਤੋਂ ਕਿਰਾਏ 'ਤੇ ਲਿਆ ਸੀ। ਪਾਰਟੀ ਦੀਆਂ ਗਤੀਵਿਧੀਆਂ ਨੂੰ ਧਿਆਨ 'ਚ ਰੱਖਦਿਆਂ ਪਾਰਟੀ ਦੇ ਫ਼ੈਸਲੇ ਮੁਤਾਬਿਕ ਭਗਤ ਸਿੰਘ ਦੇ ਵਾਲ ਤੇ ਦਾੜ੍ਹੀ ਵੀ ਇੱਥੇ ਹੀ ਕੱਟੇ ਗਏ ਸਨ। ਜਦੋਂ ਬ੍ਰਿਟਿਸ਼ ਸਰਕਾਰ ਨੂੰ ਇਸ ਗੁਪਤ ਟਿਕਾਣੇ ਬਾਰੇ ਪਤਾ ਚੱਲਿਆ ਤਾਂ ਉਸ ਨੇ ਇਸ ਟਿਕਾਣੇ ਦੀ ਪੁਸ਼ਟੀ ਅਤੇ ਕ੍ਰਾਂਤੀਕਾਰੀ ਦੀ ਪਹਿਚਾਣ ਲਈ 21 ਗਵਾਹ ਭੁਗਤਾਏ ਸਨ, ਜਿਨ੍ਹਾਂ 'ਚੋਂ 19 ਗਵਾਹ ਫ਼ਿਰੋਜ਼ਪੁਰ ਦੇ ਸਨ। ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾ ਪ੍ਰਧਾਨ ਰਾਜਿੰਦਰ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਹ ਬਰਤਾਨਵੀ ਸਾਮਰਾਜ ਤੋਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੀ ਨਿਸ਼ਾਨੀ ਹੈ। ਦੱਸਣਯੋਗ ਹੈ ਕਿ ਰਾਕੇਸ਼ ਕੁਮਾਰ ਦੀਆਂ ਇਸ ਤੋਂ ਪਹਿਲਾਂ 8 ਕਿਤਾਬਾਂ, ਜਿਸ ਵਿਚ ਸ਼ਹੀਦ ਊਧਮ ਸਿੰਘ ਬਾਰੇ ਤਿੰਨ ਕਿਤਾਬਾਂ, ਦੋ ਕਿਤਾਬਾਂ ਗ਼ਦਰ ਲਹਿਰ ਬਾਰੇ, ਇਕ ਕਿਤਾਬ ਗੁਪਤ ਟਿਕਾਣੇ ਬਾਰੇ ਤੇ ਦੋ ਕਿਤਾਬਾਂ ਰੇਲਵੇ ਭੂਮੀ ਪ੍ਰਬੰਧਨ ਬਾਰੇ ਪਹਿਲਾਂ ਹੀ ਬਾਜ਼ਾਰ ਵਿਚ ਹਨ। ਇਸ ਮੌਕੇ ਪ੍ਰਿੰਸੀਪਲ ਪ੍ਰੀਤਇੰਦਰ ਸਿੰਘ, ਪ੍ਰੋ. ਜਗਵਿੰਦਰ ਜੋਧਾ, ਪ੍ਰਿੰਸੀਪਲ ਰਾਕੇਸ਼ ਅਰੋੜਾ, ਹਰਮੀਤ ਵਿਦਿਆਰਥੀ, ਪ੍ਰੋ. ਜਸਪਾਲ ਘਈ, ਜੇ. ਕੇ. ਮਿੱਤਲ, ਪ੍ਰੋ. ਕੁਲਦੀਪ ਸਿੰਘ, ਗਗਨ ਸੰਗਰਾਮੀ, ਕਰਮਜੀਤ ਕੋਟਕਪੂਰਾ, ਪ੍ਰਦੀਪ ਉੱਧਾ ਹਾਜ਼ਰ ਸਨ।






# ਸਵਰਗੀ ਸ੍ਰੀ ਮੁਨਸ਼ੀ ਰਾਮ ਗਿੰਡਾ ਜੀ ਨੂੰ ਭਾਵ-ਭਿੰਨੀ ਸ਼ਰਧਾਂਜਲੀ

**ਸੈਕਰਾਮੈਂਟੋ ਡੀ. ਡੀ. ਬੀ.)**– ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖ਼ਸੀਅਤ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਪ੍ਰਧਾਨ ਅਤੇ ਡਾਕਟਰ ਬੀ. ਆਰ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ ਦੇ ਜਨਰਲ ਸਕੱਤਰ ਇੰਜੀਨੀਅਰ ਸ੍ਰੀ ਰਾਕੇਸ਼ ਚੰਦਰ, ਰਾਮਜੀ ਲਾਲ, ਹਰਬੰਸ ਲਾਲ, ਸੰਤੋਸ਼ ਕੁਮਾਰੀ ਅਤੇ ਰਾਜ ਰਾਣੀ ਦੇ ਪੂਜਨੀਕ ਪਿਤਾ ਸ੍ਰੀ ਮੁਨਸ਼ੀ ਰਾਮ ਗਿੰਡਾ ਜੀ ਦਾ ਪਿਛਲੇ ਦਿਨੀਂ ਅਕਾਲ ਚਲਾਣਾ ਹੋ ਗਿਆ ਸੀ। ਉਹਨਾਂ ਦੀ ਆਤਮਕ ਸ਼ਾਂਤੀ ਲਈ ਸਮੂਹ ਗਿੰਡਾ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 8 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਜਸਪਾਲ ਸਿੰਘ ਜੀ ਤੇ ਭਾਈ ਨਿਰਮਲ ਸਿੰਘ ਜੀ ਨੇ ਵੈਰਾਗਮਈ ਕੀਰਤਨ ਕੀਤਾ, ਜਿਹਨਾਂ ਦਾ ਸਾਥ ਭਾਈ ਅਮਰਜੀਤ ਸਿੰਘ ਜੀ ਨੇ ਦਿੱਤਾ। ਇਸ ਉਪਰੰਤ ਵਿਛੜੀ ਰੂਹ ਸਵਰਗੀ ਸ੍ਰੀ ਮੁਨਸ਼ੀ ਰਾਮ ਗਿੰਡਾ ਜੀ ਦੇ ਆਤਮਕ ਸ਼ਾਂਤੀ ਲਈ ਅੰਤਿਮ ਅਰਦਾਸ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਨੇ ਕੀਤੀ।

ਇਸ ਤੋਂ ਪਹਿਲਾਂ ਵੱਡੀ ਗਿਣਤੀ ’ਚ ਗਿੰਡਾ ਪਰਿਵਾਰ ਦੇ ਪਹੁੰਚੇ ਰਿਸ਼ਤੇਦਾਰ ਸਕੇ-ਸਬੰਧੀ, ਯਾਰ-ਦੋਸਤ ਤੇ ਸਨੇਹੀਆਂ ਨੇ ਇਸ ਅੰਤਿਮ ਅਰਦਾਸ ’ਚ ਸ਼ਾਮਲ ਹੋ ਕੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਸ਼ੇਸ਼ ਤੌਰ ਤੇ ਸ੍ਰੀਮਾਨ ਅਮਰੀਕ ਚੰਦ ਲਾਖਾ (ਸੀਪੀਏ) ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਸਾਬਕਾ ਪ੍ਰਧਾਨ ਅਤੇ ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ ਦੇ ਸਾਬਕਾ ਪ੍ਰਧਾਨ ਨੇ ਸਵਰਗੀ ਸ੍ਰੀ ਮੁਨਸ਼ੀ ਰਾਮ ਗਿੰਡਾ ਜੀ ਦੇ ਅਕਾਲ ਚਲਾਣਾ ਕਰ ਜਾਣ ’ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਗਿੰਡਾ ਪਰਿਵਾਰ ਨਾਲ ਆਪਣੀ ਪਰਿਵਾਰ ਤੇ ਸਮਾਜਿਕ ਸਾਂਝ ਦਾ ਜ਼ਿਕਰ ਕਰਦਿਆਂ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਹਨਾਂ ਗਿੰਡਾ ਪਰਿਵਾਰ ਦੀਆਂ ਸਲਾਹੁਣਯੋਗ ਸਮਾਜਿਕ, ਉਸਾਰੂ ਗਤੀਵਿਧੀਆਂ ਦਾ ਜ਼ਿਕਰ ਕੀਤਾ। ਇਸ ਉਪਰੰਤ ਪੰਜਾਬੀ ਭਾਈਚਾਰੇ ਦੀ ਬਹੁਤ ਸਮਾਜਿਕ ਤੇ ਧਾਰਮਿਕ ਤਬੀਅਤ ਦੇ ਧਨੀ ਸ੍ਰੀ ਪ੍ਰੇਮ ਮੱਲ ਜੀ ਨੇ ਵਿਛੜੀ ਰੂਹ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਿਆਂ ਧਾਰਮਿਕ ਨਜ਼ਰੀਏ ਤੋਂ ਗੁਰਬਾਣੀ ਰਾਹੀਂ ਜ਼ਿੰਦਗੀ ਦੇ ਦੁੱਖ-ਸੁੱਖ ਦੀ ਵਿਖਿਆਨ ਕਰਦਿਆਂ ਕਿਹਾ ਕਿ ਗੁਰਬਾਣੀ ਤੇ ਹੋਰ ਅਤੀ ਸਤਿਕਾਰਿਤ ਧਾਰਮਿਕ ਮਹਾਂਪੁਰਸ਼ਾਂ ਅਨੁਸਾਰ ਜੋ ਜੀਵ-ਜੰਤੂ-ਪ੍ਰਾਣੀ ਇਸ ਸੰਸਾਰ ਤੇ ਆਇਆ ਉਸ ਨੇ ਇਕ ਨਾ ਇਕ ਦਿਨ ਜ਼ਰੂਰ ਚਲੇ ਜਾਣਾ ਹੈ। ਇੱਥੇ ਕਿਸੇ ਦਾ ਵੀ ਕੋਈ ਸਥਿਰ ਵਸੇਬਾ ਨਹੀਂ ਹੈ। ਸੋ ਸਾਡਾ ਫਰਜ਼ ਹੈ ਕਿ ਚੰਗੇ ਕਰਮ ਕਰੀਏ ਤੇ ਚੰਗਾ ਯਸ਼ ਕਮਾ ਕੇ ਇਸ ਫਾਨੀ ਸੰਸਾਰ ਤੋਂ ਜਾਈਏ, ਜਿਵੇਂ ਸਵਰਗੀ ਮੁਨਸ਼ੀ ਰਾਮ ਗਿੰਡਾ ਜੀ ਨੇ ਆਪਣਾ ਜੀਵਨ ਬਤੀਤ ਕੀਤਾ ਹੈ, ਉਹ ਸਾਡੇ ਲਈ ਇਕ ਪ੍ਰੇਰਨਾ ਬਣ ਕੇ ਗਏ ਹਨ।

ਵਰਣਨਯੋਗ ਹੈ ਕਿ ਸਵਰਗੀ ਸ੍ਰੀ ਮੁਨਸ਼ੀ ਰਾਮ ਗਿੰਡਾ ਜੀ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਫਾਊਂਡਿੰਗ ਮੈਂਬਰ ਅਤੇ ਸਾਬਕਾ ਚੇਅਰਮੈਨ ਅਜੀਤ ਰਾਮ ਬੰਗੜ ਦੇ ਨਜਦੀਕੀ ਰਿਸਤੇਦਾਰ ਸਨ ਅਤੇ ਸ੍ਰੀ ਰਮੇਸ਼ ਬੰਗੜ ਸ੍ਰੀ ਹਰਬੰਸ ਲਾਲ ਗਿੰਡਾ ਜੀ ਦੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਹਨ।

ਇਸ ਉਪਰੰਤ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਪ੍ਰੰਪਰਾ ਅਨੁਸਾਰ ਦੁਖੀ ਪਰਿਵਾਰ ਦੇ ਮੁਖੀ ਸ੍ਰੀ ਰਾਕੇਸ਼ ਚੰਦਰ ਜੀ ਨੂੰ ਸਿਰੋਪਾਓ ਦਿੱਤਾ ਗਿਆ।

ਅਖੀਰ ਦੁਖੀ ਗਿੰਡਾ ਪਰਿਵਾਰ ਨਾਲ ਸਕੇ-ਸਬੰਧੀਆਂ ਨੇ ਸਮਾਜਿਕ ਰਸਮਾਂ ਨੂੰ ਪੂਰਾ ਕੀਤਾ। ਸਟੇਜ ਦੀ ਸੇਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਰਮੇਸ਼ ਬੰਗੜ ਜੀ ਨੇ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ‘ਦੇਸ਼ ਦੁਆਬਾ’ ਹਫਤਾਵਾਰੀ ਅਖ਼ਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਗਿੰਡਾ ਪਰਿਵਾਰ ਨਾਲ ਦਿਲ ਦੁੱਖ ਸਾਂਝਾ ਕੀਤਾ। ਇਸ ਮੌਕੇ ਬਹੁਤ ਸਾਰੀਆਂ ਨਾਮਵਰ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ ਦੁੱਖ ਪ੍ਰਗਟ ਕਰਨ ਲਈ, ਜਿਹਨਾਂ ਵਿਚ ਸ੍ਰੀ ਰਾਮ ਸਰੋਏ ਪਰਿਵਾਰ ਵੱਲੋਂ ਸੁਰਿੰਦਰ ਸਰੋਏ, ਸੁਰਿੰਦਰ ਸੋਨੀ ਅਤੇ ਚੌਧਰੀ ਦਰਸ਼ਨ ਰਾਮ ਜੀ ਆਦਿ ਅਤੇ ਅਜੀਤ ਰਾਮ ਬੰਗੜ, ਕਰਨੈਲ ਸਿੰਘ ਬੰਗੜ, ਸੁਖਰਾਮ ਚੰਦਰ ਤਾਜਪੁਰੀ, ਪ੍ਰੇਮ ਕੁਮਾਰ ਚੁੰਬਰ, ਗਿਆਨ ਚੰਦ ਕਾਜਲਾ, ਹੰਸ ਰਾਜ ਕਾਜਲਾ, ਜੱਸੀ ਬੰਗਾ, ਮਹਿੰਦਰ ਸਿੰਘ ਧਾਮੀ, ਬਲਜੀਤ ਸਿੰਘ, ਕਸ਼ਮੀਰ ਸਿੰਘ ਹੀਰਾ (ਇੰਡੀਆ ਮਾਰਕੀਟ ਵਾਲੇ), ਲਸ਼ਕਰ ਸਿੰਘ ਬੱਧਣ, ਇੰਦਰਜੀਤ ਪਡਵੱਗਾ, ਕੇਵਲ ਬੋਲੀਨਾ, ਰਾਜ ਬੱਧਣ, ਕਰਨੈਲ ਸਿੰਘ ਵਿਰਕ, ਕਰਨੈਲ ਬੱਧਣ ਆਦਿ ਅਨੇਕਾਂ ਪਰਿਵਾਰਾਂ ਨੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।



ਸਵਰਗੀ ਸ੍ਰੀ ਮੁਨਸ਼ੀ ਰਾਮ ਗਿੰਡਾ ਜੀ



























# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ


















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਂਰਿਸ਼ੀ ਵਾਲਮੀਕ ਟੈਂਪਲ 84-86 ਪਰਸੀ ਐਵਨਿਊ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਬਹੁਤ ਹੀ ਬਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿੱਥੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਨੇ ਭਗਵਾਨ ਵਾਲਮੀਕ ਜੀ ਦੇ ਚਰਨਾਂ ਵਿਚ ਹਾਜ਼ਰੀ ਲਗਵਾਈ। ਅਕਤੂਬਰ 13 ਨੂੰ ਸ੍ਰੀ ਯੋਗਵਸ਼ਿਸ਼ਟ ਸਾਹਿਬ ਦੇ ਪਾਠ ਆਰੰਭ ਕੀਤੇ ਗਏ, 14 ਅਕਤੂਬਰ ਨੂੰ ਝੰਡਾ ਸਾਹਿਬ ਚੜ੍ਹਾਇਆ ਗਿਆ ਅਤੇ 15 ਅਕਤੂਬਰ ਨੂੰ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਭੋਗ ਉਪਰੰਤ ਭਗਵਾਨ ਵਾਲਮੀਕ ਜੀ ਦੀ ਆਰਤੀ ਤੇ ਅਰਦਾਸ ਕੀਤੀ ਗਈ। ਤਿੰਨੇ ਦਿਨ ਗੁਰੂ ਕੇ ਲੰਗਰਾਂ ਦੀ ਸੇਵਾ ਅਤੁੱਟ ਚਲਦੀ ਰਹੀ। ਭੋਗ ਵਾਲੇ ਦਿਨ 'ਦੇਸ਼ ਦੁਆਬਾ' ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਤੇ ਪੂਰਾ ਦਿਨ ਗੁਰੂ ਚਰਨਾਂ ਵਿਚ ਹਾਜ਼ਰੀ ਲਗਵਾਈ। ਪੰਜਾਬ ਨਿਊਜ਼ ਦੇ ਪੱਤਰਕਾਰ ਸ੍ਰੀ ਸੁਰਿੰਦਰ ਮਹਿਤਾ ਜੀ ਨੇ ਵੀ ਹਾਜਰੀ ਲਗਵਾਈ। ਵੱਖ-ਵੱਖ ਬੁਲਾਰਿਆਂ ਜਿਹਨਾਂ ਵਿਚ ਡਾ. ਕੁਲਦੀਪ ਸਿੰਘ ਪ੍ਰਧਾਨ, ਭਗਵਾਨ ਵਾਲਮੀਕ ਜਾਗਰਤੀ ਸਵੈ ਸੇਵਾ ਸੰਸਥਾ ਪੰਜਾਬ, ਰਮੇਸ਼ ਬੰਗੜ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਸ੍ਰੀ ਗੁਰਨਾਮ ਸਿੰਘ ਪੰਮਾ ਪ੍ਰਬੰਧਕ ਗੁਰੂ ਘਰ ਟੈਰਾ ਬਿਊਨਾ ਯੂਬਾ ਸਿਟੀ, ਡਾ ਗੁਰਜੀਤ ਸਿੰਘ ਟਰੇਸੀ, ਸ੍ਰੀ ਕੇਵਲ ਸਿੱਧੂ, ਸ੍ਰੀ ਪ੍ਰੇਮ ਕੁਮਾਰ ਚੁੰਬਰ, ਰਾਮ ਸੇਵਕ ਭਾਟੀਆ ਜੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ, ਸੋਢੀ ਨਾਹਰ ਵਲੇਹੋ ਤੋਂ ਅਤੇ ਸੰਤੋਖ ਸਿੰਘ ਗਿੱਲ ਵਾਈਸ ਪ੍ਰਧਾਨ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਆਦਿ ਵੱਲੋਂ ਭਗਵਾਨ ਵਾਲਮੀਕ ਜੀ ਦੇ ਉਦੇਸ਼ਾਂ, ਸਿੱਖਿਆਵਾਂ ਤੇ ਜੀਵਨ ਬਾਰੇ ਖੁੱਲ੍ਹ ਕੇ ਵਿਚਾਰ ਰੱਖੇ ਗਏ।

ਬੁਲਾਰਿਆਂ ਤੋਂ ਇਲਾਵਾ ਤਿੰਨੇ ਦਿਨ ਭਗਵਾਨ ਵਾਲਮੀਕ ਦੀ ਉਸਤੱਤ ਵਿਚ ਸ਼ਬਦ ਗਾਣ ਵੀ ਕੀਤਾ ਗਿਆ। ਸ਼ਬਦ ਗਾਣ ਵਾਲੇ ਕਲਾਕਾਰ ਭੁਪਿੰਦਰ ਭਿੰਦਾ, ਅਮਰਜੀਤ ਸਿੰਘ ਲਾਲੀ, ਵਿਸ਼ਾਲ ਸ਼ਰਬਤੀ, ਰਾਜਕੁਮਾਰ, ਜੀਵਨ ਰੱਤੂ, ਰੋਹਤਾਸ਼ ਭਗਾਣੀ, ਬਲਵੀਰ ਸੋਨੀ, ਜਸਵਿੰਦਰ ਮਹਾਜਨ, ਸ੍ਰੀਮਤੀ ਲਤਾ ਸੌਂਧੀ, ਜੋਗਿੰਦਰ ਸਿੰਘ ਸ਼ੌਂਕੀ ਤੇ ਬਾਲ ਕਲਾਕਾਰਾਂ ਹੀਰਾ ਸਿੰਘ ਤੇ ਲੋਚਨਾ ਰਾਏ ਆਦਿ ਸਭ ਨੇ ਸ਼ਬਦ ਗਾ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਗਵਾਈ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ, ਭਾਈ ਕ੍ਰਿਸਨ ਸਿੰਘ ਤੇ ਉਹਨਾਂ ਦੇ ਜਥਿਆਂ ਨੇ ਲਗਾਤਾਰ ਦੋ ਦਿਨ ਹਾਜਰੀ ਲਗਵਾ ਕੇ ਗੁਰੂ ਚਰਨਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਢੋਲਕੀ ਉਪਰ ਅਸ਼ੋਕ ਕੁਮਾਰ ਸੋਨੂੰ ਨੇ ਸਾਰੇ ਕਲਾਕਾਰਾਂ ਦਾ ਸਾਥ ਦਿੱਤਾ।

ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਵੀ ਤਿੰਨੇ ਦਿਨ ਪਰਿਵਾਰ ਸਮੇਤ ਹਾਜ਼ਰੀ ਲਗਵਾਈ। ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੰਤੋਖ ਸਿੰਘ ਗਿੱਲ ਵੱਲੋਂ ਨਿਭਾਈ ਗਈ। ਤਿੰਨ ਦਿਨ ਜਿਹਨਾਂ ਪਰਿਵਾਰਾਂ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ, ਜਿਹਨਾਂ ਵਿਚ ਪਹਿਲੇ ਦਿਨ ਜਗਜੀਤ ਗਿੱਲ ਤੇ ਸੁਰਜੀਤ ਗਿੱਲ ਤੇ ਸਮੂਹ ਪਰਿਵਾਰ, ਦੂਜੇ ਦਿਨ ਸੌਂਧੀ ਪਰਿਵਾਰ ਦੀਆਂ ਬੱਚੀਆਂ ਵੱਲੋਂ ਅਤੇ ਤੀਸਰੇ ਦਿਨ ਵਿਜੈ ਗਿੱਲ ਸਪੁੱਤਰ ਸ: ਸੰਤੋਖ ਸਿੰਘ ਗਿੱਲ ਤੇ ਹਰਪ੍ਰੀਤ ਸਿੰਘ ਸਹੋਤਾ ਪੁੱਤਰ ਸ੍ਰੀ ਬਲਵਿੰਦਰ ਸਿੰਘ ਸਹੋਤਾ ਆਦਿ ਸਭ ਦਾ ਸਭਾ ਵੱਲੋਂ ਧੰਨਵਾਦ ਕਰਦਿਆਂ ਸਿਰੋਪਾਓ ਦੇ ਕੇ ਸਲਮਾਨਿਤ ਵੀ ਕੀਤਾ ਗਿਆ। ਪਿਛਲੇ ਇਕ ਹਫਤੇ ਤੋਂ ਮੰਦਰ ਵਿਚ ਸੇਵਾ ਕਰ ਰਹੇ ਨੌਜਵਾਨ ਦਵਿੰਦਰ ਸ਼ੁੱਭ, ਸੁਰਜੀਤ ਗਿੱਲ, ਰਮਨ ਥਾਪਰ, ਪਲਵਿੰਦਰ ਸਹੋਤਾ, ਦੀਪਕ ਗਿੱਲ, ਵਿਸ਼ਾਲ ਸ਼ਰਬਤੀ ਆਦਿ ਸਭ ਨੂੰ ਸਿਰੋਪੇ ਦੇ ਕੇ ਸਨਮਾਨਿਤ ਕਰਦਿਆਂ ਸਭਾ ਵੱਲੋਂ ਧੰਨਵਾਦ ਕੀਤਾ ਗਿਆ।

ਇਥੇ ਇਹ ਵਰਣਨਯੋਗ ਹੈ ਕਿ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ ਦੇ ਮੈਂਬਰ ਸਾਹਿਬਾਨ ਸਰਬ ਸ੍ਰੀ ਪ੍ਰਧਾਨ ਪ੍ਰੇਮ ਲਾਲ ਸੌਂਧੀ, ਸ਼ਾਮ ਲਾਲ ਸੌਂਧੀ, ਕੁੰਦਨ ਲਾਲ ਸੌਂਧੀ, ਰਾਮ ਪਾਲ ਮੱਟੂ, ਵਿਸ਼ਾਲ ਸ਼ਰਬਤੀ, ਪਲਵਿੰਦਰ ਸਹੋਤਾ ਆਦਿ ਨੇ ਲੱਗਭੱਗ 1 ਮਹੀਨੇ ਤੋਂ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਮਨਾਏ ਜਾਣ ਦਾ ਜਿੱਥੇ ਘਰ-ਘਰ ਸੁਨੇਹਾ ਦਿੱਤਾ, ਉਥੇ ਉਹਨਾਂ ਦਾਨੀ ਪਰਿਵਾਰਾਂ ਤੋਂ ਇਸ ਸ਼ੁਭ ਅਵਸਰ ਲਈ ਉਗਰਾਹੀ ਵੀ ਕੀਤੀ।

ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਵੱਲੋਂ ਆਈਆਂ ਸਾਰੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਮੰਦਰ ਵਿਚ ਪਾਰਕਾਂ ਦੀ ਸਖਤ ਜ਼ਰੂਰਤ ਹੈ, ਸੋ ਪਾਰਕਾਂ ਦੀ ਜਗ੍ਹਾ ਖਰੀਦਣ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਸਹੋਤਾ ਵੱਲੋਂ ਦਿੱਤੀ ਗਈ।

**ਰਿਪੋਰਟ– ਸੰਤੋਖ ਸਿੰਘ ਗਿੱਲ, ਯੂਬਾ ਸਿਟੀ**
**(530-740-3056)**

*(ਹੋਰ ਤਸਵੀਰਾਂ ਦੇਖੋ 12,13 ਅਤੇ 14 'ਤੇ)*

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ






















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)








# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ


















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਵਿਆਹ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ







**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 15 ਅਕਤੂਬਰ ਦਿਨ ਐਤਵਾਰ ਨੂੰ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸ੍ਰੀ ਰਘਵੀਰ ਸਿੰਘ, ਸ. ਤਰਲੋਚਨ ਸਿੰਘ, ਬੀਬੀ ਹਰਪ੍ਰੀਤ ਕੌਰ ਜੀ ਨੇ ਆਪਣੀ ਬੇਟੀ ਅੰਬਰ ਦੇ ਵਿਆਹ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ, ਜਿਸ ਵਿਚ ਐਤਵਾਰ ਸਵੇਰੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਅਲੋਚਨਾ ਰਾਏ ਜੀ ਨੇ ਗੁਰਬਾਣੀ ਸ਼ਬਦ ਦੁਆਰਾ ਹਾਜ਼ਰੀ ਲਗਵਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੇਵਕ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 22 ਅਕਤੂਬਰ ਨੂੰ



ਭਗਵਾਨ ਵਾਲਮੀਕ



ਭਗਵਾਨ ਵਾਲਮੀਕ ਤੀਰਥ ਅਸਥਾਨ ਅੰਮ੍ਰਿਤਸਰ (ਪੰਜਾਬ)

ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ।

ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 22, 2017

## Time: 9:00AM to 5:00PM

**Dan Foley Cultural Center, 1499 N. Camino Alto, Vallejo, CA-94590 Phone: (707) 648-4630**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Sodhi Nahar (707) 704-5216
Gurpal Singh (916) 873-0311
Shiv Sidhu (707) 656-1205
Bhupinder Bhinda (916) 613-3311
Dr. Gurjit Singh (925) 321-0117
Balbir Thapar (916) 607-4650

**ਜਾਰੀ ਕਰਤਾ**

## ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ

# ਮਹਾਨ ਧਨੁਸ਼ਧਰ ਏਕਵਲਵਿਆ ਅਤੇ ਭਾਰਤੀ ਸਭਿਅਤਾ



ਹਰਦੀਪ ਸਿੰਘ ਚੁੰਬਰ
91-94636-01616

ਪੁਰਾਤੱਤਵ ਵਿਭਾਗ ਦੀਆਂ ਖੋਜਾਂ ਤੋਂ ਪਤਾ ਚਲਦਾ ਹੈ ਕਿ ਤਕਰੀਬਨ 3500 ਸਾਲ ਪਹਿਲਾਂ ਭਾਰਤ ਦੁਨੀਆਂ ਦਾ ਸਭ ਤੋ ਅਮੀਰ ਦੇਸ਼ ਰਿਹਾ ਹੈ । ਇਹ ਪ੍ਰਕਿਰਤਿਕ ਸਰੋਤਾਂ ਨਾਲ ਭਰਭੂਰ ਦੇਸ਼  ਦੇ ਨਾਗਰਿਕ ਬੜੇ ਸੰਪਨ, ਨਿਪੁੰਨ, ਚੰਗੇ ਕਾਰੀਗਰ, ਵਪਾਰੀ ਅਤੇ ਖੇਤੀ ਬਾੜੀ ਦੇ ਮਾਹਰ, ਪਸੂ ਪਾਲਕ ਸਨ । ਭਾਰਤ ਪੂਰੀ ਦੁਨੀਆਂ ਨਾਲ ਵਪਾਰ ਕਰਦਾ ਸੀ । ਖੁਦਾਈ ਦੌਰਾਨ ਮਿਲੀਆਂ ਕਲਾ ਕਿਰਤਾਂ ਉਸ ਸਭਿਅਤਾ ਦੇ ਸਿਖਰ ਨੂੰ ਦਿਖਾਉਂਦੀਆਂ ਹਨ। ਅੱਜ ਭਾਰਤ ਦੁਨੀਆਂ ਵਿਚ ਤੱਰਕੀ ਦੀ ਦੌੜ ਵਿਚ ਪਛੜ ਗਿਆ ਹੈ। ਜਿਸ ਦੇ ਪਿਛੇ ਰਹਿਣ ਦੇ ਕਈ ਅੰਦਰੂਨੀ ਕਾਰਨਅਤੇ ਬਾਹਰੀ ਕਾਰਨ ਵੀ ਹੋ ਸਕਦੇ ਹਨ । ਪੁਰਾਤਨ ਸਮਿਆਂ ਵਿਚ ਵਿਦੇਸੀ ਲੁਟੇਰੇ ਭਾਰਤੀਆਂ ਉਤੇ ਲਗਾਤਾਰ ਹਮਲੇ ਕਰਦੇ ਅਤੇ ਲੁੱਟਦੇ ਅਤੇ ਆਪਣੇ ਦੇਸ਼ ਲੈ ਜਾਂਦੇ ਰਹੇ । ਪਰ ਕੁੱਝ ਵਿਦੇਸੀ ਲੁਟੇਰਿਆਂ ਨੇ ਭਾਰਤੀਆ ਨੂੰ ਲੁੱਟ ਕੇ ਵਾਪਿਸ ਜਾਣ ਇਥੇ ਰਹਿਕੇ ਲਗਾਤਾਰ ਲੁੱਟ ਨੂੰ ਸਦੀਵੀ ਧੰਦਾ ਬਣਾ ਉਹਨਾਂ ਨੂੰ ਗੁਲਾਮ ਬਣਾ ਲਿਆ ।

ਸਭ ਤੋਂ ਲਮਾਂ ਸਮਾਂ ਟਿਕਣ ਵਾਲੇ ਵਿਦੇਸੀਆਂ ਵਿਚੋਂ ਆਰੀਆ ਲੋਕ ਹੀ ਹਨ। ਇਹਨਾਂ ਮੱਧ ਏਸ਼ੀਆਈਆਰੀਆ ਲੋਕਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ  ਮੂਲਨਿਵਾਸੀ ਭਾਰਤੀ ਸਭਿਅਤਾ ਦੀ ਸੰਪਨਤਾ ਦਾ ਦੁਨੀਆਂ ਵਿਚ ਕੋਈ ਮੁਕਾਬਲਾ ਨਹੀਂ ਸੀ। ਇਸ ਦੇ ਸਬੂਤ ਭਾਰਤ ਦੇ ਪੁਰਾਤੱਤਵ ਵਿਭਾਗ ਵਲੋਂ ਮਹਿੰਜੋਦੜੋ, ਹੜੱਪਾ ਅਤੇ ਹੋਰ ਕਈ ਸਥਾਨਾਂ ਤੇ ਖੁਦਾਈ ਕਰਨ ਪਿੱਛੋ ਸਾਹਮਣੇ ਆਏ।  ਇਥੇ ਘੁੱਗ ਵਸਦੀ ਭਾਰਤੀ ਸਭਿਅਤਾ ਬਹੁਤ ਅਮੀਰ ਸੀ, ਬਹੁਤ ਸੁਚੱਜੇ ਢੰਗ ਨਾਲ ਸਹਿਰ ਵਸਾਏ ਗਏ ਸਨ । ਇਸ਼ਨਾਨ ਘਰ, ਬਰਾਤ ਘਰ, ਸਟੋਰ, ਤਲਾਵ, ਸੀਵਰੇਜ ਚੇ ਡਰੇਨੇਜ ਸਿਸ਼ਟਮ, ਖੁੱਲੇ ਚੁਰੱਸਤੇ ਪੂਰੇ ਵਿਉਂਤਬੰਦੀ ਨਾਲ ਬਣੇ ਹੋਏ ਸਨ। ਇਹ ਲੋਕੀ ਪੂਰੀ ਦੁਨੀਆਂ ਨਾਲ ਵਪਾਰ ਕਰਦੇ ਸਨ। ਵਿਦਿਆ, ਕਲਾ, ਅਤੇ ਖੇਤੀ ਉੱਤਮ ਬੜੇ ਅੱਛੇ ਮਿਆਰ ਦੀ ਕਰਦੇ ਸਨ ।

ਮੂਲਨਿਵਾਸੀ ਭਾਰਤੀ ਸਭਿਅਤਾ ਦਾ ਖਤਮ ਹੋਣ ਦਾ ਕੀ ਕਾਰਨ ਰਿਹਾ, ਖੋਜ ਧੀਮੀ ਗਤੀ ਨਾਲ ਚੱਲ  ਰਹੀ ਹੈ । ਇਸ ਦਾ ਕੋਈ ਲਿਖਤੀ ਇਤਿਹਾਸ ਨਹੀ ਬਚਿਆ। ਕੁੱਝ ਖੋਜਾਂ ਮੂਲਨਿਵਾਸੀ ਭਾਰਤੀ ਸਭਿਅਤਾ ਦਾ ਐਨਾ ਘਾਣ ਕਰ ਦਿਤਾ ਕਿ ਇਕ ਤਰਾਂ ਨਾਲ ਉਹ ਆਪਣੇ ਆਪ ਵਿਚੋਭਾਰਤ ਤੇ ਰਾਜੇ ਹੋਣ ਦਾ ਅਹਿਸਾਸ ਤਾਂ ਕੀ ਅਜਾਦ ਸੋਚ ਵਾਲੇ ਇਨਸਾਨ ਹੋਣਾ ਵੀ ਭੁੱਲ ਗਏ । ਉਹ ਭੁੱਲ ਗਏ ਕਿ ਕੌਣ ਸਨ, ਉਹਨਾਂ ਦਾ ਦੁਸ਼ਮਣ ਕੌਣ ਹੈ ਤੇ ਕੌਣ ਦੋਸਤ ਕੌਣ ਹੈ। ਇਹ ਵੀ ਭੁੱਲ ਗਏ ਕਿ ਆਰੀਆ ਲੋਕਾਂ ਤੇ ਉਹਨਾਂ ਦੇ ਰਾਜਿਆਂ ਨੇ ਮੂਲ ਨਿਵਾਸੀ ਰਾਜਿਆਂ ਅਤੇ ਭਾਰਤੀਆਂ ਕਤਲ ਕਰਕੇ ਉਹਨਾਂ ਨੂੰ ਰਾਜ ਭਾਗ ਖੋਹਿਆ ਅਤੇ ਸਾਰੇ ਵਸੀਲਿਆਂ ਤੋਂ ਬੇਦਖਲ ਕੀਤਾ ਹੈ। ਮੂਲ ਨਿਵਾਸੀ ਲੋਕਾਂ ਦੀ ਤਰਕ ਸ਼ਕਤੀ ਖੋਹੀ ਅਤੇ ਖਤਮ ਕਰ ਦਿਤੀ ਗਈ। ਸਿਖਾਇਆ ਗਿਆ ਕਿ ਇਹ ਉਹਨਾਂ ਦੀ ਦੁਰਦਸ਼ਾ ਪਿਛਲੇ ਜਨਮ ਦੇ ਕਰਮਾਂ ਦਾ ਫਲ ਹੈ। ਅਨਪੜ ਸਮਾਜ ਨੇ ਇਸੇ ਸੱਚ ਮੰਨ ਕੇ ਨੂੰ ਭਾਣਾ ਮੰਨ ਲਿਆ। ਆਰੀਆ ਲੋਕਾਂ ਨੇ ਇਹ ਪ੍ਰਚਾਰਿਆ ਕਿ ਉਹ ਆਰੀਆ ਲੋਕਾਂ ਦੇ ਜੋ ਰਾਜੇ  ਸਨ ਉਹ ਰਾਜੇ ਨਹੀ ਸਨ ਉਹ ਰੱਬ ਦੇ ਦੂਤ ਸਨ, ਪੂਰੇ ਭਾਰਤ ਦੇਹੀ ਦੇਵੀ, ਦੇਵਤੇ ਹਨ। ਭਾਰਤੀ ਮੂਲਨਿਵਾਸੀ ਲੋਕੀ ਜਿਹਨਾ ਦੇ ਆਪਣੇ ਇਤਿਹਾਸ ਦਾ ਕੁੱਝ ਨਹੀ ਸੀ ਬਚਿਆ ਉਹ ਵੀ ਇਹ ਸਮਝਕੇ ਪੂੱਜਣ ਲਗੇ ਕਿ ਇਹ ਵੀ ਉਹਨਾਂ ਦੇ ਦੇਵਤੇ ਹਨ, ਮੰਨਣ ਲਗ ਗਏ ਕਿ ਉਹਨਾ ਦੇਵਤਿਆਂ ਕੋਲ ਕੋਈ ਰੱਬੀ ਸ਼ਕਤੀ ਹੈ, ਜੋ ਉਹਨਾਂ ਦੇ ਸਾਰੇ ਦੁੱਖ ਦੂਰ ਕਰਨ ਯੋਗ ਹਨ। ਇਹ ਹੀ ਭਾਰਤੀ ਮੂਲਨਿਵਾਸੀ ਸਮਾਜ ਦੀ ਵੱਡੀ ਤ੍ਰਾਸਦੀਰਹੀ ਹੈ, ਕਿ ਜਿਸ ਕਾਰਨ ਅੱਜ ਤਕ ਗੁਲਾਮੀ ਤੋ ਅਜਾਦ ਨਹੀ ਹੋ ਪਾ ਰਹੇ। ਉਸੇ ਸਿਸ਼ਟਮ ਦਾ ਮਾਨਸਿਕ ਤੌਰ ਤੇ ਗੁਲਾਮ ਬਣ, ਜੋ ਆਪਣੇ ਹੀ ਪੂਰਵਜਾਂ ਦੇ ਕਾਤਲਦੀ ਪੂੱਯਾ ਦੇ ਮੱਕੜ ਜਾਲ ਦੀ ਘੁੰਮਣ ਘੇਰੀ ਚ ਫਸੇ ਅੱਜ ਤਕ ਨਿਕਲ ਨਹੀਂ ਸਕੇ। ਹੋਰ ਵੀ ਮਾੜੀ ਗਲ ਕਿ ਜੋ ਵੀ ਭਾਰਤੀ ਮੂਲਨਿਵਾਸੀ ਇਸ ਵਿਚੋ ਨਿਕਲਣ ਦੀ ਕੋਸ਼ਿਸ ਕਰਦਾ ਹੈ, ਉਸ ਨੂੰ ਉਸੇ ਦੇਭਰਾਵਾਂ ਦਾ (ਜੋ ਬੁਰੀ ਤਰਾਂ ਮਾਨਸਿਕ ਤੌਰ ਤੇ ਬਿਮਾਰ ਹਨ ) ਵਿਰੋਧ ਅਤੇ ਜੁਲਮ ਸਹਿਣ ਕਰਨਾ ਪੈਂਦਾ ਹੈ, ਕਿ ਉਹ ਧਰਮ ਦਾ ਅਪਮਾਨ ਨਹੀ ਕਰਵਾ ਸਕਦੇ। ਭਾਰਤੀ ਮੂਲਨਿਵਾਸੀ ਸਮਾਜ ਦਾ ਇਤਿਹਾਸ ਕਿਸੇ ਵੀ ਆਰੀਆਨ ਇਤਿਹਾਸਕਾਰ ਨੇ ਨਹੀ ਲਿਖਿਆ, ਹਾਰੇ ਹੋਏ ਦੀ ਕੀ ਗਾਥਾ ਅਤੇ ਉਸ ਦੇ ਦੁੱਖ ਸੁੱਖਵਾਰੇ ਸਧਾਰਨ ਕੁੱਤਾ ਨਹੀਂ ਸੀ, ਇਹ ਕੁੱਤਾ ਪਾਂਡਵਾਂ ਅਤੇ ਕੌਰਵਾਂ ਦੇ ਨਾਲ ਦਰੋਣ ਦੇ ਆਸ਼ਰਮ ਵਿੱਚ ਰਹਿੰਦੇ ਕੁੱਤਿਆਂ ਵਿਚੋਂ ਇੱਕ ਕੁੱਤਾ ਸੀ । ਜਦ ਉਹ ਕੁੱਤਾ ਤੀਰਾਂ ਸਮੇਤ ਵਾਪਸ ਆਸ਼ਰਮ ਆਇਆ ਤਾਂ ਦਰੋਣ ਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਕੁੱਤੇ ਦਾ ਮੂੰਹ ਤੀਰ ਦੇ ਨਾਲ ਬੰਦ ਕਿੰਨੀ ਸਾਵਧਾਨੀ ਨਾਲ ਬਿਨਾਂ ਕੋਈ ਨੁਕਸਾਨ ਪਹੁੰਚਾਏ ਕੀਤਾ ਗੀਆ  ਸੀ।

ਕੁੱਝ ਦੇਰ ਪਿੱਛੋ  ਦ੍ਰੋਣਾਚਾਰੀਆ, ਅਰਜੁਨ, ਯੁਧਿਸ਼ਟੀਰ ਅਤੇ ਦੁਰਯੋਧਨ ਸਮੇਤ ਕੁੱਤੇ ਦੇ ਪਿੱਛੇ ਬਹੁਤ ਸਾਰੇ ਸੈਨਿਕਾਂ ਨਾਲ ਇਕਲਵਿਆ ਦੇ ਟਿਕਾਣੇ ਤੇ ਪਹੁੰਚ ਗਏ । ਜਿਉਂ ਹੀ ਇਕਲਵਿਆ ਨੇ ਦਰੋਣਾਚਾਰੀਆ ਨੂੰ ਆਪਣੇ ਸਾਹਮਣੇ ਦਿਖਾਇਆ, ਉਹ ਪ੍ਰਣਾਮ ਕਰਨ ਅਗੇ ਪਹੁੰਚ ਗਿਆ । ਗੁਰੂ ਦ੍ਰੋਣਾ ਗੁੱਸੇ ਹੋ ਗਿਆ ਅਤੇ ਪੁੱਛਿਆ, ਕਿਸਨੇ ਰਾਜਕੁਮਾਰਾਂ ਦੇ ਕੁੱਤੇ ਨੂੰ ਇੰਨੀ ਪੀੜਾ ਦਿੱਤੀ ਹੈ? ਇਸ ਸਵਾਲ ਦੇ ਜਵਾਬ ਵਿਚ ਏਕਲਵਿਆ ਨੇ ਕਿਹਾ ਕਿ ਇਸ ਕੁੱਤੇ ਨੂੰ ਬਹੁਤ ਦੁੱਖ ਨਹੀਂ ਹੋਇਆ ਹੈ ਕਿਉਂਕਿ ਜਿਸ ਢੰਗ ਨਾਲ ਮੈਨੂੰ ਤੁਸੀ ਸਿਖਾਇਆ ਹੈ, ਮੈਂ ਬਿਨਾ ਕਸ਼ਟ ਦਿਤੇ ਉਸ ਦਾ ਮੂੰਹ ਬੰਦ ਕਰ ਦਿੱਤਾ ਹੈ। ਗੁਰੂ ਦ੍ਰੋਣਾ ਸ਼ੁਰੂ ਵਿਚ ਹੈਰਾਨ ਸੀ ਪਰ ਬਾਅਦ ਵਿਚ ਉਨ੍ਹਾਂ ਦੀ ਆਪਣੀ ਹੀ ਮੂਰਤੀ ਦੇਖ ਕੇ ਏਕਲਵਿਆ ਨੂੰ ਪਹਿਚਾਣ ਲਿਆ।. ਅਰਜੁਨ, ਆਪਣੇ ਗੁਰੂ ਦ੍ਰੋਣ ਨੂੰ ਵੇਖ ਕੇ ਹੱਸਿਆ, ਜਿਵੇਂ ਕਿ ਉਹ ਗੁਰੂ ਦ੍ਰੋਣ'ਤੇ ਹੱਸ ਰਿਹਾ ਹੋਵੇ, ਕਿਉਂਕਿ ਅੱਜ ਅਰਜਣ ਦੇ ਸਹਮਣੇ ਉਸ ਨਾਲੋਂ ਬਿਹਤਰ ਧਨੁਸ਼ਧਾਰੀ ਖੜ੍ਹਾ ਸੀ। ਏਕਲਾਵਿਆ ਦੀ ਪ੍ਰਤਿਭਾ ਵੇਖਣ ਤੋਂ ਬਾਅਦ ਦ੍ਰੋਣਾਚਾਰੀਆ ਸੰਕਟ ਵਿੱਚ ਪੈ ਗਏ. ਪਰ ਅਚਾਨਕ ਉਨ੍ਹਾਂ ਨੂੰ ਇਕ ਘਿਨਾਉਣੀ ਤਜਵੀਜ ਸੁੱਝੀ। ਉਸਨੇ ਏਕਲਵਿਆ ਤੋਂ ਗੁਰਦਕਸ਼ਿਨਾ ਵਿੱਚ ਉਸ ਦੇ ਸੱਜੇ ਹੱਥ ਦੇ ਅੰਗੂਠਾ ਮੰਗ ਲਿਆ ਤਾਂ ਜੋ ਏਕਲਵਿਆ ਧਨੁਸ਼ ਨਾ ਚਲਾ ਸਕੇ। ਇੱਕ ਆਦਰਸ਼ ਅਤੇ ਆਗਿਆਕਾਰੀ ਚੇਲੇ ਦੀ ਤਰ੍ਹਾਂ, ਏਕਲਵਿਆ ਨੇ ਆਪਣੇ ਅੱਖਾਂ ਵਿੱਚੋ ਹੰਝੂ ਪੂੰਝੇ ਕੇ ਅਚਨਚੇਤ ਆਪਣੇ ਗੁਰੂ ਨੂੰ ਆਪਣਾ ਅੰਗੂਠੇ ਦੇ ਦਿੱਤਾ।

ਕੁਮਾਰ ਏਕਲਵਿਆ ਗੁਰੂਦਕਸ਼ਨਾ ਵਿਚ ਅੰਗੂਠਾ ਦੇਣ ਤੋਂ ਬਾਅਦ, ਪਿਤਾ ਹਿਰਣਅਧਨੂ ਕੋਲ਼ ਜਾਂਦੇ ਹਨ। ਉਹ ਆਪਣੇ ਪੁੱਤਰ ਦਾ ਹਾਲ ਦੇਖ ਰਾਜਾ ਬੜੀ ਗਰਜਵੀ ਅਵਾਜ ਮਗਧ, ਚੰਦੇਰੀ ਆਦਿ ਵੱਡੇ ਰਾਜਾਂ ਦੇ ਬਰਾਬਰ ਦਾ ਸ਼ਕਤੀ ਸ਼ਾਲੀ ਰਾਜ ਸੀ। ਆਰੀਆ ਲੋਕਾਂ ਦੇ ਭਾਰਤ ਚ ਆਉਣ ਪਹਿਲਾਂ ਭਾਰਤ ਵਿਚ ਲੋਕਤੰਤਰ ਸਥਾਪਿਤ ਹੋ ਚੁੱਕਾ ਸੀ ਇਸ ਦਾ ਮੁੱਖੀਆ ਰਾਜਾ ਹੁੰਦਾ ਸੀ ।ਦੁਨੀਆਂ ਦੇ ਪਹਿਲੇ ਗਣਰਾਜ ਦੀ ਸਥਾਪਨਾਂ ਭਾਰਤ ਵਿਚ ਹੀ ਹੋਈ। ਜਿਸ ਤਰਾਂ ਪੁਰਾਤਨ ਸਮਿਆਂ ਤੋਂ ਹੀ ਭਾਰਤ ਵਿਚ ਲੋਕਤੰਤਰ, ਗਣਰਾਜ ਵਿਵਸਥਾ ਸੀ, ਭਾਰਤੀ ਮੂਲਨਿਵਾਸੀ ਰਾਜੇ ਨਿਸ਼ਾਦਰਾਜ ਰਾਜਾ ਹਿਰਣਅਧਨੂ ਏਕਵਲਵਿਆ ਦੇ ਪਿਤਾ ਵੀ ਇਸੇ ਤਰਾਂ ਰਾਜ ਪ੍ਰਬੰਧਨ ਚਲਾ ਰਹੇ ਸਨ। ਮੰਤਰੀ ਮੰਡਲ ਲੋਕਾਂ ਦੁਆਰਾ ਚੁਣਿਆ ਜਾਂਦਾ ਸੀ, ਇਹ ਮੰਤਰੀ ਮੰਡਲ ਰਾਜੇ ਦੇ ਪ੍ਰੀਵਾਰ ਦਾ ਹਿੱਸਾ ਹੁੰਦਾ ਸੀ । ਇੰਗਲੈਂਡ ਦਾ ਰਾਜ਼ ਪ੍ਰਬੰਧਨ ਵੀ ਭਾਰਤੀ ਮੂਲ ਨਿਵਾਸੀ ਰਾਜ ਪ੍ਰਬੰਧਨ ਦੇ ਨਾਲ ਮੇਲ ਖਾਂਦਾ ਹੈ।

ਆਰੀਆ ਲੋਕਾਂ ਦੇ ਭਾਰਤ ਆਉਣ ਤੋ ਬਾਅਦ ਗਣਰਾਜ ਦੀ ਵਿਵੱਸਥਾ ਤਕਰੀਬਨ ਖਤਮ ਹੋ ਗਈ, ਬ੍ਰਾਹਮਣਵਾਦੀ ਸਿੱਖਿਆ ਅਨੁਸਾਰ ਕਸ਼ੱਤਰੀ ਰਾਜ ਦਾ ਮੁਖੀਆ ਹੁੰਦਾ ਸੀ ਅਤੇ ਉਸ ਦੀ ਇੱਛਾ ਅਨੁਸਾਰ ਮੰਤਰੀ ਮੰਡਲ ਦੀ ਵਿਵਸਥਾ ਚਲਦੀ ਸੀ । ਇਸ ਦੇ ਸਬੂਤ ਇਤਿਹਾਸ ਵਿਚੋਂ ਹੀ ਮਿਲਦੇ ਹਨ, ਆਰੀਆਨ ਦੇ ਨਾਲ ਬ੍ਰਾਹਮਣੀਵਾਦੀ (ਵੰਡਵਾਦੀ) ਸੋਚ ਦੇ ਆਉਣ ਪਿੱਛੋ ਸਾਰੇ ਅਧਿਕਾਰ ਰਾਜੇ ਕੋਲ ਹੀ ਕਰ ਦਿਤੇ ਗਏ, ਮੰਤਰੀ ਮੰਡਲ ਦੀ ਚੋਣ ਵੀ ਰਾਜਾ ਆਪਣੀ ਮਰਜੀ ਅਤੇ ਸਵਿਧਾ ਅਨੁਸਾਰ ਬਣਾਉਂਦੇ ਸਨ।

ਇਸ ਦੇ ਨਾਲ ਹੀ ਜਿਆਦਾਤਰ ਭਾਰਤੀ ਮੂਲ ਨਿਵਾਸੀ ਰਾਜੇ ਤੋਂ ਲੈਕੇ ਆਮ ਸਧਾਰਨ ਵਿਅਕਤੀ ਤਕ ਹਰ









ਅਤੇ ਪੁਰਾਤਨ ਲਿਖੇ  ਗਰੰਥ ਹੀ ਇਸ ਗਲ ਦੇ ਕੁੱਝ ਸਬੂਤ ਹਨ । ਪਿੰਡਾਂ ਦੇ ਪਿੰਡ ਅੱਗ ਲਗ ਕੇ ਸਾੜ ਦਿਤੇ, ਹਮਲੇ ਕਰ ਕਤਲੋਗਾਰਤ ਮਚਾਇਆ ਗਿਆ, ਉਹਨਾਂ ਮੂਲ ਨਿਵਾਸੀ ਭਾਰਤੀ ਸਭਿਅਤਾ ਦੇ  ਇਤਿਹਾਸ ਵਿਚੋਂ ਹਰ ਸਬੂਤ ਮਿਟਾਉਣ ਪੂਰੀ ਕੋਸ਼ਿਸ ਕੀਤੀ ਗਈ । ਕੁੱਝ ਲੋਕਾਂ ਨੂੰ ਗੁਲਾਮ ਬਣਾ ਲਿਆ ਗਿਆ, ਕੁੱਝ ਜੰਗਲ਼ਾਂ ਵਿਚ ਜਾਨ ਬਚਾ ਕੇ ਭੱਜ ਗਏ । ਇਹਨਾਂ ਸਾਰੇ ਮੂਲਨਿਵਾਸੀ ਭਾਰਤੀ ਲੋਕਾਂ ਨੂੰ ਅਸੂਤ, ਸੂਦਰ, ਅਤੀ-ਸੂਦਰ ਬਣਾ ਉਹਨਾਂ ਦੀਆਂ ਲਗਾਤਾਰ ਵੰਡੀਆਂ ਪਾਉਂਦੇ ਹੋਏ ਸਮਾਜ ਨੂੰ 6743 ਜਾਤੀਆਂ ਵਿਚ ਵੰਡ ਦਿਤਾ।

ਮੂਲਨਿਵਾਸੀ ਭਾਰਤੀ ਸਭਿਅਤਾ ਦਾ ਸਾਰਾ ਪੁਰਾਣਾ ਸਹਿਤ ਜਲ਼ਾ ਕੇ ਇਤਿਹਾਸ ਨੂੰ ਖਤਮ ਕਰ ਦਿਤਾ ਗਿਆ ਅਤੇ ਨਵੀ ਇਤਿਹਾਸ ਸਿਰਜਣਾ ਖਤਮ ਕਰ ਦਿਤੀ ਗਈ । ਉਸ ਸਮੇ ਦੇ ਤੱਤਕਾਲੀਨ ਅਤੇ ਭਵਿੱਖ ਵਿਚ ਜਨਮ ਲੈਣ ਵਾਲੇ ਮੂਲਨਿਵਾਸੀ ਭਾਰਤੀ ਲੋਕਾਂ ਉਤੇ ਪੜਨ, ਲਿਖਣ, ਪਾਠ ਪੂੱਯਾ, ਹਥਿਆਰ ਰੱਖਣ, ਚੰਗੇ ਖਾਣ, ਚੰਗੇ ਪਹਿਨਣ, ਕਿਸੇ ਵੀ ਕਿਸਮ ਦੀ ਧਨ ਦੌਲਤ ਰਖਣ, ਘਰਾਂ ਵਿਚ ਰਹਿਣ ਉਤੇ ਸਖਤ ਪਾਬੰਦੀਆਂ ਲਗਾ ਦਿੱਤੀਆਂ । ਉਲੰਘਣਾ ਕਰਨ ਵਾਸਤੇ ਨੂੰ ਮੌਤ ਨਾਲੋਂ ਵੀ ਭਿਆਨਕਸਜਾਵਾਂ ਦੇਣੀਆਂ ਚਾਲੂ ਕਰ ਦਿੱਤੀਆਂ, ਜਾਨਵਰਾਂ ਨਾਲੋ ਵੀ ਬਦਤਰ ਜਿੰਦਗੀ ਸੀ ।

ਆਰੀਆ ਲੋਕੀ ਆਪਣੇ ਜੇਤੂੰ ਰਾਜਿਆਂ ਅਤੇ ਜਿੱਤ ਪ੍ਰਾਪਤ ਕਰਨ ਵਿਚ ਸਹਿਯੋਗ ਦੇਣ ਵਾਲੇ ਮਰਦ ਅਤੇ ਔਰਤਾਂ ਸਵੈਮ ਲਿਖਾਏ ਇਤਿਹਾਸ ਵਿਚ ਦੇਵੀ, ਦੇਵਤਿਆਂ (ਦੇਵਤਾ-ਦੇਣ ਵਾਲਾ ਅਤੇ ਦੇਵੀ - ਦੇਣ ਵਾਲੀ ) ਨੂੰ ਰੱਬ ਦੇ ਭੇਜੇ ਖਾਸ ਦੂਤ ਬਣਾਕੇ ਉੱਚ ਸਥਾਨ ਦਿਤਾ ਗਿਆ, ਸਮਾਂ ਬੀਤਣ ਨਾਲ ਇਹੋ ਰੱਬ, ਜਾਣੀ ਕਿ ਭਗਵਾਨ ਬਣਾ ਲਏ ਅਤੇ ਪੂਜਣੇ ਸੂਰੂ ਕਰ ਲਏ ਗਏ। ਇਹਨਾਂ ਨੂੰ ਉੱਚ ਦਰਜਾ ਦੇਣ ਵੀ ਕਿਉਂ ਨਾਂ ਆਖਰ ਮੂਲਨਿਵਾਸੀ ਭਾਰਤੀ ਲੋਕਾਂ ਦਾ ਰਾਜ ਭਾਗ ਖੋਹ ਕੇ, ਲੁੱਟ ਕੇ ਆਰੀਆ ਲੋਕਾਂ ਚਰਨਾਂ ਵਿਚ ਜੋ ਆ ਜਾਂਦਾ ਸੀ ।

ਉਧਰ ਸਮਾਂ ਬੀਤਣ ਨਾਲ ਮੂਲਨਿਵਾਸੀ ਭਾਰਤੀ ਸਭਿਅਤਾ ਉਤੇ ਪੀਹੜੀ ਦਰ ਪੀਹੜੀ ਅਨਪੜਤਾ ਦੇ ਅੰਧੇਰੇ ਦੀ ਜਕੜ ਵਧਦੀ ਗਈ, ਜੀਵਨ ਜੀਣ ਦੇ ਹਰ ਸਾਧਨ ਤੋਂ ਵਾਂਝੇ ਸਰੀਰਕ ਅਤੇ ਦਿਮਾਗੀ ਤੌਰ ਤੇ ਹੋਰ ਕਮਜੋਰ ਹੋ ਗੁਲਾਮੀ ਦੇ ਡੂੰਘੇ ਖੂੰਹ ਵਿਚ ਡਿਗਦੇ ਚਲੇ ਗਏ । ਆਰੀਆ ਲੋਕਾਂ ਦੇ ਭਾਰਤ ਵਿਚ ਵਸ ਜਾਣ ਬਾਅਦ ਜਿਹੜੇ ਵੀ ਹਮਲਾਵਰ ਆਏ, ਉਹਨਾ ਦੀ ਹਰ ਵਧੀਕੀ ਆਰੀਆ ਲੋਕ ਬਰਦਾਸਤ ਕਰ ਲੈਂਦੇ ਰਹੇ, ਪਰ ਜਿਸ ਨੇ ਵੀ ਭਾਰਤੀ ਮੂਲਨਿਵਾਸੀਆਂ ਦੀ ਹਾਲਤ ਸੁਧਾਰਨ ਦੀ ਕੋਸ਼ਿਸ ਕੀਤੀ, ਆਰੀਆ ਲੋਕੀ ਉਹਨਾਂ ਦੁਸ਼ਮਣ ਮਨਦੇ ਹੋਏ ਉਸ ਦੇ ਹੀ ਪਿੱਛੇ ਪਏ ।

ਮੱਧ ਏਸ਼ੀਆ ਤੋਂ ਆਏ ਆਰੀਆ ਲੋਕਾਂ ਨੇ ਕੌਣ ਲਿਖੇ । ਜੋ ਇਤਿਹਾਸ ਲਿਖਿਆ ਨਿਰਪੱਖ ਨਹੀ,  ਤੱਥਾਂ ਨੂੰ ਤੋੜ ਮਰੋੜ ਕੇ ਸੱਚ ਤੋਂ ਦੂਰ ਹੋ ਲਿਖਿਆ । ਉਸ ਲੇਖਣੀ ਵਿਚ ਕੋਈ ਇਮਾਨਦਾਰੀ ਨਜ਼ਰ ਨਹੀ ਆਉਂਦੀ ।

ਉਧਾਰਨ ਦੇ ਤੋਰ ਤੇ ਮਹਾਂਭਾਰਤ ਦੇ ਸਮੇਂ ਏਕਲਾਵਿਆ ਅਤੇ ਕਰਨ  ਦੋਨਾਂ ਬਾਰੇ ਪੜ੍ਹ ਕੇ ਬਿਲਕੁਲ ਇਨਸਾਫ ਪਸੰਦ ਇਨਸਾਨ ਦਾ ਮਨ ਦੁਖੀ ਹੋ ਜਾਂਦਾ ਹੈ । ਇਕੋ ਸਮੇ ਦੋਨਾਂ ਹੀ ਮੂਲਨਿਵਾਸੀ ਕਰਨ ਅਤੇ ਇਕਲਵਿਆ ਸੰਭਵ ਤੌਰ ਤੇ ਦੂਹਰੀ ਭਾਰਤੀ ਵਰਣ ਵਿਵੱਸਥਾ ਦੇ ਪੀੜਤ ਸਨ ।ਜਾਂ ਕਿ ਉਹ ਗੁਨਾਹਗਾਰ, ਅਪਰਾਧੀਆਂ ਵਲੋਂ ਲੜਦੇ ਸਨ ਜੋ ਗਲਤ ਕੰਮਾਂ ਦੇ ਵਿਚ ਲਗੇ ਹੋਏ ਸਨ । ਜਿਵੇਂ ਕਿ ਇਤਿਹਾਸ ਵਿਚ ਵਾਪਰਿਆ ਹੈ, ਹਾਰੇ ਹੋਇਆਂ ਨੂੰ ਜੇਤੂਆਂ ਦੀ ਤੁਲਨਾ ਵਿਚ ਬਹੁਤ ਘੱਟ ਨਿਆਇ ਮਿਲਦਾ ਹੈ। ਮਹਾਂਭਾਰਤ ਦਾ ਮੂਲਨਿਵਾਸੀ ਭੀਲ ਰਾਜਕੁਮਾਰ ਏਕਲਵਿਆ ਇਕ ਮਹਾਨ ਯੋਧਾ ਅਤੇ ਤੀਰਅੰਦਾਜ ਹੋਣ ਦੇ ਬਾਵਜੂਦ ਵੀ ਹੁਣ ਤਕ ਇਕ ਅਣਗੌਲ਼ਿਆ ਹੋਇਆ ਅਧਿਆਇ ਬਣਿਆ ਰਿਹਾ ਹੈ। ਉਹ ਮੂਲਨਿਵਾਸੀਰਾਜਾ ਹਿਰਣਅਧਨੂ ਅਤੇਰਾਣੀ ਸੁਲੇਖਾ ਨੂੰ ਪੁੱਤਰ ਸੀ। ਉਸ ਦਾ ਨਾਂ "ਅਬਿਧੁਮਨ" ਰਖਿਆ ਗਿਆ, ਰਾਜ ਦੇ ਲੋਕੀ ਅਕਸਰ ਉਸਨੂੰ "ਅਭੈ" ਦੇ ਨਾਂ ਨਾਲ ਬੁਲਾਉਂਦੇ ਸਨ, ਪੰਜ ਸਾਲ ਦੀ ਉਮਰ ਤੋਉਸ ਨੇ ਸਿੱਖਿਆ ਰਾਜ ਦੇ ਗਰੂਕੁਲ ਕੋਲੋਂ ਲੈਣੀ ਸੂਰੂ  ਕੀਤੀ ਅਤੇ ਇਥੇ ਗਰੂਕੂਲ ਵਿਚ ਹੀ ਉਸ ਨੂੰ ਇਕ ਹੋਰ ਨਾਂਮਿਲਿਆ "ਏਕਲਵਿਆ" । ਬਾਲਕ "ਅਭੈ" ਵਿਚ ਅਥਾਹ ਸਿੱਖਣ ਦੀ ਲਗਨ, ਇਕਾਗਰਤਾ ਦੀ ਬੇਜੋੜ ਪ੍ਰਭਿਤਾ ਦੇਖਣ ਪਿੱਛੋਂ ਕੁੱਲ ਗੁਰੂ ਨੇ ਰਾਜਕੁਮਾਰ ਬਾਲਕ ਦਾ ਨਾਂ ਏਕਲਭਿਆ ਦਾ ਨਾਂ ਦਿਤਾ, (ਇੱਕ+ਲਭਿਆ) ਜਾ ਬਾਅਦ ਵਿਚ "ਏਕਲਵਿਆ" ਦੇ ਨਾਂ ਨਾਲ ਮਸਹੂਰ ਹੋਇਆ। ਰਾਜ ਕੁਮਾਰ ਏਕਲਵਿਆ  ਜਵਾਨ ਹੋਇਆ ਤੇ ਪਿਤਾ ਹਿਰਣਅਧਨੂ ਨੇ ਉਸ ਦਾ ਵਿਆਹ ਆਪਣੇ ਇਕ ਨਿਸ਼ਾਦ ਮਿੱਤਰ ਦੀ ਪੁੱਤਰੀ ਸੁਨੀਤਾ ਨਾਲ ਕਰਵਾ ਦਿਤਾ।

ਇਹ ਦੱਸਣਾ ਵੀ ਜਰੂਰੀ ਹੈ ਕਿ ਮਹਾਂਭਾਰਤ ਦੇ ਭੀਸ਼ਮ ਪਿਤਾਮਾ ਦੀ ਸੌਤੇਲੀ ਮਾਤਾ ਸੁਸ਼ਵਤੀ ਵੀ ਨਿਸ਼ਾਦਰਾਜ ਜਾਤੀ ਦੀ ਕੰਨਿਆਂ ਸੀਜੋ ਏਕਲਾਵਿਆ ਦੀ ਜਾਤੀ ਵਿਚੋਂ ਸੀ ਅਤੇ ਉਹ ਕੌਰਵਾਂ, ਪਾਂਡਵ ਦੀ ਦਾਦੀ ਵੀ ਸੀ ।

ਗੁਰੂ ਦ੍ਰੋਣ ਤੋਂ ਸਿਖਿਆ ਪ੍ਰਾਪਤ ਕਰਨ ਦੀ ਇੱਛਾ ਪੂਰੀ ਨਾ ਹੋਣ ਕਾਰਨ ਉਸ ਨੇ ਸਵੈਮ ਹੀ ਜੰਗਲ ਵਿਚ ਅਭਿਆਸ ਸੂਰੂ ਕਰ ਦਿਤਾ । ਇਕ ਦਿਨ, ਏਕਲਵਿਆ ਦਾ ਅਭਿਆਸ ਚਲ ਰਿਹਾ ਸੀ ਅਤੇ ਇਕ ਕੁੱਤਾ ਭੌਂਕ ਕੇ ਵਾਰ-ਵਾਰ ਉਸ ਦੀ ਇਕਾਗਰਤਾ ਨੂੰ ਭੰਗ ਕਰ ਰਿਹਾ ਸੀ। ਏਕਲਵਿਆ ਨੇ ਕੁੱਤੇ ਦੇ ਮੂੰਹ ਨੂੰ ਆਪਣੇ ਕੁਝ ਤੀਰਾਂ ਨਾਲ ਭਰ ਦਿੱਤਾ ਹੈ ਕਿ ਖੂਨ ਦੀ ਇਕ ਬੂੰਦ ਵੀ ਉਸਦੇ ਸਰੀਰ ਵਿਚੋਂ ਨਹੀਂ ਨਿਕਲੀ ਅਤੇ ਕੁੱਤੇ ਭੌਂਕਣਾ ਵੀ ਬੰਦ ਕਰ ਦਿਤਾ  ਸੀ ।ਇਹ ਕੁੱਤਾ ਇਕ ਵਿਚਰਾਜਕੁਮਾਰ ਉਤੇ ਚਿਲਉਂਦਾ ਹੈ ਅਤੇ ਦੁੱਖ ਅਤੇ ਅਖਰੋਸ਼ ਨਾਲ ਭਰ ਜਾਂਦਾ ਹੈ। ਪਿਤਾ ਦਾ ਦਰਦ ਅਸਿਹ ਹੁੰਦਾ ਹੈ। ਜਵਾਨ, ਪ੍ਰਤੀਭਾਵਾਨ, ਬਹਾਦਰ ਪੁੱਤਰ ਨਾਲ ਹੋਏ ਧੋਖੇ ਦਾ ਦਰਦ ਕੋਈ ਵੀ ਪਿਤਾ ਭਲੀਭਾਂਤੀ ਜਾਣ ਸਕਦਾ ਹੈ। ਸਾਰੀ ਕਹਾਣੀ ਇਹ ਜਾਨਣਦੇ ਪਿੱਛੋਂ ਛੱਲ ਅਤੇ ਕਪਟ ਭਰੀ ਸੋਚ ਨਾਲ ਦਰੋਣ ਵਲੋਂ ਅੰਗੂਠਾ ਗੁਰੂ ਦਕਸਿਨਾ ਵਿਚ ਲੈਣਾ, ਏਕਲਵਿਆ ਜਾ ਰਾਜਾ ਦੇ ਪੁੱਤਰ ਨਾਲ ਹੀ ਨਹੀ ਇਹ ਪੂਰੇ ਸ਼ਰਿੰਗਵੇਰਪੁਰ ਰਾਜ ਨਾਲ ਕਪਟ ਭਰਿਆ ਧੋਖਾ ਸੀ । ਇਹ ਕਰਮ ਆਰੀਆ ਲੋਕਾਂ ਛੱਲ ਕੱਪਟ ਦੀ ਰਾਜਨੀਤੀ ਵੱਲ ਇਸ਼ਾਰਾ ਕਰਦਾ ਹੈ ਕਿ ਕਿਸ ਮਕਸ਼ਦ ਅਤੇ ਨੀਅਤ ਨਾਲ ਏਕਲਵਿਆ ਦਾ ਅੰਗੂਠਾ ਲਿਆ ਗਿਆ ।

ਅੰਗੂਠਾ ਨਾਂ ਰਹਿਣ ਪਿੱਛੋਂ ਪਿਤਾ ਹਿਰਣਅਧਨੂ ਦੁਬਾਰਾ ਫਿਰ ਤੋ ਪੁੱਤਰ ਧਨੁਸ ਵਿਦਿਆ ਲਈ ਪ੍ਰੇਰਤ ਕਰਦਾ ਹੈ। ਆਪਣੀ ਵਿਲਖਣ ਇਕਾਗਰ ਸ਼ਕਤੀ ਨਾਲਇਕਲਵਿਆ ਨੇ ਧਨੁਸ਼ ਵਿਦਿਆ ਵਿਚ ਹੋਰ ਅਗੇ ਵਧਦੇ ਹੋਏ, ਅੰਗੂਠੇ ਤੋਂ ਬਿਨਾਂ, ਚਾਰ ਉਂਗਲਾਂ ਨਾਲ ਫਿਰ ਤੋਂ ਤੀਰਅੰਦਾਜ਼ੀ ਦੀ ਤਕਨੀਕ ਦਾ ਸਿਖਰ ਪ੍ਰਾਪਤ ਕਰ ਲੈਂਦਾ ਹੈ। ਉਸ ਨੇ ਨਾਂ ਕੇਵਲ ਹੱਥ ਦੀਆਂ ਚਾਰ ਉਂਗਲਾਂ ਨਾਲ, ਸਗੋਂ ਪੈਰ ਦੇ ਪੰਜੇ ਨਾਲ ਤੀਰ ਅੰਦਾਜੀ ਦੀ ਪੂਰਨ ਸਰੇਸ਼ਠਤਾ ਹਾਸਲ ਕੀਤੀ । ਇਕਲਵਿਆ ਆਪਣੇ ਪਿਤਾ ਦੀ ਮੌਤ ਦੇ ਬਾਅਦ,ਸ਼ਰਿੰਗਵੇਰਪੁਰ ਰਾਜ ਦਾ ਰਾਜਾ ਬਣ ਗਿਆ । ਉਹ ਬਹੁਤ ਬਹਾਦਰ, ਬੁੱਧੀਮਾਨ, ਨਿਆਇ ਪਸੰਦ ਰਾਜਾ ਸੀ । ਉਸ ਨੇ ਜੰਤਾ ਦੁਆਰਾ ਚੁਣੇ ਗਏ ਮੰਤਰੀ ਮੰਡਲ ਦੀ ਮਦਦ ਨਾਂ ਸਿਰਫ ਆਪਣੇ ਰਾਜ ਨੂੰ ਚਲਾਇਆਪਰ ਨਿਸ਼ਾਦ ਭੀਲਾਂ ਦੀ ਮਜ਼ਬੂਤ ਫ਼ੌਜ ਅਤੇ ਸਮੰਦਰੀ ਫੌਜ ਦਾ ਗਠਨ ਵੀ ਕਰਦਾ ਰਿਹਾ ਅਤੇ ਆਪਣੇ ਰਾਜ ਦੀਆਂ ਹੱਦਾਂ ਨੂੰ ਵਧਾਉਂਣ ਦੀ ਭਰਭੂਰ  ਕੋਸ਼ਿਸ ਕਰਦਾ ਰਿਹਾ ।

ਮਹਾਂਭਾਰਤ ਦੇ ਸਮੇਂ, ਪ੍ਰਯਾਗ ਦੇ ਤੱਟਵਰਤੀ ਖੇਤਰ ਵਿਚ, ਦੂਰ ਦੂਰ ਤਕ ਫੈਲਦਾ ਹੈ, ਸ਼ਰਿੰਗਵੇਰਪੁਰ ਰਾਜ ਇਕਲਵਿਆ ਦਾ ਪਿਤਾ, ਨਿਸ਼ਾਦਰਾਜ ਹਿਰਣਅਧਨੂ  ਦਾ ਰਾਜ ਸੀ । ਰਾਜਾ ਅਤੇ ਉਸ ਦੇ ਸੈਨਾਪਤੀ ਗਿਰੀਬੀਰ ਬਹੁਤ ਬਹਾਦਰ ਸਨ । ਉਹਨਾ ਦੀਆਂ ਵੀਰਤਾ ਦੀਆਂ ਕਹਾਣੀਆਂ ਭਾਰਤ ਵਿਚ ਦੂਰ ਦੂਰ ਤਕ ਮਸਹੂਰ ਸਨ । ਇਹਨਾਂ ਦੀ ਵੀਰਤਾ ਤੋਂ ਦਰੋਣ ਅਤੇ ਆਰੀਆ ਲੋਕੀ ਭਲੀ ਭਾਂਤੀ ਜਾਣਦੇ ਸਨ ।ਏਕਵਲਵਿਆ ਦੇ ਪਿਤਾ ਸ਼ਰਿੰਗਵੇਰਪੁਰ ਰਾਜ ਦੇਨਿਸ਼ਾਦਰਾਜ ਰਾਜਾ ਹਿਰਣਅਧਨੂ ਅਤੇ ਉਸ ਦੀ ਰਾਣੀ ਸੁਲੇਖਾ ਦੇ ਰਾਜ ਤੋਂ ਰਾਜ ਦੇ ਲੋਕ ਖੁਸ਼ ਸਨ ਅਤੇ ਖੁਸ਼ਹਾਲੀ ਵਿਚ ਜੀਵਨ ਜੀ ਰਹੇ ਸਨ। ਸ਼ਰਿੰਗਵੇਰਪੁਰ ਰਾਜ ਦੇ ਨਿਸ਼ਾਦਰਾਜ ਦੇ ਰਾਜ ਦਰਬਾਰ ਦਾਕੰਮ ਕਾਰ ਮੰਤਰੀ ਪ੍ਰੀਸ਼ਦ ਚਲਾਉਂਦੀ ਸੀ, ਰਾਜਾ ਇਸ ਮੰਤਰੀ ਮੰਡਲ ਦਾ ਮੁੱਖੀਆ ਹੁੰਦਾ ਸੀ । ਇਹ ਵਿਸ਼ਾਲ ਰਾਜਗੰਗਾ ਦੇ ਤਟ ਨਾਲ ਇੰਨਸਾਨ ਵਿਚ ਬੀਰਤਾ, ਬਹਾਦਰੀ, ਸਮਰਪਣ, ਛੱਲ ਕੱਪਟ ਤੋਂ ਦੂਰ, ਹਰ ਤਰਾਂ ਦੇ ਨਿਆਇ ਵਿਚ ਵਿਸ਼ਵਾਸ ਰਖਣ ਵਾਲੇ, ਦਰਿੜ ਇਰਾਦੇ ਵਾਲੇ, ਹਰ ਕੁਰਬਾਨੀ ਲਈ ਤਿਆਰ, ਜੁਬਾਨ ਦੇ ਪੱਕੇ ਹੋਣ ਦਾ ਸਬੂਤ ਮਿਲ ਜਾਂਦੇ ਹਨ । ਇਤਿਹਾਸ ਪੜਦਿਆਂ ਪਤਾ ਲਗਦਾ ਹੈ ਕਿ ਮੂਲਨਿਵਾਸੀ ਲੋਕ ਇਮਾਨਦਾਰੀ ਨਾਲ ਕੀਤੇ ਯੁੱਧ ਵਿਚ ਆਰੀਆ ਕੋਲੋਂ ਕਦੀ ਵੀ ਨਹੀ ਹਾਰੇ, ਪਰ ਆਰੀਆ ਲੋਕਾਂ ਦੀ ਯੁੱਧ ਨੀਤੀ ਵਿਚ ਛੱਲ ਕੱਪਟ ਦੀ ਨੀਤੀ ਸੀ ਜਿਸ ਕਾਰਨ ਹੀ ਇਹਨਾਂ ਮੂਲਨਿਵਾਸੀ ਲੋਕਾਂ ਦੀ ਹਾਰ ਹੁੰਦੀ ਰਹੀ ।

ਜਿਸ ਹਥਿਆਰ (ਛੱਲ ਕਪਟ) ਦਾ ਪ੍ਰਯੋਗ ਕਰ ਦੁਸ਼ਮਣ ਜਿੱਤ ਪਰਾਪਤ ਕਰਦਾ ਹੈ, ਉਸ ਦੇ ਜਵਾਬ ਵੀ ਉਸੇ ਜਾਂ ਉਸ ਤੋਂ ਵਧੀਆ ਰੂਪ ਦਾ ਹਥਿਆਰ ਵਰਤ ਕੇ ਹੀ ਯੁੱਧ ਜਿੱਤਿਆ ਜਾ ਸਕਦਾ ਹੈ,ਅੱਜ ਤੱਕ ਵੀ ਭਾਰਤੀ ਮੂਲਨਿਵਾਸੀ ਇਹ ਗੱਲ ਨੂੰ ਨਹੀ ਸਮਝੇ ਤੇ ਨਾਂ ਹੀ ਵਰਤੋਂ ਵਿਚ ਨਹੀ ਲਿਆ ਸਕੇ ਹਨ । ਅੱਜ ਵੀ ਭੋਲ਼ੇ ਭਾਰਤੀ ਮੂਲਨਿਵਾਸੀ ਲੋਕੀ ਆਪਣੀ ਲੜਾਈ ਹਾਰਨ ਪਿੱਛੋ ਉਸ ਦੇ ਹੋਰ ਬਹੁਤ ਸਾਰੇ ਕਾਰਨ ਲੱਭ ਕੇ ਦੂਰ ਕਰਦੇ ਰਹਿੰਦੇ ਹਨ, ਪਰ ਜੈਸੇ ਨੂੰ ਤੈਸਾ (Tit for tat) ਜਾਂ ਅਦਲੇ ਦਾ ਬਦਲਾ ਜਾਣੀ ਕਿ ਛੱਲ ਕੱਪਟ ਦਾ ਬਦਲਾ ਛੱਲ ਕੱਪਟ ਨਾਲ ਕਦੀ ਪ੍ਰਯੋਗ ਤਾਂ ਕੀ ਧਿਆਨ ਵੀ ਨਹੀ ਲਿਆਉਂਦੇ, ਆਪਸੀ ਲੜਾਈ ਕਾਰਨ ਅਕਸਰ ਉਹ ਜਿੱਤ ਤੋਂ ਇਸੇ ਲਈ ਦੂਰ ਰਹਿੰਦੇ ਹਨ, ਹੋਰ ਬਹੁਤ ਸਾਰੇ ਕਾਰਨਾਂ ਦੇ ਨਾਲ ਇਹ ਵੀ ਉਹਨਾਂ ਦੀ ਹਾਰ ਦਾ ਮੁੱਖ ਕਾਰਨ ਹੈ । ਜੀਵਨ ਜੀਣ ਲਈ ਇਮਾਨਦਾਰੀ ਦਾ ਰਾਹਸਭ ਤੋਂ ਜਰੂਰੀ ਅਤੇ ਉਤਮ ਰਾਹ ਹੈ। ਪਰ ਯੱਧ ਵਿਚ ਨਹੀ,ਯੁੱਧ ਵਿਚ ਜੋ ਜਿੱਤਿਆ ਓਹੀ ਸਿਕੰਦਰ।

ਅੱਜ ਦੇ ਵੀ ਭਾਰਤੀ ਮੂਲਨਿਵਾਸੀ ਕੁੱਝ ਲੋਕੀ ਆਪਸੀ ਲੜਾਈ ਵਿਚ ਆਪਣੇ ਆਪ ਨੂੰ ਇਮਾਨਦਾਰੀ ਸਾਬਤ ਕਰਨ ਉਤੇ ਜੋਰ ਦਿੰਦੇ ਹਨ ਜੋ ਠੀਕ ਵੀ ਹੈ,  ਪਰਦੂਜੇ ਆਪਣੇ ਆਪ ਨੂੰ ਚੰਗਾ ਸਾਬਤ ਕਰਨ ਦੇ ਚੱਕਰ ਵਿਚ ਆਪਣੇ ਹੀ ਭਰਾ ਨੂੰ ਬੇਈਮਾਨੀ ਸਾਬਤ ਕਰਨ ਲਈ ਤੱਤਪਰ ਪੂਰੀ ਤਾਕਤ ਲਗਾ ਦਿੰਦੇ ਹਨ, ਅਤੇ ਆਪਸ ਵਿਚ ਫਟ ਕੇ ਹਾਰ ਜਾਂਦੇ ਹਨ । ਇਸ ਤਰਾਂ ਇਕਠੇ ਹੋ ਸਮੁੱਚੇ ਸਮਾਜ਼ ਦੀ ਖਾਤਰ ਜਿੱਤਣ ਵਾਲੀ ਇਕ ਵੱਡੀ ਲੜਾਈ  ਨੂੰ ਹਾਰ ਜਾਂਦੇ ਹਨ । ਜੋ ਕੰਮ ਦੁਸ਼ਮਣ ਨੇ ਪਾੜੋ ਅਤੇ ਰਾਜ ਕਰੋ (divide and rule) ਦਾ ਕੰਮ ਕਰਨਾ ਹੁੰਦਾ ਹੈ ਉਹ ਖੁੱਦ ਹੀ ਕਰ ਲੈਂਦੇ ਹਨ।

ਜਦੋਂ ਕ੍ਰਿਸ਼ਨ ਨੇ ਆਪਣੇ ਮਾਮੇਂ ਕੰਸ ਨੂੰ ਕਤਲ ਕਰ ਦਿੱਤਾ ਤਾਂ ਕੰਸ ਦੇ ਸਹੁਰੇ ਜ਼ਰਾਸੰਦ ਨੇ ਯਾਦਵਾਂ ਦੇ ਖਿਲਾਫ ਜੰਗ ਸ਼ੁਰੂ ਕਰ ਦਿਤੀ, (ਵਿਸ਼ਨੂੰ ਪੁਰਾਣ ਅਤੇ ਹਰੀਵੰਸ਼ ਪੁਰਾਣ ਦੇ ਅਨੁਸਾਰ) ਨਿਸ਼ਾਦ ਰਾਜਵੰਸ਼ ਅਤੇ ਮਗਾਧਾਮ ਸਾਮਰਾਜ ਦੇ

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਵਿੱਚ ਪੰਜਾਬੀ ਪ੍ਰਤੀ ਰੁੱਖਾ ਵਿਵਹਾਰ ਬਨਾਮ ਹਿੰਦੀ-ਅੰਗਰੇਜ਼ੀ ਦਾ ਸਤਿਕਾਰ?

## ਸਰਕਾਰ ਵੱਲੋਂ ਪੰਜਾਬ ਵਿੱਚ ਪੰਜਾਬੀ ਪ੍ਰਤੀ ਰੁੱਖਾ ਵਿਵਹਾਰ ਹਿੰਦੀ-ਅੰਗਰੇਜ਼ੀ ਦੇ ਸਤਿਕਾਰ ਦੇ ਪੱਖ ਵਿੱਚ ਵੀ ਨਹੀਂ



ਮਨਦੀਪ ਖੁਰਮੀ ਹਿੰਮਤਪੁਰਾ

ਇੰਗਲੈਂਡ ਦੇ ਸਾਊਥਾਲ ਰੇਲਵੇ ਸਟੇਸ਼ਨ ਦਾ ਪੰਜਾਬੀ 'ਚ ਨਾਮ ਲਿਖਿਆ ਹੋਇਐ, ਪਾਕਿਸਤਾਨ 'ਚ ਨਨਕਾਣਾ ਸਾਹਿਬ ਨੂੰ ਜਾਂਦੇ ਮਾਰਗ ਉੱਪਰ ਲੱਗੇ ਵੱਡ ਆਕਾਰੀ ਬੋਰਡ ਉੱਪਰ ਪੰਜਾਬੀ ਨੂੰ ਮਾਣ ਦਿੱਤਾ ਗਿਆ ਹੈ। ਕੈਨੇਡਾ 'ਚ ਤੀਜੀ ਆਵਾਸੀ ਭਾਸ਼ਾ ਵਜੋਂ ਮਾਣ ਮਿਲਣ ਦੇ ਬਾਅਦ ਏਅਰਪੋਰਟ 'ਤੇ ਵੀ ਪੰਜਾਬੀ 'ਚ ਲਿਖੇ ਦਿਸ਼ਾ ਸੂਚਕ ਬੋਰਡ ਆਮ ਹੀ ਨਜ਼ਰੀਂ ਪੈਂਦੇ ਹਨ। ਅਜਿਹੀਆਂ ਹੀ ਕੋਸ਼ਿਸ਼ਾਂ ਵਿਦੇਸ਼ਾਂ ਦੀ ਧਰਤੀ 'ਤੇ ਦੇਖਣ ਨੂੰ ਮਿਲਦੀਆਂ ਰਹਿੰਦੀਆਂ ਹਨ, ਪਰ ਦੁੱਖ ਉਦੋਂ ਹੁੰਦਾ ਹੈ ਜਦੋਂ ਪੰਜਾਬੀ ਭਾਸ਼ਾ ਨੂੰ ਆਪਣੀ ਹੀ ਧਰਤੀ 'ਤੇ ਪੰਜਾਬ ਵਿੱਚ ਵਿਤਕਰੇ ਦਾ ਸ਼ਿਕਾਰ ਹੁੰਦੇ ਦੇਖਦੇ ਹਾਂ। ਸ਼ਾਇਦ ਇਹ ਵਿਤਕਰਾ ਇਸ ਕਰਕੇ ਵੀ ਹੈ ਕਿ ਅਸੀਂ ਪੰਜਾਬੀ ਪੰਜਾਬੀਅਤ ਦਾ ਝੰਡਾ ਬੁਲੰਦ ਤਾਂ ਕਰ ਲੈਂਦੇ ਹਾਂ ਪਰ ਝੰਡੇ ਵਿਚਲੇ ਡੰਡੇ ਨੂੰ ਲੱਗੀ ਸਿਉਂਕ ਵੱਲ ਧਿਆਨ ਨਹੀਂ ਦਿੰਦੇ। ਸਾਡੀ ਬੇਧਿਆਨੀ ਤੇ ਗੂੜੀ ਨੀਂਦ ਦਾ ਹੀ ਨਤੀਜਾ ਹੈ ਕਿ "ਸੁੱਤਿਆਂ ਦੇ ਕੱਟੇ ਤੇ ਜਾਗਦਿਆਂ ਦੀਆਂ ਕੱਟੀਆਂ" ਕਹਾਵਤ ਵੀ ਆਪਣੀ ਆਪਣੀ ਜਿਹੀ ਲੱਗਣ ਲੱਗ ਪਈ ਹੈ। ਇਉਂ ਲਗਦਾ ਹੈ ਜਿਵੇਂ ਇਹ ਕਹਾਵਤ ਦੀ ਘਾੜਤ ਹੀ ਸਾਡੇ ਲਈ ਘੜੀ ਗਈ ਹੋਵੇ। ਜਿਹਨਾਂ ਨੂੰ ਇਹ ਕਹਾਵਤ ਦੇ ਮੁੱਢ ਦਾ ਗਿਆਨ ਨਹੀਂ, ਉਹਨਾਂ ਲਈ ਦੱਸਣਾ ਚਾਹਾਂਗੇ ਕਿ ਗੁਆਂਢ 'ਚ ਵਸਦੇ ਦੋ ਪਰਿਵਾਰਾਂ ਦਾ ਚੰਗਾ ਬੋਲ ਬੁਲਾਰਾ ਸੀ। ਪਸ਼ੂ-ਢਾਂਡਾ ਬੰਨਣ ਵਾਲੇ ਕਿੱਲੇ ਵੀ ਨਾਲੋ ਨਾਲ ਸਨ। ਦੋਵੇਂ ਪਰਿਵਾਰਾਂ ਦੀਆਂ ਮੱਝਾਂ ਸੂਣ ਵਾਲੀਆਂ ਸਨ। ਇੱਕ ਪਰਿਵਾਰ ਦਾ ਮੁਖੀ ਚਲਾਕ ਸੁਭਾਅ ਦਾ ਸੀ ਤੇ ਦੂਜਾ ਪੰਜਾਬ ਵਾਂਗ ਭੋਲੀ ਜਿਹੀ ਬਿਰਤੀ ਦਾ। ਰਾਤ ਨੂੰ ਮੱਝਾਂ ਦੀ ਰਾਖੀ ਲਈ ਬੈਠੇ ਸਨ ਕਿ ਕੋਈ ਅਵਾਰਾ ਕੁੱਤਾ ਬਿੱਲਾ ਸੂਣ ਵਾਲੀਆਂ ਮੱਝਾਂ ਜਾਂ ਜਨਮ ਲੈਣ ਵਾਲੇ ਕੱਟੇ ਕੱਟੀ ਦਾ ਨੁਕਸਾਨ ਨਾ ਕਰ ਜਾਵੇ। ਭੋਲੇ ਨੂੰ ਨੀਂਦ ਆਉਣ ਲੱਗੀ ਤਾਂ ਚਲਾਕ ਨੇ ਇਹ ਕਹਿ ਕੇ ਸੌਂ ਜਾਣ ਦੀ ਛੁੱਟੀ ਦੇ ਦਿੱਤੀ ਕਿ "ਮੈਂ ਬੈਠਾਂ, ਤੂੰ ਬੇਫ਼ਿਕਰ ਹੋ ਕੇ ਸੌਂ।" ਉਹ ਵਿਚਾਰਾ ਕਾਹਦਾ ਸੁੱਤਾ ਕਿ ਦੋਵਾਂ ਦੀਆਂ ਮੱਝਾਂ ਸੂ ਪਈਆਂ। ਚਲਾਕ ਦੀ ਮੱਝ ਨੇ ਕੱਟੇ ਨੂੰ ਜਨਮ ਦਿੱਤਾ ਤੇ ਭੋਲੇ ਦੀ ਮੱਝ ਨੇ ਕੱਟੀ ਨੂੰ। ਪਰ ਚਲਾਕ ਨੇ ਆਪਣੀ ਮੱਝ ਦਾ ਕੱਟਾ ਦੂਜੇ ਦੀ ਮੱਝ ਦੀ ਕੱਟੀ ਨਾਲ ਵਟਾ ਦਿੱਤਾ। ਜਿਵੇਂ ਸਾਡੇ ਸਮਾਜ ਵਿੱਚ ਮੁੰਡਾ ਜੰਮਣ ਵਾਲੀ ਔਰਤ ਨੂੰ ਵਧੇਰੇ ਸਤਿਕਾਰ ਦਿੱਤਾ ਜਾਂਦੈ, ਬਿਲਕੁਲ ਇਸਦੇ ਉਲਟ ਮੱਝਾਂ ਵਾਲੇ ਮਾਮਲੇ 'ਚ ਮਾਦਾ ਬੱਚਾ ਕੱਟੀ ਜੰਮਣ ਨੂੰ ਚੰਗਾ ਸਮਝਿਆ ਜਾਂਦੈ ਤਾਂ ਕਿ ਵੱਡੀ ਹੋਣ 'ਤੇ ਇੱਕ ਹੋਰ ਮੱਝ ਦਾ ਮਾਲਕ ਬਣਿਆ ਜਾਵੇ। ਭੋਲੇ ਪੁਰਸ਼ ਨੇ ਜਾਗਣ ਸਾਰ ਪੁੱਛਿਆ, "ਮੇਰੀ ਮੱਝ ਨੇ ਕੀ ਦਿੱਤੈ?" ਚਲਾਕ ਨੇ ਦੋ-ਟੁੱਕ ਉੱਤਰ ਦਿੱਤਾ ਕਿ "ਸੁੱਤਿਆਂ ਦੇ ਕੱਟੇ ਤੇ ਜਾਗਦਿਆਂ ਦੀਆਂ ਕੱਟੀਆਂ।"

ਇਹੋ ਜਿਹਾ ਕੁਝ ਹੀ ਪੰਜਾਬ ਸਿਉਂ ਨਾਲ ਹੁੰਦਾ ਆਇਆ ਹੈ ਤੇ ਨਿਰੰਤਰ ਹੋ ਰਿਹਾ ਹੈ। ਜਿਵੇਂ ਡਾਕਟਰ ਟੀਕਾ ਲਾਉਣ ਤੋਂ ਪਹਿਲਾਂ ਸਪਿਰਟ ਨਾਲ ਭਿੱਜਿਆ ਫੰਬਾ ਲਗਾ ਕੇ ਚਮੜੀ ਸਾਫ਼ ਕਰਦੇ ਹਨ, ਉਸੇ ਤਰਾਂ ਹੀ ਪੰਜਾਬ ਦੇ ਪੁੜੇ ਵਿੱਚ ਪੰਜਾਬ-ਪੰਜਾਬੀ ਵਿਰੋਧੀ ਸਰਿੰਜ ਗੱਡਣ ਤੋਂ ਪਹਿਲਾਂ ਫੰਬਾ ਮਲਣ ਵਰਗਾ ਤਜ਼ਰਬਾ ਕੀਤਾ ਜਾਂਦਾ ਹੈ। ਜੇ ਕੋਈ ਗੈਰਤਮੰਦ ਪੰਜਾਬੀ ਵਿਰੋਧ ਵਿੱਚ ਉੱਠ ਖੜਾ ਹੋਇਆ ਤਾਂ ਪੈਰ ਕੁਝ ਪਿਛਾਂਹ ਨੂੰ ਮੋੜ ਲਏ ਜਾਂਦੇ ਹਨ, ਨਹੀਂ ਤਾਂ ਫੈਸਲਾ ਲਾਗੂ ਕਰ ਦਿੱਤਾ ਜਾਂਦਾ ਹੈ। ਇਹਨੀਂ ਦਿਨੀਂ ਪੰਜਾਬ ਦੇ ਕੌਮੀ ਮਾਰਗਾਂ 'ਤੇ ਲੱਗੀਆਂ ਦਿਸ਼ਾ-ਸੂਚਕ ਤਖ਼ਤੀਆਂ ਉੱਪਰ ਪੰਜਾਬੀ ਦੀ ਕੀਤੀ ਦੁਰਦਸ਼ਾ ਦਾ ਮਾਮਲਾ ਗਰਮਾਇਆ ਹੋਇਆ ਹੈ। ਇਸ ਨੂੰ ਵਿਭਾਗੀ ਅਣਜਾਣਪੁਣਾ ਕਿਹਾ ਜਾਵੇ ਜਾਂ ਟੀਕਾ ਲਾਉਣ ਤੋਂ ਪਹਿਲਾਂ ਦਾ ਵਰਤਾਰਾ? ਕਿ ਬਹੁਤ ਸਾਰੀਆਂ ਤਖ਼ਤੀਆਂ ਉੱਪਰ ਜਾਂ ਤਾਂ ਹਿੰਦੀ, ਅੰਗਰੇਜ਼ੀ ਤੋਂ ਬਾਅਦ ਪੰਜਾਬੀ ਤੀਜੇ ਨੰਬਰ 'ਤੇ ਲਿਖੀ ਗਈ ਹੈ ਜਾਂ ਫਿਰ ਪੰਜਾਬੀ ਬਿਲਕੁਲ ਹੀ ਗਾਇਬ ਕਰ ਦਿੱਤੀ ਗਈ ਹੈ।

ਸ਼ਹਿਰਾਂ ਦੀ ਦੂਰੀ ਦੱਸਣ ਵਾਲੇ ਬਹੁਤ ਸਾਰੇ ਮੀਲ ਪੱਥਰ ਸਿਰਫ਼ ਅੰਗਰੇਜ਼ੀ ਵਿੱਚ ਲਿਖੇ ਦਿਖਾਈ ਦਿੰਦੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਜੇਕਰ ਹੋਰਨਾਂ ਸੂਬਿਆਂ ਵਿੱਚ ਉਹਨਾਂ ਸੂਬਿਆਂ ਦੀ ਭਾਸ਼ਾ ਨੂੰ ਇਹਨਾਂ ਦਿਸ਼ਾ ਸੂਚਕ ਤਖ਼ਤੀਆਂ ਉੱਪਰ ਪਹਿਲਾ ਸਥਾਨ ਮਿਲ ਸਕਦਾ ਹੈ ਤਾਂ ਪੰਜਾਬ ਨੇ ਅਜਿਹਾ ਕੀ ਗੁਨਾਂਹ ਕੀਤਾ ਹੈ ਕਿ ਉਸ ਕੋਲੋਂ ਉਸਦੀ ਮਾਤ-ਭਾਸ਼ਾ ਵੀ ਖੋਹੀ ਜਾ ਰਹੀ ਹੈ? ਕੀ ਦਿੱਲੀ ਬੈਠੇ ਹੁਕਮਰਾਨਾਂ ਜਾਂ ਵਿਭਾਗਾਂ ਦੇ ਮੁਖੀਆਂ ਨੂੰ ਇਹ ਵਹਿਮ ਹੋ ਗਿਆ ਹੈ ਕਿ ਪੰਜਾਬ ਦੇ ਲੋਕ ਅੰਗਰੇਜ਼ ਹੋ ਗਏ ਹਨ? ਨਹੀਂ ਮਾਲਕੋ! ਜਗਾ ਜਗਾ ਖੁੱਲੇ "ਆਈਲੈਟਸ ਕੋਚਿੰਗ ਸੈਂਟਰ" ਤਾਂ ਸਾਡੇ ਦੇਸ਼ ਦੇ ਖੋਖਲੇ ਹੋਏ ਪ੍ਰਬੰਧ ਕਰਕੇ ਹੋਂਦ ਵਿੱਚ ਆਏ ਹਨ ਤਾਂ ਜੋ ਇੱਥੋਂ ਦੀ ਨੌਜਵਾਨੀ ਅੰਗਰੇਜ਼ੀ ਦਾ ਗਿਆਨ ਹਾਸਲ ਕਰਕੇ ਆਪਣੀ ਰੋਜ਼ੀ-ਰੋਟੀ, ਜਿਉਣ ਦੀਆਂ ਬਿਹਤਰ ਹਾਲਤਾਂ ਲੱਭਣ ਲਈ ਕਿਸੇ ਹੋਰ ਮੁਲਕ ਵੱਲ ਹਿਜ਼ਰਤ ਕਰ ਸਕੇ।

ਇਹਨਾਂ ਕੋਚਿੰਗ ਸੈਂਟਰਾਂ ਦਾ ਇਹ ਮਤਲਬ ਨਾ ਲਿਆ ਜਾਵੇ ਕਿ ਰੋਜ਼ੀ ਰੋਟੀ ਦੀ ਦੌੜ 'ਚ ਸ਼ਾਮਿਲ ਸਕੂਲੀ ਸਿੱਖਿਆ ਤੋਂ ਵਿਰਵੇ ਰਹਿ ਗਏ ਪੰਜਾਬੀ ਇਹਨਾਂ ਸੈਂਟਰਾਂ 'ਚੋਂ ਅੰਗਰੇਜ਼ੀ ਗਿਆਨ ਹਾਸਲ ਕਰ ਰਹੇ ਹੋਣਗੇ। ਪੰਜਾਬ ਵਿੱਚ ਜਿਆਦਾਤਰ ਆਬਾਦੀ ਉਹ ਵੀ ਵਸਦੀ ਹੈ ਜਿਹੜੀ ਪੰਜਾਬੀ ਭਾਸ਼ਾ 'ਤੇ ਨਿਰਭਰ ਹੈ। ਇਹ ਗੱਲ ਹਰ ਭਾਸ਼ਾ 'ਤੇ ਲਾਗੂ ਹੁੰਦੀ ਹੈ ਕਿ ਕਿਸੇ ਵਿਸ਼ੇਸ਼ ਖਿੱਤੇ 'ਚ ਰਹਿਣ ਵਾਲਾ ਬੱਚਾ ਉਸੇ ਖਿੱਤੇ ਦੀ ਭਾਸ਼ਾ ਵਿੱਚ ਵਿਚਰਦਾ ਸਿਰਫ ਸਕੂਨ ਹੀ ਮਹਿਸੂਸ ਨਹੀਂ ਕਰਦਾ ਬਲਕਿ ਉਸਦਾ ਮਾਨਸਿਕ ਵਿਕਾਸ ਵੀ ਵਧੇਰੇ ਹੁੰਦਾ ਹੈ। ਪਰ ਕੀ ਪੰਜਾਬ ਦੇ ਜੰਮਿਆਂ ਦੇ ਦਿਮਾਗਾਂ ਵਿੱਚੋਂ ਪੰਜਾਬੀ ਦੀਆਂ ਤਿੜਾਂ ਪੁੱਟ ਸੁੱਟਣ ਦੀ ਇਹ ਚਾਲ ਸਰਕਾਰੀ ਤਾਂ ਨਹੀਂ ਹੈ? ਜੇ ਇਹ ਵਾਕਿਆ ਹੀ ਪੰਜਾਬੀਆਂ ਜਾਂ ਪੰਜਾਬ ਵਿੱਚੋਂ ਪੰਜਾਬੀ ਨੂੰ ਮਨਫ਼ੀ ਕਰਨ ਦੀ ਚਾਲ ਹੈ ਤਾਂ ਇਹ ਚਾਲ ਕਾਮਯਾਬ ਹਰਗਿਜ਼ ਨਹੀਂ ਹੋਵੇਗੀ। ਭਾਸ਼ਾ ਕੋਈ ਵੀ ਬੁਰੀ ਨਹੀਂ, ਗਿਆਨ ਕਿਸੇ ਵੀ ਭਾਸ਼ਾ ਵਿੱਚੋਂ ਹਾਸਲ ਕੀਤਾ ਜਾ ਸਕਦਾ ਹੈ। ਪਰ ਜਿਸ ਤਰਾਂ ਪੰਜਾਬ ਵਿੱਚ ਹਿੰਦੀ ਨੂੰ ਮੁਹਰੈਲਣ ਬਣਾ ਕੇ ਪੰਜਾਬੀ ਨੂੰ ਦਾਸੀ ਬਨਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਉਹ ਹਿੰਦੀ ਦੇ ਸਤਿਕਾਰ ਦੇ ਹਿੱਤ ਵਿੱਚ ਵੀ ਨਹੀਂ ਹਨ। ਜੇ ਸਤਿਕਾਰ ਕਰਵਾਉਣਾ ਹੈ ਤਾਂ ਸਤਿਕਾਰ ਕਰਨਾ ਸਿੱਖਣਾ ਪਹਿਲਾ ਫਰਜ਼ ਹੋਣਾ ਚਾਹੀਦਾ ਹੈ। ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚੋਂ ਇਸ 'ਜ਼ਿਆਦਤੀ' ਖਿਲਾਫ਼ ਉੱਠੀ ਆਵਾਜ਼ ਤੋਂ ਬਾਅਦ ਸਰਕਾਰੀ ਪੱਧਰ 'ਤੇ ਇਹ ਫੁਰਮਾਨ ਆਇਆ ਹੈ ਕਿ ਪੰਜਾਬ ਵਿੱਚ ਦਿਸ਼ਾ ਸੂਚਕ ਤਖ਼ਤੀਆਂ ਉੱਪਰ ਪੰਜਾਬੀ ਨੂੰ ਪਹਿਲ ਨਹੀਂ ਦਿੱਤੀ ਜਾਵੇਗੀ। ਸੁਣਨ 'ਚ ਇਹ ਵੀ ਆਇਆ ਹੈ ਕਿ ਕੁਝ ਥਾਵਾਂ ਉੱਪਰ ਪੰਜਾਬੀ ਵਿਰੋਧੀ ਵਰਤਾਰੇ ਤੋਂ ਦੁਖੀ ਹੋਏ ਗ਼ੈਰਤਮੰਦ ਪੰਜਾਬੀਆਂ ਨੇ ਹਿੰਦੀ ਅਤੇ ਅੰਗਰੇਜ਼ੀ 'ਚ ਲਿਖੀ ਇਬਾਰਤ ਉੱਪਰ ਕਾਲੇ ਰੰਗ ਦੀ ਕੂਚੀ ਫੇਰ ਦਿੱਤੀ ਹੈ। ਜਿਕਰਯੋਗ ਹੈ ਕਿ ਬਠਿੰਡਾ, ਫਰੀਦਕੋਟ ਖੇਤਰ ਦੇ ਚਿੰਤਕ ਪੰਜਾਬੀਆਂ ਵੱਲੋਂ ਮੰਗ ਪੱਤਰ ਦੇ ਕੇ ਇਸ ਕਾਰਵਾਈ ਵੱਲ ਕੌਮੀ ਸ਼ਾਹਰਾਹ ਅਥਾਰਟੀ ਦਾ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਪੰਜਾਬ ਵਿੱਚ ਦੂਜੀਆਂ ਭਾਸ਼ਾਵਾਂ ਦੇ ਨਾਲ ਪੰਜਾਬੀ ਨੂੰ ਬਣਦਾ ਸਤਿਕਾਰ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ। ਪਰ ਹੈਰਾਨੀ ਅਤੇ ਦੁਖ ਵਾਲੀ ਗੱਲ ਹੈ ਕਿ ਪੰਜਾਬੀਆਂ ਦੀ ਇਹ ਬੇਨਤੀ ਰੱਦੀ ਵਾਲੀ ਟੋਕਰੀ 'ਚ ਸੁੱਟ ਕੇ ਮੁੜ ਫੁਰਮਾਨ ਸੁਣਾ ਦਿੱਤਾ ਗਿਆ ਹੈ ਕਿ ਹਿੰਦੀ ਤੇ ਅੰਗਰੇਜ਼ੀ ਉੱਪਰ ਰਹਿਣਗੀਆਂ ਅਤੇ ਪੰਜਾਬੀ ਪੈਰਾਂ 'ਚ ਬੈਠੀ ਹੀ ਦਿਸੇਗੀ। ਸੰਬੰਧਤ ਵਿਭਾਗ ਅਤੇ ਸਰਕਾਰ ਨੂੰ ਇਸ ਮਸਲੇ 'ਤੇ ਗੰਭੀਰਤਾ ਨਾਲ ਫੈਸਲਾ ਲੈਣਾ ਚਾਹੀਦਾ ਹੈ ਤਾਂ ਕਿ ਕਿਸੇ ਵਿਸ਼ੇਸ਼ ਧਿਰ ਦੇ ਏਜੰਡੇ ਦੀ ਲਪੇਟ 'ਚ ਆ ਕੇ ਦੂਜੀਆਂ ਭਾਸ਼ਾਵਾਂ ਪ੍ਰਤੀ ਨਫ਼ਰਤ ਦੀ ਭਾਵਨਾ ਪੈਦਾ ਨਾ ਹੋਵੇ। ਨਾ ਹਿੰਦੀ ਮਾੜੀ ਹੈ ਤੇ ਨਾ ਅੰਗਰੇਜ਼ੀ ਮਾੜੀ ਹੈ। ਪਰ ਇਹਨਾਂ ਭਾਸਾਵਾਂ ਨੂੰ ਪੰਜਾਬ ਵਿੱਚ ਧੱਕੇ ਨਾਲ ਸਿਰ ਉੱਪਰ ਬਿਠਾ ਕੇ ਪੰਜਾਬੀ ਦੀ ਸੰਘੀ ਉੱਪਰ ਪੈਰ ਰੱਖਣ ਵਾਲੀ ਨੀਅਤ ਜ਼ਰੂਰ ਮਾੜੀ ਹੋ ਸਕਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ "1963 ਆਫ਼ੀਸੀਅਲ ਲੈਂਗੂਏਜ਼ ਐਕਟ" 'ਤੇ ਪਹਿਰਾ ਦੇ ਇਹਨਾਂ ਦਿਸ਼ਾ ਸੂਚਕ ਤਖ਼ਤੀਆਂ ਉੱਪਰ ਕ੍ਰਮਵਾਰ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੀ ਇਬਾਰਤ ਲਿਖ ਕੇ ਕਾਨੂੰਨ ਦਾ ਸਤਿਕਾਰ ਕਰੇ। ਇਸ ਐਕਟ ਅਨੁਸਾਰ ਵਿਵਸਥਾ ਹੈ ਕਿ ਜਨਤਕ ਸੂਚਨਾ ਤਖਲਤੀਆਂ ਉੱਪਰ ਸੰਬੰਧਤ ਸੂਬੇ ਦੀ ਭਾਸ਼ਾ ਨੂੰ ਪਹਿਲੇ ਸਥਾਨ 'ਤੇ ਲਿਖਣਾ ਹੋਵੇਗਾ। ਜੇ ਸਰਕਾਰ ਹੀ ਸੰਵਿਧਾਨ ਨੂੰ ਟਿੱਚ ਜਾਣ ਕੇ ਪੰਜਾਬ ਨੂੰ ਹਿੰਦੀ ਦੇ ਰੰਗ ਵਿੱਚ ਰੰਗਣ ਲਈ ਕਾਹਲੀ ਹੈ ਤਾਂ ਕਿਧਰੇ ਇਹ ਮਸਲਾ ਮਹਿੰਗੇ ਭਾਅ ਨਾ ਪੈ ਜਾਵੇ।

ਅਜਿਹਾ ਨਾ ਹੋਵੇ ਕਿ ਅੱਕੇ ਹੋਏ ਲੋਕ ਘਰੋ ਘਰ ਕਾਲੇ ਰੰਗ ਤੇ ਕੂਚੀਆਂ ਰੱਖ ਲੈਣ ਤੇ ਪੰਜਾਬ 'ਚ ਸਿਰਫ ਪੰਜਾਬੀ ਹੀ ਪੰਜਾਬੀ ਨਜ਼ਰੀਂ ਪੈਣ ਲੱਗੇ। ਅਜਿਹਾ ਆਲਮ ਵੀ ਪੰਜਾਬ ਦੇ ਹਿਤ ਵਿੱਚ ਨਹੀਂ ਹੋਵੇਗਾ ਕਿਉਂਕਿ ਪੰਜਾਬ ਵਿੱਚ ਮੁਸਾਫਿਰ ਬਣਕੇ ਆਉਂਦੇ ਲੋਕ ਸਿਰਫ ਪੰਜਾਬੀ ਵੀ ਨਹੀਂ ਪੜ ਸਕਦੇ। ਉਹਨਾਂ ਲਈ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦਾ ਦਿਸ਼ਾ ਸੂਚਕ ਤਖ਼ਤੀਆਂ ਉੱਪਰ ਲਿਖਿਆ ਹੋਣਾ ਅਤੀ ਜ਼ਰੂਰੀ ਹੈ। ਪੰਜਾਬੀ ਨੂੰ ਪੰਜਾਬ ਵਿੱਚ ਬਣਦਾ ਮਾਣ ਦੇਣਾ ਸਿਰਫ ਪੰਜਾਬੀ ਦੇ ਹਿੱਤ ਵਿੱਚ ਹੀ ਨਹੀਂ ਸਗੋਂ ਹਿੰਦੀ ਤੇ ਅੰਗਰੇਜ਼ੀ ਦੇ ਭਲੇ ਵਿੱਚ ਵੀ ਹੈ। ਇੱਕ ਚੌਕੀਦਾਰ ਹੋਣ ਦੇ ਨਾਤੇ ਜਿੱਥੇ ਪੰਜਾਬੀਆਂ ਨੂੰ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿਸੇ ਵੀ ਸਰਕਾਰੀ ਜਾਇਦਾਦ ਨਾਲ ਛੇੜਛਾੜ ਕਾਨੂੰਨਨ ਜ਼ੁਰਮ ਹੈ ਤੇ ਕਾਨੂੰਨ ਨੂੰ ਆਪਣੇ ਹੱਥ 'ਚ ਲੈਣ ਨਾਲੋਂ ਇਸ ਫੈਸਲੇ ਦਾ ਸੰਵਿਧਾਨਿਕ ਤੌਰ 'ਤੇ ਡਟਵਾਂ ਵਿਰੋਧ ਕੀਤਾ ਜਾਣਾ ਬਣਦਾ ਹੈ।

ਉੱਥੇ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਪੰਜਾਬ ਸਿਰ ਬੇਲੋੜਾ ਵਿਵਾਦ ਪਾਉਣ ਤੋਂ ਗੁਰੇਜ਼ ਕਰਕੇ ਪੰਜਾਬੀ ਨੂੰ ਬਣਦਾ ਮਾਣ ਦਿੱਤਾ ਜਾਵੇ ਤਾਂ ਜੋ ਦੂਜੀਆਂ ਭਾਸ਼ਾਵਾਂ ਦਾ ਸਤਿਕਾਰ ਵੀ ਬਰਕਰਾਰ ਰਹੇ।




# ਮਹਾਨ ਧਨੁਸ਼ਧਰ ਏਕਵਲਵਿਆ ਅਤੇ ਭਾਰਤੀ ਸਭਿਅਤਾ

ਸੀਮਾਵਰਤੀ ਰਾਜ ਅਤੇ ਰਾਜ ਸਬੰਧ ਹੋਣ ਕਰਕੇ, ਏਕਲਵਿਆ ਨੇ ਜਰਾਸੰਧ ਦੀ ਫ਼ੌਜ ਦੀ ਤਰਫ਼ੋਂ ਮਥੁਰਾ 'ਤੇ ਵੀ ਹਮਲਾ ਕੀਤਾ। ਏਕਲਵਿਆ ਨੇ 17 ਵਾਰ ਮਥੁਰਾ 'ਤੇ ਹਮਲਾ ਕੀਤਾ ਅਤੇ ਉਸਨੇ ਵਿਰੋਧੀ ਫ਼ੌਜ ਨੂੰ ਲਗਭਗ ਤਬਾਹ ਕਰ ਦਿੱਤਾ । ਜਦੋਂ ਕ੍ਰਿਸ਼ਨ ਨੇ ਏਕਲਵਿਆ ਨੂੰ ਸੱਜੇ ਹੱਥ ਦੀਆਂ ਕੇਵਲ ਚਾਰ ਉਂਗਲਾਂ ਦੀ ਸਹਾਇਤਾ ਨਾਲ ਤੀਰ ਚੱਲਦੇ ਹੋਏ ਦੇਖੇ ਤਾਂ ਇਕ ਵਾਰ ਉਸ ਨੂੰ ਇਕਲਵਿਆ ਦੀ ਵਿਲੱਖਣ ਪ੍ਰਭਿਤਾ ਉਤੇ ਭਰੋਸਾ ਨਹੀਂ ਹੋ ਰਿਹਾ ਸੀ । ਉਸ ਨੂੰ ਲੱਗ ਰਿਹਾ ਸੀ ਯਾਦਵਾਂ ਦੀ ਕੁਲ ਖਤਮ ਹੋ ਸਕਦੀ ਹੈ।

ਏਕਲਾਵਿਆ ਇਕੱਲੇ ਸੈਂਕੜੇ ਵਿਰੋਧੀਯਾਦਵ ਯੋਧਿਆਂ ਨੂੰ ਹਰਾਉਣ ਦੇ ਯੋਗ ਸੀ । ਪਰ ਆਖਰੀ ਜੰਗ ਵਿਚ, ਸ੍ਰੀ ਕ੍ਰਿਸ਼ਨ ਨੇ ਮਹਾਨ ਇਕਲਵਿਆ ਨੂੰ ਧੋਖੇ ਦੇ ਨਾਲ ਮਾਰ ਦਿੱਤਾ । ਏਕਲਾਵਿਆ ਨੇ ਯਾਦਵ ਫ਼ੌਜ ਅਤੇ ਮਥੁਰਾ ਨੂੰ ਤਬਾਹ ਕਰ ਦਿੱਤਾ ਸੀ, ਜਿਸ ਕਾਰਨ ਯਾਦਵ ਮਥੁਰਾ ਤੋਂ ਹਜ਼ਾਰਾਂ ਪਿੰਡ ਛੱਡ ਕੇਦੂਰ ਦੌੜ ਗਏ ਸਨ, ਫਿਰ ਇਹਨਾਂ ਦੌੜੇ ਹੋਏ ਯਾਦਵਾਂ ਨੂੰ ਦਵਾਰਕਾ ਸ਼ਹਿਰ ਵਿਚ ਵਸਾਇਆ ਗਿਆ ਸੀ, ਬਾਅਦ ਵਿਚ, ਏਕਲਾਵਿਆ ਦਾ ਪੁੱਤਰ ਕੇਤੂਮਨ ਵੀ ਮਹਾਂਭਾਰਤ ਯੁੱਧ ਵਿਚ ਭੀਮ ਨੇ ਮਾਰਿਆ ਸੀ।

ਜਦੋਂ ਸਾਰੇ ਪਾਂਡਵਾਂ ਮਹਾਂਭਾਰਤ ਦੇ ਯੁੱਧ ਤੋਂ ਬਾਅਦ ਆਪਣੀ ਬਹਾਦਰੀ ਦੀ ਕੁਰਬਾਨੀ ਦਾ ਵਿਖਿਆਨ ਕਰ ਰਹੇ ਸਨ ਤਾਂ ਕ੍ਰਿਸ਼ਨ ਨੇ ਆਪਣੇ ਅਰਜੁਨ ਪ੍ਰੇਮ ਦੀ ਗੱਲ ਕੀਤੀ ਸੀ। ਕ੍ਰਿਸ਼ਨ ਨੇ ਅਰਜਨ ਨੂੰ ਸਪਸ਼ਟ ਤੌਰ 'ਤੇ ਕਿਹਾ ਸੀ ਕਿ ਮੈਂ ਤੇਰਾ ਪਿਆਰ ਵਿਚ ਕੀ ਕੀ ਨਹੀਂ ਕੀਤਾ, ਤੈਨੂੰ ਸਭ ਤੋਂ ਸਰੇਸ਼ਠ ਤੀਰਅੰਦਾਜ ਸਾਬਿਤ ਕਰਨ ਲਈ ਮੈਂ ਦਰੋਣਚਾਰੀਆ ਦਾ ਕਤਲ ਕਰਵਾਇਆ । ਤੇਰੀ ਜਾਣਕਾਰੀ ਤੋਂ ਬਿਨਾ ਹੀ ਮੈਂ ਸਰਵਸ਼੍ਰੇਸਠ ਤੀਰਅੰਦਾਜ ਭੀਲ ਰਾਜਾ ਏਕਲਵਿਆ ਨੂੰ ਧੋਖੇ ਨਾਲ ਮਾਰਿਆ ਤਾਂ ਕਿ ਤੇਰੇ ਸਾਰੇ ਰਸਤੇ ਸਾਫ ਹੋ ਜਾਣ ਤੇ ਕੋਈ ਅੜਿਕਾ ਨਾਂ ਆਵੇ ਅਤੇ ਤੂੰ ਇਤਿਹਾਸ ਵਿਚ ਮਹਾਨ ਬਣ ਜਾਵੇਂ ।ਇਹ ਤਾਂ ਸਿਰਫ ਮੂਲਨਿਵਾਸੀ ਵਿਰੋਧੀ ਆਰੀਆ ਦੀਆਂ ਲਿਖਤਾਂ ਚੋਂ ਮਿਲਦਾ ਹੈ, ਜਿਹਨਾਂ ਨੂੰ ਲਿਖਣ ਵਿਚ ਉਹਨਾਂ ਹਾ ਕੋਈ ਯੋਗਦਾਨ ਨਹੀ ਰਿਹਾ।

ਇਤਿਹਾਸ ਅਤੇ ਇਤਿਹਾਸਕਾਰਾਂ ਨੇ ਏਕਲਵਿਆ ਦੀ ਅਣਦੇਖੀ ਕਰਦੇ ਆ ਰਹੇ ਹਨ ਅਤੇ ਉਸ ਨਾਲ ਉਸ ਸਮੇ ਹੋਈ ਬੇਇਨਸਾਫ਼ੀ ਅਤੇ ਉਸ ਦੀ ਬੀਰਤਾ ਨੂੰ ਅਣਗੌਲਿਆਂ ਕਰਕੇ ਹੋਰ ਬੇਇਨਸਾਫੀ ਵਿਚ ਵਾਧਾ ਕਰਦੇ ਆ ਰਹੇ ਹਨ ।ਪਰ ਹੁਣ ਮੌਜੂਦਾ ਸਮੇਂ ਹੋ ਰਹੀਆਂ ਕੋਸ਼ਿਸਾਂ ਕਾਰਨ ਏਕਲਾਵਿਆ ਦੇ ਨਾਲ ਕੁੱਝ ਇਨਸਾਫ ਹੁੰਦਾ ਦਿਖਾਈ ਦਿੰਦਾ ਨਜ਼ਰ ਆ ਰਿਹਾ ਹੈ, ਅੱਜ ਦੇ ਯੁੱਗ ਵਿਚ ਆਯੋਜਤ ਸਾਰੇ ਤੀਰ-ਅੰਦਾਜ਼ੀ ਮੁਕਾਬਲਿਆਂ ਵਿਚ ਅੰਗੂਠੇ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ ਜੋ ਏਕਲਵਿਆ ਦਾ ਅੰਦਾਜ ਸੀ, ਬਹੁਤ ਘੱਟ ਲੋਕ ਅਰਜੁਨ ਦੇ ਢੰਗ ਨਾਲ ਅੰਗੂਠੇ ਵਰਤ ਕੇ ਤੀਰ ਅੰਦਾਜੀ ਨੂੰ ਜਾਣਦੇ ਅਤੇ ਵਰਤਦੇ ਹਨ । ਪਰ ਏਕਵਲਵਿਆਦੇ ਅੰਦਾਜ ਵਾਲੀ ਤੀਰ ਅੰਦਾਜ਼ੀ ਅੱਜ ਭਾਰਤ ਤੋਂ ਬਹੁਤ ਦੂਰ ਵਿਦੇਸ਼ਾਂ ਵਿਚ ਵੀ ਜਾਣੀ ਜਾਂਦੀ ਹੈ ਜੋ ਬਹੁਤ ਵੱਡਾ ਸਨਮਾਨ ਹੈ । ਨਿਸ਼ਾਦਰਾਜ ਦਾ ਵਾਸੀ ਜਰਾ ਨਾਮੀ ਭੀਲ ਜੋ ਇਕਲਵਿਆ ਨੂੰ ਆਪਣਾ ਗੁਰੂ ਮਨ ਤੀਰਅੰਦਾਜੀ ਸਿੱਖ ਰਿਹਾ ਸੀ, ਹੁਣ ਉਹ ਬਹੁਤ ਵੱਡਾ ਤੀਰਅੰਦਾਜ ਬਣ ਗਿਆ ਸੀ। ਜਰਾ ਵੀ ਏਕਲਵਿਆ ਦੀ ਤਰਾਂ ਮਹਾਨ ਤੀਰਅੰਦਾਜ ਅਤੇ ਮਾਹਰ ਸੀ ਅਤੇ ਉਹ ਏਕਲਵਿਆ ਨੂੰ ਆਪਣਾ ਗੁਰੂ ਮਨਦਾ ਸੀ। ਨਜਰ ਬੰਦ ਕਰਕੇ ਜਾਂ ਰਾਤ ਦੇ ਹਨੇਰੇ ਵਿਚ ਅਵਾਜ ਅਤੇ ਸੂੱਝ ਦੀ ਸਹਾਇਤਾ ਨਾਲ ਉਹ ਵੀ ਅਚੁੱਕ ਨਿਸ਼ਾਨਾ ਲਾਣ ਚ ਮਾਹਰ ਸੀ। ਜਦੋ ਕ੍ਰਿਸ਼ਨ ਰਾਤ ਦੇ ਹਨੇਰੇ ਇਕ ਦਰਖਤ ਤੇ ਬੈਠਾ ਸੀ ਤਾਂ ਉਸ ਦਾ ਅੰਤਵੀ ਉਸੇ ਜਰਾ ਨਾਮੀ ਭੀਲ ਦੇ ਤੀਰ ਨਾਲ ਹੋਇਆ। ਇਸ ਨੂੰ ਵੀ ਇਕ ਚੇਲੇ ਵਲੋਂ ਦਿਤੀ ਗੁਰੂ ਦਕਸ਼ਨਾਦੇ ਬਦਲੇ ਦੇ ਰੂਪ ਵਿਚ ਵੀ ਦੇਖ ਸਕਦੇ ਹਾਂ।

ਏਕਲਵਿਆ, 'ਨੂੰ ਆਪਣਾ ਗੁਰੂ ਮੰਨਦੇ ਹੋਏ ਭੀਲ ਅਤੇ ਭੀਲਾਲਾ ਤੀਰਅੰਦਾਜ਼ ਅੰਗੂਠੇ ਨਹੀਂ ਵਰਤਦੇ । ਕਬਾਇਲੀ ਦਬਦਬਾ ਵਾਲੇ ਅਲੀਰਾਜਪੁਰ ਜ਼ਿਲੇ ਵਿਚ, ਭੀਲ ਅਤੇ ਭੀਲਾਲਾ ਤੀਰਅੰਦਾਜ਼ ਆਪਣੇ ਪੂਰਵਜ ਏਕਲਵਿਆ ਪ੍ਰਤੀ ਸਨਮਾਨ ਦੇ ਨਿਸ਼ਾਨ ਵਜੋਂ ਧਨੁਸ਼ ਅਤੇ ਤੀਰ ਦੀ ਸ਼ੂਟਿੰਗ ਕਰਦੇ ਸਮੇਂ ਅਤੇ ਦ੍ਰੋਣਾਚਾਰੀਆ ਅਤੇ ਅਰਜੁਨ ਦੇ ਪ੍ਰਤੀ ਪ੍ਰਤੀਕਰਮ ਵਿਰੋਧ ਵਜੋਂ ਕਦੇ ਆਪਣੇ ਅੰਗੂਠੇ ਦੀ ਵਰਤੋਂ ਨਹੀਂ ਕਰਦੇ । ਸੂਚਕਾਂਕ ਉਂਗਲਅਤੇ ਮੱਧਮ ਉਂਗਲ ਦੀ ਵਰਤੋਂ ਹਰ ਤੀਰਅੰਦਾਜ਼ੀ ਲਈ ਠੀਕ ਮਨ ਲਿਆ ਗਿਆ ਹੈ।

ਭੀਲ ਅਤੇ ਭਿਲਾਲ ਲਈ, ਦੋਵੇਂ ਅੰਗੂਠੇਵਾਂ ਦੀ ਵਰਤੋਂ ਨੂੰ ਜਨਮ ਤੋਂ ਮੌਤ ਤੱਕ ਨਹੀ ਕਰਦੇ, "ਇਸ ਪਰੰਪਰਾ ਨੂੰ ਲਗਾਤਾਰ ਪੀੜ੍ਹੀਆਂ ਨੇ ਅੱਗੇ ਵਧਾਇਆ ਹੈ. ਜਿਵੇਂ ਹੀ ਕੋਈ ਭੀਲ'ਤੀਰ-ਕਮਤੀ' (ਕਮਾਨ ਅਤੇ ਤੀਰ) ਚੁੱਕਦਾ ਹੈ, ਉਹ ਆਪਣੇ ਅੰਗੂਠੇ ਨੂੰ ਵਰਤਣਾ ਬੰਦ ਕਰ ਦਿੰਦਾ ਹੈ. "ਇਹ ਏਕਲਾਵਿਆ ਦੇ ਸਤਿਕਾਰ ਅਤੇ ਦ੍ਰੋਣਾਚਾਰੀਆ ਅਤੇ ਅਰਜੁਨ ਪ੍ਰਤੀ ਨਫ਼ਰਤ ਵਜੋਂ ਹੀ ਹੈ, ਕੋਈ ਵੀ ਭੀਲ ਇਸ ਪਰੰਪਰਾ ਨੂੰ ਨਜ਼ਰਅੰਦਾਜ਼ ਕਰਨ ਦਾ ਸੁਪਨਾ ਵੀ ਨਹੀਂ ਲੈਂਦਾ ।7.28 ਲੱਖ ਤੋਂ ਵੱਧ ਅਬਾਦੀ ਵਾਲਾ ਅਲੀਰਾਜਪੁਰ ਮੁੱਖ ਤੌਰ 'ਤੇ ਇਕ ਕਬਾਇਲੀ ਜਿਲ੍ਹਾ ਹੈ, (2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ) ਇਸ ਜ਼ਿਲ੍ਹੇ ਦੀ ਕੁੱਲ95% ਕਬਾਈਲੀ ਆਬਾਦੀ ਵਿਚੋ91% ਤੋਂ ਵੱਧ ਹੈ ਭੀਲ ਲੋਕ ਹਨ। ਧਨੁਸ਼ ਅਤੇ ਤੀਰ ਜੀਵਨ ਭਰ ਨਾਲ ਅਤੇ ਮੌਤ ਤੋਂ ਬਾਅਦ ਵੀ ਉਨ੍ਹਾਂ ਦੇ ਨਾਲ ਅੰਤਮ ਯਾਤਰਾ ਦੇ ਨਾਲ ਜਾਂਦੇ ਹਨ।

ਜੋ 6-7 ਸਾਲ ਦੀ ਉਮਰ ਵਿੱਚ ਪਾਲਤੂ ਜਾਨਵਰਾਂ, ਭੇਡਾਂ ਆਦਿ ਜੰਗਲੀ ਜਾਨਵਰਾਂ ਤੋਂ ਬਚਾਉਣ ਲਈ ਧਨੁਸ਼ ਤੇ ਤੀਰ ਚਲਾਉਣ ਦੀ ਸ਼ੁਰੂਆਤ ਕਰਦਾ ਹੈ" "ਇਕ ਅੰਤਿਮ ਸੰ-ਸਕਾਰ ਤਕ ਵੀ, 'ਤੀਰ-ਕਾਮਥੀ' ਹਰ ਭਿਲਾਲਾ ਨਾਲ ਅੱਜ ਵੀ ਜੁੜਿਆ ਹੋਇਆ ਹੈ ।

ਉਹ ਚੰਗੇ ਸ਼ਿਕਾਰੀ ਦੇ ਰੂਪ ਵਿਚ ਜਾਣੇ ਜਾਂਦੇ ਹਨ, ਉਹਨਾਂ ਲਈ 'ਤੀਰ-ਕਾਮਥੀ' ਮੁਸੀਬਤ ਦੇ ਸਮੇ ਹਥਿਆਰ ਵੀ ਹਨ। ਅਲੀ ਰਾਜਪੁਰਾ ਜ਼ਿਲੇ ਦੇ ਜੌਹਨਟ ਖੇਤਰ ਦੇ ਸਥਾਨਕ ਬਾਜ਼ਾਰ ਵਿਚਕਮਾਨ ਅਤੇ ਤੀਰ ਵਿਕਰੀ ਕਰਦੇ ਦੁਕਾਨਦਾਰ ਆਮ ਮਿਲ ਜਾਂਦੇ ਹਨ ।

## ਮਿੰਨੀ ਕਹਾਣੀ/ ਟੁੱਟੀ ਪੁਲੀ ਦੀ ਮੁਰੰਮਤ



ਮੇਜਰ ਸਿੰਘ ਨਾਭਾ
91-94635-53962

ਸੜਕ ਤੋਂ ਮੁਹੱਲੇ ਨੂੰ ਜਾਣ ਲਈ ਗਲੀ ਉੱਪਰ ਮੁੱਢ ਹੀ ਪੁਲੀ ਲਾਈ ਹੋਈ ਸੀ ਜੋ ਤਕਰੀਬਨ ਟੁੱਟੀ ਹੀ ਰਹਿੰਦੀ ਸੀ। ਮਿਉਂਸਪਲ ਕਮੇਟੀ ਦੀਆਂ ਚੋਣਾਂ ਸਿਰ 'ਤੇ ਆ ਗਈਆਂ। ਪੁਲੀ ਉਪਰ, ਵੱਖੋ ਵੱਖਰੇ ਉਮੀਦਵਾਰਾਂ ਨੇ ਵਾਰੀ ਵਾਰੀ ਥੋੜੀ ਮੋਟੀ ਪੋਚਾ ਪਾਚੀ ਕਰਕੇ ਮੁਹੱਲੇ ਵਾਲਿਆਂ ਨੂੰ ਸੇਵਾ-ਭਾਵਨਾ ਦਿਖਾ ਕੇ, ਆਪਣੇ ਵੱਲ ਖਿੱਚਣ ਦਾ ਯਤਨ ਜ਼ਰੂਰ ਕੀਤਾ। ਵੋਟਾਂ ਪੈ ਗਈਆਂ। ਪ੍ਰਧਾਨ ਅਤੇ ਹੋਰ ਅਹੁਦੇਦਾਰ ਚੁਣੇ ਗਏ। ਨਵੀਂ ਬਣੀ ਮਿਉਂਸਪਲ ਕਮੇਟੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਬਚਨ ਸਿੰਘ ਪਟਵਾਰੀ ਰਿਟਾਇਰਮੈਂਟ ਦੇ ਨੇੜੇ ਸੀ। ਉਸਦਾ ਘਰ ਮੁਹੱਲੇ ਵੜਦਿਆਂ ਪੁਲੀ ਦੇ ਨਾਲ ਹੀ ਸੀ। ਪੁਲੀ ਟੁੱਟੀ ਹੋਣ ਕਾਰਨ ਅਕਸਰ ਪਾਣੀ ਗਲੀ ਵਿਚ ਖੜਾ ਰਹਿੰਦਾ ਸੀ। ਪਟਵਾਰੀ ਅਕਸਰ ਹੀ ਦਾਰੂ ਪੀ ਕੇ ਘਰ ਨੂੰ ਆਉਂਦਾ, ਦਾਰੂ ਨਾਲ ਜ਼ਿਆਦਾ ਟੱਲੀ ਹੋਣ ਕਰਕੇ ਪਟਵਾਰੀ ਕਈ ਵਾਰ ਗਲੀ ਵਿਚ ਤਿਲਕ ਕੇ ਡਿੱਗਿਆ ਸੀ। ਲਿਬੜੇ ਕੱਪ-ੜਿਆਂ ਨਾਲ ਜਦੋਂ ਉਹ ਘਰ ਜਾਂਦਾ ਤਾਂ ਪਟਵਾਰਨ ਦੀਆਂ ਗਾਲਾਂ ਸੁਣਨ ਨੂੰ ਮਿਲਦੀਆਂ। ਇਕ ਦਿਨ ਪਟਵਾਰੀ ਸਾਹਬ ਖੁੰਦਕ 'ਚ ਆ ਕੇ ਪੁਲੀ ਦੀ ਮੁਰੰਮਤ ਕਰਾਉਣ ਸਬੰਧੀ ਮੁਹੱਲੇ ਵਾਲਿਆਂ ਦੇ ਦਸਖਤ ਕਰਵਾ ਕੇ ਦਰਖਾਸਤ ਮਿਉਂਸਪਲ ਕਮੇਟੀ ਦੇ ਦਫ਼ਤਰ ਦੇਣ ਚਲੇ ਗਏ। ਸੰਬੰਧਤ ਅਧਿਕਾਰੀ ਨੇ ਅੱਗੋਂ ਰਿਕਾਰਡ ਦੇਖ ਕੇ ਦੱਸਿਆ, ਇਸ ਪੁਲੀ ਦੀ ਤਾਂ ਅਸੀਂ ਬਾਰਾਂ ਵਾਰੀ ਇਸ ਸਾਲ ਮੁਰੰਮਤ ਕਰਾ ਦਿੱਤੀ ਹੈ। ਹੁਣ ਆਹ ਅੱਜ ਹੀ ਮਤਾ ਤੇਰਵੀਂ ਵਾਰ ਮੁਰੰਮਤ ਕਰਨ ਦਾ ਪਾ ਦਿੱਤਾ ਹੈ। ਤੁਸੀਂ ਫਿਕਰ ਨਾ ਕਰੋ, ਲਿਆਓ ਦਰਖਾਸਤ ਦੇ ਜਾਓ। ਇਹ ਹੁਣੇ ਮੁਰੰਮਤ ਹੋਜੇਗੀ।'' ਪਟਵਾਰੀ ਸਾਹਿਬ ਇਹ ਸੁਣ ਕੇ, ਆਪਣੇ ਮਹਿਕਮੇ ਦੀ ਲੋਕਾਂ ਵਿਚ ਬਦਨਾਮੀ ਨੂੰ ਨਾਮੋਸ਼ੀ ਨਾਲ ਕੋਸਦੇ ਜਾ ਰਹੇ ਸੀ ਅਤੇ ਮਨ ਹੀ ਮਨ ਵਿਚ ਕਹਿ ਰਹੇ ਸੀ ਕਿ ਅਸੀਂ ਲੋਕ ਤਾਂ ਪਿਛਾਂਹ ਹੀ ਰਹਿ ਗਏ, ਇਹ ਲੋਕ ਤਾਂ ਸਾਡੇ ਨਾਲੋਂ ਕੋਹਾਂ ਦੂਰ ਪਹੁੰਚ ਗਏ।

# ਕਚਰਾ ਕਚਰਾ ਪਿੰਡ ਸ਼ਹਿਰ, ਤਾਰ-ਤਾਰ ਦੇਸ਼ ਦੀ ਸਿਆਸਤ



ਗੁਰਮੀਤ ਸਿੰਘ ਪਲਾਹੀ
91-98158-02070

**ਭਾਰਤੀ ਸਿਆਸਤਦਾਨ ਸਮਾਜ ਸੇਵਾ ਛੱਡ ਚੁੱਕੇ ਹਨ। ਉਹਨਾ ਦੀ ਰਾਜਨੀਤੀ 'ਚ ਪਹਿਲ ਪੈਸਾ ਅਤੇ ਕੁਰਸੀ ਬਣ ਚੁੱਕੀ ਹੈ! ਦੇਸ਼ ਦਾ ਵਿਰਲਾ-ਟਾਵਾਂ ਨੇਤਾ ਹੀ ਇਸ ਦੋਸ਼ ਤੋਂ ਮੁਕਤ ਹੈ। ਸਿਆਸਤ 'ਚ ਤਾਂ ਕੀ ਧਾਰਮਿਕ, ਸਮਾਜਿਕ, ਸਮਾਜ ਸੇਵੀ ਸੰਸਥਾਵਾਂ ਉਤੇ ਜਿਹੜਾ ਬੰਦਾ ਇਕ ਵੇਰ ਕਾਬਜ਼ ਹੋ ਜਾਂਦਾ ਹੈ, ਉਹ ਕੁਰਸੀ ਦੀ ਟੰਗ ਨਹੀਂ ਛੱਡਦਾ। ਦਿਨਾਂ 'ਚ ਹੀ ਅਮੀਰ ਬਣ ਜਾਂਦਾ ਹੈ। ਪਿਛਲੇ ਦਿਨਾਂ 'ਚ ਛਪੀ ਇੱਕ ਰਿਪੋਰਟ ਦੇਖੋ, ਦੇਸ਼ ਦਾ ਇੱਕ ਬਾਬਾ ਬਲਾਤਕਾਰ 'ਚ ਫਸਿਆ, ਤਿੰਨ-ਚਾਰ ਰਾਜਾਂ ਦੀ ਸਿਆਸਤ ਨੂੰ ਪ੍ਰਭਾਵਤ ਕਰਦਾ ਰਿਹਾ, ਇਹਨਾਂ ਰਾਜਾਂ ਦੇ ਸਿਆਸਤਦਾਨ ਉਸ ਨੂੰ ਨਤਮਸਤਕ ਹੁੰਦੇ ਰਹੇ, ਅਰਬਾਂ ਦੀ ਲੋਕਾਂ ਦੀ ਜਾਇਦਾਦ ਉਹ ਹੜੱਪ ਕੇ ਬੈਠ ਗਿਆ। ਇੱਕ ਹੋਰ ਬਾਬਾ, ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਗਾਂਢੀ ਪਾਕੇ ਬਿਜਨੈਸਮੈਨ ਬਣ ਗਿਆ ਅਤੇ ਉਸੇ ਦਾ ਇੱਕ ਹਿੱਸੇ-ਪੱਤੀਦਾਰ ਦੇਸ਼ ਦਾ ਅੱਠਵਾਂ ਅਮੀਰ ਆਦਮੀ ਬਨਣ ਦਾ ਖਿਤਾਬ ਦੋ ਸਾਲਾਂ ਦੇ ਸਮੇਂ 'ਚ ਹੀ ਪ੍ਰਾਪਤ ਕਰ ਗਿਆ।**

ਅੱਜ ਕਿਸ ਕੋਲ ਮੋਬਾਇਲ ਨਹੀਂ ਹੈ? ਲੈਪਟੌਪ, ਸੀ ਡੀ, ਪਿੰਨ ਡਰਾਈਵ, ਫਰਿੱਜ, ਟੈਲੀਵਿਜ਼ਨ, ਫੈਕਸ ਮਸੀਨਾਂ, ਫੋਟੋਕੌਪੀਅਰ ਦੇ ਮਾਡਲ ਨਿੱਤ ਬਜ਼ਾਰ ਦਾ ਸ਼ਿੰਗਾਰ ਬਣ ਰਹੇ ਹਨ ਅਤੇ ਧੜਾਧੜ ਵਿੱਕ ਰਹੇ ਹਨ। ਬਲਬ, ਟਿਊਬਲਾਈਟਾਂ, ਪਲਾਸਟਿਕ ਜਾਂ ਬੈਟਰੀਆਂ ਘਰ 'ਚ ਵਰਤੀਆਂ ਜਾ ਰਹੀਆਂ ਹਨ। ਜਦੋਂ ਇਹ ਚੀਜ਼ਾਂ-ਵਸਤਾਂ ਵਰਤਣ ਯੋਗ ਨਹੀਂ ਰਹਿੰਦੀਆਂ, ਕਚਰਾ ਬਣ ਜਾਂਦੀਆਂ ਹਨ। ਇਸ ਕਚਰੇ ਵਿੱਚ ਕਲੋਰੀਨੇਟਿਡ ਅਤੇ ਬਰੋਮੀਨੇਟਿਡ ਗੈਸਾਂ ਪੈਦਾ ਹੁੰਦੀਆਂ ਹਨ। ਇਸ ਵਿੱਚ ਪਾਰਾ, ਸ਼ੀਸ਼ਾ, ਕਰੋਮਿਅਮ, ਬੇਰੀਅਮ, ਬੇਰਿਲਿਅਮ, ਕੈਡਮਿਅਮ ਜਿਹੇ ਤੱਤ ਹੁੰਦੇ ਹਨ। ਜੋ ਸਿਹਤ ਲਈ ਖਤਰਨਾਕ ਹਨ। ਅੱਜ ਇਲੈਕਟ੍ਰੋਨਿਕ, ਪਲਾਸਟਿਕ ਅਤੇ ਹਸਪਤਾਲਾਂ ਦਾ ਕਚਰਾ ਵਾਤਾਵਰਨ ਅਤੇ ਪਸ਼ੂ, ਪੰਛੀਆਂ ਅਤੇ ਮਨੁੱਖਾਂ ਦੀ ਸਿਹਤ ਲਈ ਖਤਰਾ ਬਣਦਾ ਜਾ ਰਿਹਾ ਹੈ। ਬਿਲਕੁਲ ਉਵੇਂ ਹੀ ਜਿਵੇਂ ਅੱਜ ਦਾ ਦੇਸ਼ ਦਾ ਬੇਈਮਾਨ, ਬੇ-ਅਸੂਲਾ ਸਿਆਸਤਦਾਨ ਦੇਸ਼ ਦੇ ਨਾਗਰਿਕਾਂ ਲਈ ਉਹਨਾ ਦੀ ਜਾਨ ਦਾ ਖੌਅ ਬਣਿਆ ਦਿਸਦਾ ਹੈ!

ਦੂਰ ਕੀ ਜਾਣਾ। ਗੁਰਦਾਸਪੁਰ ਪਾਰਲੀਮਾਨੀ ਹਲਕੇ ਦੀ ਉਪ-ਚੋਣ ਦੀ ਗੱਲ ਹੀ ਕਰ ਲੈਂਦੇ ਹਾਂ ਅਤੇ ਸਿਆਸਤਦਾਨਾਂ ਦਾ ਕਿਰਦਾਰ ਪਰਖ ਲੈਂਦੇ ਹਾਂ। ਕਿਹੜੇ ਮੁਦਿਆਂ ਤੇ ਸਿਆਸਤਦਾਨਾਂ ਨੇ ਚੋਣ ਲੜੀ ਹੈ? ਇਸ ਚੋਣ ਸਮੇਂ ਬਲਾਤਕਾਰ ਦੇ ਮਾਮਲੇ, ਲੋਕਾਂ ਦੇ ਮਸਲਿਆਂ ਨਾਲੋਂ ਅਹਿਮ ਰਹੇ। ਨਿੱਜੀ ਕਿੜ, ਨਿੱਜੀ ਦੁਸ਼ਮਣੀ ਦਾ ਬੋਲਬਾਲਾ ਅਤੇ ਜਿੱਤ ਲਈ ਭੱਦੀ ਭਾਸ਼ਾ, ਚੋਣ-ਦੰਗਲ ਦਾ ਸ਼ਿੰਗਾਰ ਬਣੀ! ਕਿਥੇ ਗਈ ਵਿਕਾਸ ਦੀ ਗੱਲ? ਕਿਥੇ ਗਏ ਕਿਸਾਨਾਂ ਨਾਲ ਸਬੰਧਤ ਮਸਲੇ? ਕਿਥੇ ਰਹਿ ਗਈ ਨਸ਼ਿਆਂ ਦੇ ਦਲਦਲ 'ਚ ਫਸੀ ਅਜੋਕੀ ਪੀੜ੍ਹੀ ਦੀ ਗੱਲ, ਜਿਸ ਤੋਂ ਫਿਕਰਮੰਦ ਹੋ ਕੇ ਸਿਆਸਤਦਾਨ ਮਗਰਮੱਛ ਦੇ ਹੰਝੂ ਵਹਾਉਂਦੇ ਨਜ਼ਰ ਆਉਂਦੇ ਸਨ? ਕਿਥੇ ਗੁਆਚ ਗਏ ਪੰਜਾਬ ਦੇ ਮਸਲੇ? ਕਿਥੇ ਗਈ ਨੌਜਵਾਨਾਂ ਦੀਆਂ ਨੌਕਰੀਆਂ ਦੀ ਫਿਕਰ? ਬਜ਼ੁਰਗਾਂ ਦੀਆਂ ਪੈਨਸ਼ਨਾਂ, ਕਿਸਾਨਾਂ ਦੇ ਕਰਜ਼ੇ, ਮੁਲਾਜ਼ਮਾਂ ਦੇ ਮਸਲੇ ਅਤੇ ਪਤਾ ਨਹੀਂ ਹੋਰ ਕਿੰਨਾ ਕੁਝ ਚੋਣਾਂ ਦੇ ਰਾਮ-ਰੌਲੇ 'ਚ ਗੁਆਚ ਗਿਆ। ਕੀ ਇੰਜ ਕਚਰਾ-ਕਚਰਾ ਨਹੀਂ ਹੋ ਗਿਆ ਸਿਆਸਤਦਾਨਾਂ ਦਾ ਅਕਸ?

ਸਥਾਨਕ ਤੌਰ 'ਤੇ ਪਿੰਡਾਂ ਸ਼ਹਿਰਾਂ 'ਚ ਇਲੈਕਟ੍ਰੋਨਿਕ, ਪਲਾਸਟਿਕ ਕਚਰੇ ਨੂੰ ਨਦੀਆਂ, ਨਾਲਿਆਂ ਜਾਂ ਸੜਕਾਂ ਦੇ ਕਿਨਾਰਿਆਂ ਉਤੇ ਸੁੱਟ ਦੇਂਦੇ ਹਾਂ। ਇਸ ਨਾਲ ਨਦੀਆਂ ਦਾ ਪਾਣੀ ਖਰਾਬ ਹੋ ਰਿਹਾ ਹੈ, ਨਦੀਆਂ ਦੀ ਸਿਹਤ ਵਿਗੜ ਰਹੀ ਹੈ। ਇਸ ਨਾਲ ਨਦੀਆਂ 'ਚ ਰਹਿੰਦੀਆਂ ਮੱਛਲੀਆਂ ਦੀ ਸਿਹਤ ਤਾਂ ਖਰਾਬ ਹੋਣੀ ਹੀ ਹੋਈ ਅਤੇ ਫਿਰ ਜਦੋਂ ਮਨੁੱਖ ਇਹਨਾਂ ਮੱਛਲੀਆਂ ਨੂੰ ਖਾਏਗਾ ਤਾਂ ਉਹਦੀ ਸਿਹਤ 'ਚ ਵਿਗਾੜ ਹੋਣਾ ਲਾਜ਼ਮੀ ਹੈ। ਥਾਂ ਥਾਂ ਫੈਲੇ ਕਚਰੇ ਨੂੰ ਅੱਗ ਲਗਾਉਣ ਨਾਲ ਜ਼ਹਿਰੀਲੀ ਹਵਾ ਪੈਦਾ ਹੁੰਦੀ ਹੈ, ਕਚਰੇ ਦੀ ਮਿੱਟੀ ਧਰਤੀ ਦੀ ਜ਼ਰਖੇਜ਼ ਮਿੱਟੀ ਨਾਲ ਰਲਦੀ ਹੈ, ਹਵਾ ਵੀ ਪ੍ਰਦੂਸ਼ਿਤ ਹੁੰਦੀ ਹੈ ਅਤੇ ਧਰਤੀ ਵੀ ਪ੍ਰਦੂਸ਼ਣ ਦਾ ਸ਼ਿਕਾਰ ਹੁੰਦੀ ਹੈ। ਖੇਤੀ ਦੀ ਰਹਿੰਦੀ-ਖੂੰਹਦ ਦਾ ਕਚਰਾ ਤਾਂ ਅਸਾਨੀ ਨਾਲ ਗਲ ਸੜ ਜਾਂਦਾ ਹੈ, ਪਰ ਪਿੰਡਾਂ ਸ਼ਹਿਰਾਂ 'ਚ ਪੈਦਾ ਹੁੰਦਾ ਪਲਾਸਟਿਕ ਦਾ ਕਚਰਾ ਜਿਸ ਮਿੱਟੀ ਦੇ ਵਰਤਨਾਂ ਅਤੇ ਪਤਲਾਂ ਦੀ ਥਾਂ ਲਈ ਹੈ, ਗਲਦਾ-ਸੜਦਾ ਹੀ ਨਹੀਂ। ਪਲਾਸਟਿਕ ਦੀ ਪੈਕਿੰਗ, ਪਲਾਸਟਿਕ ਦੇ ਭਾਂਡੇ ਤੱਕ ਵਰਤਣਾ ਅਸੀਂ ਫਖਰ ਸਮਝਣ ਲੱਗ ਪਏ ਹਨ, ਜਿਸ ਤੋਂ ਦੇਸ਼ ਵਿੱਚ ਹਰ ਰੋਜ਼ ਪੰਦਰਾਂ ਹਜ਼ਾਰ ਟਨ ਕਚਰਾ ਪੈਦਾ ਹੁੰਦਾ ਹੈ, ਜਿਸ ਵਿੱਚ ਮਸਾਂ ਨੌਂ ਟਨ ਕਚਰਾ ਹੀ ਰੀਸਾਈਕਲ ਹੁੰਦਾ ਹੈ। ਕਚਰੇ ਨੇ ਸਾਡੀ ਨਿੱਤ ਦੀ ਜ਼ਿੰਦਗੀ ਉਵੇਂ ਹੀ ਅਸੰਤੁਲਿਤ ਕਰ ਦਿੱਤੀ ਹੈ, ਜਿਵੇਂ ਕਿ ਦੇਸ਼ ਦੇ ਨਾਗਰਿਕ ਦੀ ਜ਼ਿੰਦਗੀ ਦੇਸ਼ ਦੇ ਸਵਾਰਥੀ ,ਲਾਲਚੀ, ਸਿਆਸਤਦਾਨ ਨੇ ਸੰਤੁਲਿਤ ਨਹੀਂ ਰਹਿਣ ਦਿੱਤੀ।

ਭਾਰਤੀ ਸਿਆਸਤਦਾਨ ਸਮਾਜ ਸੇਵਾ ਛੱਡ ਚੁੱਕੇ ਹਨ। ਉਹਨਾ ਦੀ ਰਾਜਨੀਤੀ 'ਚ ਪਹਿਲ ਪੈਸਾ ਅਤੇ ਕੁਰਸੀ ਬਣ ਚੁੱਕੀ ਹੈ! ਦੇਸ਼ ਦਾ ਵਿਰਲਾ-ਟਾਵਾਂ ਨੇਤਾ ਹੀ ਇਸ ਦੋਸ਼ ਤੋਂ ਮੁਕਤ ਹੈ। ਸਿਆਸਤ 'ਚ ਤਾਂ ਕੀ ਧਾਰਮਿਕ, ਸਮਾਜਿਕ, ਸਮਾਜ ਸੇਵੀ ਸੰਸਥਾਵਾਂ ਉਤੇ ਜਿਹੜਾ ਬੰਦਾ ਇਕ ਵੇਰ ਕਾਬਜ਼ ਹੋ ਜਾਂਦਾ ਹੈ, ਉਹ ਕੁਰਸੀ ਦੀ ਟੰਗ ਨਹੀਂ ਛੱਡਦਾ। ਦਿਨਾਂ 'ਚ ਹੀ ਅਮੀਰ ਬਣ ਜਾਂਦਾ ਹੈ। ਪਿਛਲੇ ਦਿਨਾਂ 'ਚ ਛਪੀ ਇੱਕ ਰਿਪੋਰਟ ਦੇਖੋ, ਦੇਸ਼ ਦਾ ਇੱਕ ਬਾਬਾ ਬਲਾਤਕਾਰ 'ਚ ਫਸਿਆ, ਤਿੰਨ-ਚਾਰ ਰਾਜਾਂ ਦੀ ਸਿਆਸਤ ਨੂੰ ਪ੍ਰਭਾਵਤ ਕਰਦਾ ਰਿਹਾ, ਇਹਨਾਂ ਰਾਜਾਂ ਦੇ ਸਿਆਸਤਦਾਨ ਉਸ ਨੂੰ ਨਤਮਸਤਕ ਹੁੰਦੇ ਰਹੇ, ਅਰਬਾਂ ਦੀ ਲੋਕਾਂ ਦੀ ਜਾਇਦਾਦ ਉਹ ਹੜੱਪ ਕੇ ਬੈਠ ਗਿਆ। ਇੱਕ ਹੋਰ ਬਾਬਾ, ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਗਾਂਢੀ ਪਾਕੇ ਬਿਜਨੈਸਮੈਨ ਬਣ ਗਿਆ ਅਤੇ ਉਸੇ ਦਾ ਇੱਕ ਹਿੱਸੇ-ਪੱਤੀਦਾਰ ਦੇਸ਼ ਦਾ ਅੱਠਵਾਂ ਅਮੀਰ ਆਦਮੀ ਬਨਣ ਦਾ ਖਿਤਾਬ ਦੋ ਸਾਲਾਂ ਦੇ ਸਮੇਂ 'ਚ ਹੀ ਪ੍ਰਾਪਤ ਕਰ ਗਿਆ। ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਬੇਟੇ ਦੀ ਆਮਦਨ ਇੱਕ ਦੋ ਸਾਲਾਂ 'ਚ 16000 ਗੁਣਾ ਵੱਧ ਗਈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਦੇਸ਼ ਵਿੱਚ ਪ੍ਰਦੂਸ਼ਣ ਵੱਧ ਰਿਹਾ ਹੈ। ਤਾਂ ਹੀ ਤਾਂ ਦਿੱਲੀ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ 'ਚ ਗਿਣਿਆ ਜਾਂਦਾ ਹੈ, ਭਾਵੇਂ ਕਿ ਦੁਨੀਆਂ ਦੇ ਅੱਠ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ਾਂ ਵਿੱਚ ਭਾਰਤ ਦਾ ਨਾਮ ਅੱਠਵੇਂ ਨੰਬਰ ਉਤੇ ਵੱਜਦਾ ਹੈ।

ਆਪਣੀਆਂ ਸੁਵਿਧਾਵਾਂ ਲਈ ਮਨੁੱਖ ਨੇ ਕੁਝ ਇਹੋ ਜਿਹੀਆਂ ਚੀਜ਼ਾਂ-ਵਸਤਾਂ ਪੈਦਾ ਕਰ ਲਈਆਂ ਹਨ, ਜਿਹਨਾ ਨੂੰ ਸਾੜਿਆ ਜਾਂ ਗਾਲਿਆ ਨਹੀਂ ਜਾ ਸਕਦਾ। ਸਾਰੀਆਂ ਕਿਸਮਾਂ ਦੇ ਕਚਰਿਆਂ ਨੂੰ ਦੁਬਾਰਾ ਵਰਤੋਂ 'ਚ ਲਿਆਉਣਾ ਸੰਭਵ ਨਹੀਂ ਹੈ। ਕੀ ਅਸੀਂ ਆਪਣੇ ਹੱਥੀ ਆਪਣੇ ਪੈਰਾਂ ਉਤੇ ਆਪੇ ਕੁਹਾੜਾ ਨਹੀਂ ਮਾਰ ਰਹੇ? ਪ੍ਰਤੀ ਦਿਨ ਕਚਰਾ ਪੈਦਾ ਕਰ ਰਹੇ ਹਾਂ, ਪਰ ਇਸ ਕਚਰੇ ਨੂੰ ਮੁੜ ਵਰਤੋਂ ਦਾ ਸਾਡੇ ਕੋਲ ਕੋਈ ਪ੍ਰਬੰਧ ਹੀ ਨਹੀਂ ਹੈ। ਐਕਸਰੇ ਪਲੇਟਾਂ, ਇਸਤੇਮਾਲ ਕੀਤੀਆਂ ਟੀਕਿਆਂ ਦੀਆਂ ਸੂਈਆਂ, ਪੱਟੀਆਂ, ਗੁਲੋਕੋਜ਼ ਬੋਤਲਾਂ ਨੂੰ ਸ਼ਰੇਆਮ ਹਸਪਤਾਲਾਂ, ਨਰਸਿੰਗ ਹੋਮਾਂ ਲਾਗੇ ਰੁਲਦਿਆਂ ਵੇਖਿਆ ਜਾ ਸਕਦਾ ਹੈ। ਬਹੁਤ ਸੌਖੇ ਢੰਗ ਨਾਲ ਕਚਰੇ ਵਿਚੋਂ ਜਿੰਨੇ ਕੁਝ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ, ਅਸੀਂ ਉਹ ਵੀ ਨਹੀਂ ਕਰ ਰਹੇ। ਅਸੀਂ ਕਚਰੇ ਵਿਚੋਂ ਜੈਵਿਕ ਕਚਰੇ ਅਤੇ ਰੀਸਾਈਕਲ ਕਚਰੇ ਨੂੰ ਅਲੱਗ ਕਰਨ ਦੀ ਵਿਧੀ ਨੂੰ ਅਪਨਾਉਣ ਤੋਂ ਵੀ ਆਕੀ ਹੋਏ ਬੈਠੇ ਹਾਂ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸਿਆਸਤ ਦੇ ਕਚਰੇ 'ਚ ਚੰਗੇ ਮਾੜੇ ਦੀ ਪਛਾਣ ਕਰਨਾ ਅਸੀਂ ਸਿੱਖਿਆ ਹੀ ਨਹੀਂ, ਜੇਕਰ ਸਿੱਖਿਆ ਹੁੰਦਾ ਤਾਂ ਕੀ ਮੋਬਾਇਲ, ਟੀਵੀ, ਇੰਟਰਨੈਟ ਨਾਲ ਵਿਸ਼ੈਲੇ ਵਿਚਾਰ ਫੈਲਾਉਣ ਵਾਲੀ ਸਿਆਸੀ ਪਾਰਟੀ ਅਤੇ ਇੱਕ ਕਥਿਤ ਸਮਾਜਿਕ ਸੰਗਠਨ ਦੇਸ਼ ਦੇ ਹਾਕਮ ਬਣ ਸਕਦੇ ਸਨ?

ਦੇਸ਼ ਦਾ ਹਾਕਮ, ਅਸੀਂ ਉਸ ਧਿਰ ਨੂੰ ਚੁਣਿਆ, ਜਿਹੜਾ ਦੇਸ਼ 'ਚ ਸਭ ਤੋਂ ਵੱਧ ਸਿਆਸੀ ਪ੍ਰਦੂਸ਼ਣ ਪੈਦਾ ਕਰਨ ਦਾ ਜ਼ੁੰਮੇਵਾਰ ਹੈ। ਜਿਸ ਨੇ ਵਿਚਾਰਾਂ ਦੀ ਆਜ਼ਾਦੀ ਨੂੰ ਢਾਅ ਲਾਈ ਹੈ, ਜਿਸਨੇ ਘੱਟ ਗਿਣਤੀ ਫਿਰਕੇ ਦੇ ਲੋਕਾਂ ਦੇ ਹੱਕਾਂ ਦਾ ਘਾਣ ਕਰਨ 'ਚ ਕੋਈ ਕਸਰ ਨਹੀਂ ਛੱਡੀ। ਜਿਸ ਨੇ ਨੋਟਬੰਦੀ, ਜੀ ਐਸ ਟੀ ਨਾਲ ਦੇਸ਼ ਦੀ ਆਰਥਿਕਤਾ ਨੂੰ ਤਹਿਸ਼-ਨਹਿਸ਼ ਕਰ ਸੁਟਿਆ ਹੈ। ਜਿਸ ਨੇ ਦੇਸ਼ ਦੇ ਰਿਵਾਇਤੀ ਬਜ਼ਾਰ ਨੂੰ ਮਧੋਲਕੇ ਆਮ ਲੋਕਾਂ ਦਾ ਜੀਊਣਾ ਦੁੱਭਰ ਕਰ ਦਿੱਤਾ ਹੈ। ਬਜ਼ਾਰ ਸੁੰਨੇ ਪਏ ਹਨ। ਬਜ਼ਾਰ 'ਚ ਤਰਲਤਾ ਗਾਇਬ ਹੋ ਗਈ ਹੈ। ਨੋਟਬੰਦੀ ਦੌਰਾਨ ਕਾਰੋਬਾਰੀਆਂ-ਵਪਾਰੀਆਂ ਨੇ ਆਪਣੇ ਵਾਧੂ ਧਨ ਜੋ ਉਹਨਾ ਦੇ ਕਾਰੋਬਾਰ 'ਚ ਕੰਮ ਆਉਂਦਾ ਸੀ, ਬੈਂਕਾਂ 'ਚ ਸੁੱਟ ਦਿੱਤਾ, ਬਾਜ਼ਾਰ 'ਚ ਪੈਸੇ ਦੀ ਕਮੀ ਆ ਗਈ। ਵਿਚਕਾਰਲੇ ਉਦਯੋਗਾਂ ਨੂੰ ਧੱਕਾ ਲੱਗਿਆ, ਲੱਖਾਂ ਲੋਕ ਬੇਰੁਜ਼ਗਾਰ ਹੋ ਗਏ। ਲੋਕ ਮੰਦੀ ਦਾ ਸ਼ਿਕਾਰ ਹੋ ਗਏ ਪਰ ਦੇਸ਼ ਦਾ ਹਾਕਮ ਫੜਾਂ ਮਾਰਦਾ ਰਿਹਾ! ਜਿਸਦੀ ਚਕਾਚੋਂਦ 'ਚ ਦੇਸ਼ ਦੀ ਜਨਤਾ 2014 'ਚ ਫਸ ਗਈ ਸੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਦੇਸ਼ ਦੀ ਜਨਤਾ ਇਲੈਕਟ੍ਰੋਨਿਕ ਮੋਬਾਇਲ ਇੰਟਰਨੈਟ ਦੇ ਚੱਕਰ 'ਚ ਫਸ ਗਈ ਹੋਈ ਹੈ।

ਜਿਵੇਂ ਇਲੈਕਟ੍ਰੋਨਿਕ, ਪਲਾਸਟਿਕ ਦੇ ਕਚਰੇ ਤੋਂ ਨਿਜ਼ਾਤ ਪਾਉਣ ਲਈ ਹਾਨੀਕਾਰਕ ਚੀਜ਼ਾਂ ਨੂੰ ਖੁਲ੍ਹੇ ਛੱਡਣ ਦੀ ਵਿਜਾਏ ਇਸਦੀਆਂ ਰੀਸਾਈਕਲ ਹੋਣ ਯੋਗ ਚੀਜਾਂ ਨੂੰ ਚੁਣਕੇ ਵਿਗਿਆਨਕ ਵਿਧੀ ਅਪਨਾਉਣ ਦੀ ਲੋੜ ਹੈ, ਉਵੇਂ ਹੀ ਕਚਰਾ-ਕਚਰਾ ਹੋ ਚੁੱਕੇ, ਪ੍ਰਦੂਸ਼ਤ ਸਿਆਸੀ ਢਾਂਚੇ ਤੋਂ ਨਿਜ਼ਾਤ ਪਾਉਣ ਲਈ ਆਮ ਲੋਕਾਂ ਨੂੰ ਸਿੱਖਿਅਤ ਅਤੇ ਜਾਗਰੂਕ ਕਰਨ ਦੀ ਲੋੜ ਹੈ। ਜਿਵੇ ਲੋੜ ਇਸ ਗੱਲ ਦੀ ਹੈ ਕਿ ਕਚਰੇ ਨੂੰ ਉਸਦੇ ਉਤਪਾਦਨ ਸਰੋਤ ਤੋਂ ਹੀ ਘੱਟ-ਘੱਟ ਹਾਨੀ ਰਹਿਤ ਕਰਨ ਦਾ ਪ੍ਰਬੰਧ ਹੋਵੇ ਉਵੇਂ ਹੀ ਦੇਸ਼ ਦੀ ਤਾਰ-ਤਾਰ ਹੋ ਚੁੱਕੀ ਸਿਆਸਤ ਵਿਚੋਂ ਨੁਕਸਾਨ ਪਹੁੰਚਾਉਣ ਵਾਲੀਆਂ ਧਿਰਾਂ ਨੂੰ ਚੋਣਾਂ ਵੇਲੇ ਹੀ ਤਾਕਤ 'ਚ ਆਉਣ ਤੋਂ ਰੋਕ ਦਿੱਤਾ ਜਾਏ।

ਜਿਵੇਂ ਕਚਰੇ ਨੂੰ ਖੁਲ੍ਹਾ ਛੱਡਣ ਨਾਲ ਦੁਰਗੰਧ ਫੈਲਦੀ ਹੈ, ਬਿਮਾਰੀ ਫੈਲਦੀ ਹੈ, ਇਵੇਂ ਹੀ ਗੰਦੀ ਸਿਆਸਤ ਪੂਰੇ ਸਮਾਜ ਨੂੰ ਗੰਧਲਾ ਕਰਦੀ ਹੈ। ਜਨਤਾ ਦੀ ਸਿਹਤ ਲਈ ਬੇਹਤਰ ਕਚਰਾ ਪ੍ਰਬੰਧਨ ਜ਼ਰੂਰੀ ਹੈ, ਭਾਵੇਂ ਉਹ ਇਲੈਕਟ੍ਰੋਨਿਕ ਪਲਾਸਟਿਕ ਕਚਰਾ ਪ੍ਰਬੰਧਨ ਹੋਵੇ ਜਾਂ ਸਿਆਸੀ ਤੌਰ ਤੇ ਕੂੜਾ-ਕਰਕਟ ਕਚਰਾ ਪ੍ਰਬੰਧਨ ਦਾ ਕਾਰਜ਼ ਹੋਵੇ।

# ਇਹ ਧੂੰਆਂ-ਜਿਹਾ ਕਿਥੋਂ ਉੱਠਦਾ ਹੈ?

**ਮੂਲ:- ਉਮਾ ਸ਼ੰਕਰ ਮਿਸ਼ਰ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਠੰਡ ਦੇ ਦਿਨ ਹੁਣ ਆਉਣਗੇ। ਖੇਤਾਂ 'ਚ ਝੋਨੇ ਦੀ ਪਰਾਲੀ ਜਾਲਣ ਦਾ ਸਮਾਂ ਵੀ ਆ ਗਿਆ ਹੈ ਅਤੇ ਦੀਵਾਲੀ 'ਤੇ ਪਟਾਖਿਆਂ ਤੋਂ ਨਿਕਲਦੇ ਜ਼ਹਿਰੀਲੇ ਪਦਾਰਥਾਂ ਦਾ ਖਤਰਾ ਮੰਡਰਾ ਰਿਹਾ ਹੈ। ਇਹੋ ਜਿਹੇ 'ਚ ਪਿਛਲੇ ਸਾਲ "ਸਮਾਗ" ਦੇ ਕਾਰਣ ਪੈਦਾ ਹੋਈ ਦਹਿਸ਼ਤ ਫਿਰ ਤੋਂ ਉਭਰਨ ਲੱਗੀ ਹੈ, ਜਿਸਨੂੰ "ਦੀ ਗ੍ਰੇਟ ਸਮਾਗ" ਦਾ ਨਾਮ ਦਿੱਤਾ ਗਿਆ ਹੈ। ਹਵਾ ਪ੍ਰਦੂਸ਼ਣ ਨੂੰ ਜਦ ਦੇਸ਼ ਦਾ ਪੰਜਵਾ ਸਭ ਤੋਂ ਵੱਡਾ ਜਾਨ-ਲੇਵਾ ਕਿਹਾ ਜਾ ਰਿਹਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਹੋਂਦ ਉਤੇ ਵੀ ਖ਼ਤਰਾ ਮੰਡਰਾ ਰਿਹਾ ਹੋਵੇ ਤਾਂ ਚਿੰਤਾ ਤਾਂ ਕਰਨੀ ਬਣਦੀ ਹੀ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੇ ਅਨੁਸਾਰ ਹਵਾ ਪ੍ਰਦੂਸ਼ਣ ਦੇ ਭੈੜੇ ਅਸਰ ਦੁਨੀਆ ਦਾ ਸਭ ਤੋਂ ਵੱਡੇ ਵਾਤਾਵਰਨ ਖਤਰਿਆਂ ਵਿਚੋਂ ਇੱਕ ਹੈ, ਜਿਸ ਦਾ ਅਸਰ ਆਉਣ ਵਾਲੀਆਂ ਕਈ ਪੀੜ੍ਹੀਆਂ ਤੱਕ ਬਣਿਆ ਰਹਿ ਸਕਦਾ ਹੈ। ਵਾਤਾਵਰਨ ਪ੍ਰਦੂਸ਼ਣ ਨਿਅੰਤਰਣ ਪ੍ਰਾਧੀਕਰਣ (ਈ ਪੀ ਸੀ ਏ) ਦੇ ਚੇਅਰਮੈਨ ਡਾ: ਭੂਰੇ ਲਾਲ ਦਾ ਕਹਿਣਾ ਵੀ ਹੈਰਾਨ ਕਰਦਾ ਹੈ ਕਿ ਪ੍ਰਦੂਸ਼ਣ ਨਾਲ ਦਿੱਲੀ-ਐਨ ਸੀ ਆਰ ਵਿੱਚ ਲੋਕਾਂ ਦੀ ਉਮਰ ਨੌਂ ਸਾਲ ਤੱਕ ਘੱਟ ਹੋ ਰਹੀ ਹੈ। ਜੇਕਰ ਹੁਣ ਵੀ ਅਸੀਂ ਸੁਚੇਤ ਨਾ ਹੋਏ ਤਾਂ ਸਥਿਤੀ ਹੋਰ ਵੀ ਭਿਅੰਕਰ ਹੋ ਜਾਏਗੀ।

ਇਸ ਵੇਰ ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ਼ ਜਿਹੇ ਰਾਜਾਂ ਵਿੱਚ "ਸਮਾਗ" ਦੇ ਅਗਾਊਂ ਖਤਰੇ ਨੂੰ ਦੇਖਦਿਆਂ ਪ੍ਰਦੂਸ਼ਣ ਕੰਟਰੋਲ ਰੱਖਣ ਦੀ ਹਿਦਾਇਤ ਖਾਸ ਤੌਰ ਤੇ ਦਿਤੀ ਗਈ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦੇ ਅਧਿਕਾਰੀਆਂ ਮੁਤਾਬਕ ਪੂਰੇ ਦੇਸ਼ ਵਿੱਚ ਲਗਭਗ 100 ਸ਼ਹਿਰਾਂ ਦੀ ਪਛਾਣ ਕੀਤੀ ਗਈ ਹੈ, ਜਿਥੇ ਹਵਾ ਤਹਿ ਕੀਤੇ ਮਾਪ ਦੰਡਾਂ ਤੋਂ ਬਦ ਤੋਂ ਬਦਤਰ ਹੈ। ਇੱਕ ਰਿਪੋਰਟ ਵਿੱਚ ਤਾਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਚਾਰ ਭਾਰਤੀ ਸ਼ਹਿਰ ਬੰਗਲੌਰ, ਚੇਨਈ, ਦਿੱਲੀ ਅਤੇ ਮੁੰਬਈ ਵਿੱਚ ਸਵੇਰ ਦੇ ਸਮੇਂ ਹਵਾ ਪ੍ਰਦੂਸ਼ਣ ਸਭ ਤੋਂ ਜ਼ਿਆਦਾ ਹੁੰਦਾ ਹੈ। ਸਾਲ 2008 ਅਤੇ 2015 ਦੇ ਵਿੱਚ ਵਿਸ਼ਵ ਸਿਹਤ ਸੰਸਥਾ ਦੇ ਅੰਕੜਿਆਂ ਨੂੰ ਦੇਖੀਏ ਤਾਂ ਪਤਾ ਚਲਦਾ ਹੈ ਕਿ ਉਤਰਪ੍ਰਦੇਸ਼ ਦੇ ਕਾਨਪੁਰ, ਫਿਰੋਜ਼ਾਬਾਦ, ਅਲਾਹਾਬਾਦ, ਲਖਨਊ ਸ਼ਹਿਰ ਦੁਨੀਆਂ ਦੇ 25 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਸ਼ਾਮਲ ਹਨ।

ਕੁਝ ਸਮਾਂ ਪਹਿਲਾਂ ਗੈਰ ਸਰਕਾਰੀ ਸੰਸਥਾ ਗਰੀਨ ਪੀਸ ਦੀ ਇੱਕ ਰਿਪੋਰਟ ਵਿੱਚ ਦੇਸ਼ ਦੇ 168 ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਦੇ ਮੁਲਾਂਕਣ ਵਿੱਚ ਦੇਖਿਆ ਗਿਆ ਕਿ ਕੋਈ ਵੀ ਸ਼ਹਿਰ ਵਿਸ਼ਵ ਸਿਹਤ ਸੰਸਥਾ ਵਲੋਂ ਨਿਰਧਾਰਤ ਹਵਾ ਗੁਣਵੱਤਾ ਦੇ ਮਾਪਦੰਡਾਂ ਦੇ ਬਰਾਬਰ ਦਾ ਨਹੀਂ। ਦੇਸ਼ ਭਰ ਵਿੱਚ ਹਵਾ ਦੀ ਗੁਣਵੱਤਾ ਡਿੱਗਣ ਦਾ ਮੁਖ ਕਾਰਨ ਪੈਟਰੋਲ, ਡੀਜ਼ਲ ਆਦਿ ਜਿਹਾ ਜਲਣਯੋਗ ਬਾਲਣ ਹੈ। ਪੰਰਤੂ ਬੇਹਿਸਾਬ ਪਟਾਖੇ ਜਲਾਕੇ ਉਤਸਵ ਮਨਾਉਣ ਦਾ ਅੰਦਾਜ਼ ਵੀ ਸਾਡੇ ਸ਼ਹਿਰਾਂ ਦੀ ਆਬੋ-ਹਵਾ ਨੂੰ ਕਈ ਗੁਣਾ ਪ੍ਰਦੂਸ਼ਿਤ ਕਰ ਦਿੰਦਾ ਹੈ। ਇਹੀ ਨਹੀਂ ਸੜਕ ਉਤੇ ਦੌੜਨ ਵਾਲੇ ਵਾਹਨਾਂ ਦੀ ਲਗਾਤਾਰ ਵੱਧ ਰਹੀ ਗਿਣਤੀ ਵੀ ਪ੍ਰਦੂਸ਼ਣ ਦਾ ਵੱਡਾ ਕਾਰਨ ਹੈ।

ਸੜਕਾਂ ਉਤੇ ਪ੍ਰਤੀ ਦਿਨ ਦੌੜਦੇ ਲੱਖਾਂ ਵਾਹਨਾਂ ਵਿਚੋਂ ਹਰ ਰੋਜ਼ ਕਾਰਬਨ-ਮੋਨੋਔਕਸਾਈਡ, ਹਾਈ ਡਰੋਕਾਰਬਨ, ਨਾਈਟਰੋਕਾਰਬਨ ਆਕਸਾਈਡ, ਵਾਸ਼ਪਸ਼ੀਲ ਕਾਰਬਨਿਕ ਯੋਗਿਕ, ਸਲਫਰ ਡਾਈ ਔਕਸਾਈਡ ਅਤੇ ਦੂਸਰੇ ਖਤਰਨਾਕ ਕਣ ਨਿਕਲ ਰਹੇ ਹਨ। ਸੈਂਟਰ ਫਾਰ ਇਕੌਲੋਜੀਕਲ ਸਾਇੰਸ ਆਫ ਦੀ ਇੰਡੀਅਨ ਇਨਸਟੀਚੀਊਟ ਬੰਗਲੌਰ ਵਲੋਂ ਕੀਤੇ ਗਏ ਇੱਕ ਅਧਿਐਨ ਦੀ ਰਿਪੋਰਟ ਦਸਦੀ ਹੈ ਕਿ ਦਿਲੀ ਦਾ ਪਰਿਵਹਿਨ ਤੰਤਰ ਕਲਕੱਤਾ ਦੇ ਮੁਕਾਬਲੇ ਛੇ ਗੁਣਾ, ਅਹਿਮਦਾਬਾਦ ਦੇ ਮੁਕਾਬਲੇ ਪੰਜ ਗੁਣਾ, ਗ੍ਰੇਟਰ ਮੁੰਬਈ ਅਤੇ ਚੈਨਈ ਦੇ ਮੁਕਾਬਲੇ ਤਿੰਨ ਗੁਣਾ ਜਿਆਦਾ ਗਰੀਨ ਹਾਊਸ ਗੈਸ ਪੈਦਾ ਕਰਦਾ ਹੈ। ਰਿਪੋਰਟ ਕਹਿੰਦੀ ਹੈ ਕਿ ਦਿੱਲੀ ਦਾ ਪਰਿਵਹਿਨ ਤੰਤਰ 12.39 ਮਿਲੀਅਨ ਟਨ ਕਾਰਬਨ ਡਾਈਔਕਸਾਈਡ ਪੈਦਾ ਕਰਦਾ ਹੈ, ਜਦਕਿ ਗ੍ਰੇਟਰ ਬੰਗਲੌਰ ਦਾ ਪਰਿਵਹਿਨ ਤੰਤਰ 128.61 ਅਤੇ ਹੈਦਾਰਾਬਾਦ ਦਾ 7.81 ਮਿਲੀਅਨ ਟਨ ਦੇ ਬਰਾਬਰ ਕਾਰਬਨ ਡਾਈਔਕਸਾਈਡ ਪੈਦਾ ਕਰਦਾ ਹੈ। ਪਿਛਲੇ 15 ਸਾਲਾਂ ਵਿੱਚ ਦਿੱਲੀ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਨਿੱਜੀ ਵਾਹਨਾਂ ਦੀ ਗਿਣਤੀ ਵਿੱਚ 82 ਫੀਸਦੀ ਦਾ ਵਾਧਾ ਹੋਇਆ ਹੈ। ਵਿਗਿਆਨਕਾਂ ਦੇ ਅਨੁਸਾਰ ਗੱਡੀਆਂ ਵਿਚੋਂ ਨਿਕਲਣ ਵਾਲੇ ਧੂੰਏ ਦਾ ਲਗਭਗ 99.4 ਫੀਸਦੀ ਹਿੱਸਾ ਵਾਤਾਵਰਨ ਵਿੱਚ ਘੁਲਕੇ ਅਲੋਪ ਹੋ ਜਾਂਦਾ ਹੈ। ਇਸ ਵਿਚੋਂ ਹਾਈਡਰੋਕਾਰਬਨ ਅਤੇ ਨਾਈਟਰੋਕਾਰਬਨ ਆਕਸਾਈਡ ਸੂਰਜ ਦੀ ਰੋਸ਼ਨੀ ਅਤੇ ਉੱਚ ਤਾਪਮਾਨ ਦੇ ਨਾਲ ਕਿਰਿਆ ਕਰਕੇ ਧਰਤੀ ਦੇ ਪੱਧਰ ਦੀ ਉਜੋਨ ਦਾ ਨਿਰਮਾਣ ਕਰਦੇ ਹਨ। ਇਹ ਧਰਤੀ ਪੱਧਰ ਦੀ ਉਜੋਨ, ਸਾਹ ਦੀ ਬਿਮਾਰੀਆਂ ਪੈਦਾ ਕਰਦੀ ਹੈ ਅਤੇ ਫੇਫੜਿਆਂ ਨੂੰ ਹਾਨੀ ਪਹੁੰਚਾਉਂਦੀ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਨੁਸਾਰ ਪਿਛਲੇ ਸਾਲ ਦਿਵਾਲੀ ਦੇ ਮੌਕੇ ਦੇਸ਼ ਭਰ ਵਿੱਚ ਪਾਰਟੀਕੁਲੇਟ ਮੈਟਰ 2.5 ਦੀ ਔਸਤ ਪੱਧਰ, ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡ ਤੋਂ 2.4 ਗੁਣਾ ਵੱਧ ਅਤੇ ਦਿੱਲੀ ਵਿੱਚ 16 ਗੁਣਾ ਜਿਆਦਾ ਪਾਇਆ ਗਿਆ ਸੀ। ਪੀ ਐਮ- 2.5 (ਪਾਰਟੀਕੁਲੇਟ ਮੈਟਰ) ਧਰਤੀ ਦੇ ਵਾਯੂਮੰਡਲ ਵਿੱਚ ਠੋਸ ਜਾਂ ਤਰਲ ਪਦਾਰਥਾਂ ਦੇ ਇਹੋ ਜਿਹੇ ਛੋਟੇ ਕਣ ਹਨ, ਜਿਹਨਾ ਦਾ ਸਾਈਜ਼ 2.5 ਮਾਈਕ੍ਰੋਗ੍ਰਾਮ ਤੋਂ ਵੀ ਘੱਟ ਹੁੰਦਾ ਹੈ। ਇਹ ਕਣ ਆਸਾਨੀ ਨਾਲ ਨੱਕ ਅਤੇ ਮੂੰਹ ਰਾਹੀ ਸਰੀਰ ਦੇ ਅੰਦਰ ਤੱਕ ਪੁੱਜਕੇ ਲੋਕਾਂ ਨੂੰ ਬੀਮਾਰ ਕਰ ਸਕਦੇ ਹਨ। ਇਹ ਮਨੁੱਖ ਦੇ ਬਾਲ ਤੋਂ ਵੀ 30 ਗੁਣਾ ਜਿਆਦਾ ਬਰੀਕ ਹੋ ਸਕਦੇ ਹਨ। ਇਸ ਨਾਲ ਦਿਲ ਦੇ ਦੌਰੇ, ਦਿਲ ਫੇਲ੍ਹ ਹੋਣਾ, ਫੈਫੜਿਆਂ ਦਾ ਕੈਂਸਰ ਅਤੇ ਸਾਹ ਲੈਣ ਦੀਆਂ ਬੀਮਾਰੀਆਂ ਹੋਣ ਦਾ ਖਤਰਾ ਵਧਦਾ ਹੈ। ਇਹ ਮਨੁੱਖ ਸਿਹਤ ਲਈ ਸਭ ਤੋਂ ਵੱਧ ਖਤਰਾ ਪੈਦਾ ਕਰਨ ਦਾ ਕਾਰਣ ਮੰਨੇ ਜਾਂਦੇ ਹਨ। ਵਿਸ਼ਵ ਸਿਹਤ ਸੰਗਠਨ ਦੇ ਮੁਤਾਬਿਕ ਹਵਾ ਪ੍ਰਦੂਸ਼ਣ ਵਿੱਚ ਸਿਹਤ ਜੋਖ਼ਮ ਦਾ ਪੱਧਰ ਨਾਪਣ ਦੇ ਲਈ ਪੀ ਐਮ-2.5 ਸਭ ਤੋਂ ਸਟੀਕ ਪੈਮਾਨਾ ਹੈ। ਵਿਸ਼ਵ ਸਿਹਤ ਸੰਗਠਨ ਚੇਤਾਵਨੀ ਦਿੰਦਾ ਰਿਹਾ ਹੈ ਕਿ ਪੀ.ਐਮ., ਉਜੋਨ, ਨਾਈਟਰੋਜਨ, ਮੋਨੋਔਕਸਾਈਡ ਅਤੇ ਸਲਫਰ ਡਾਈ ਔਕਸਾਈਡ ਲੋਕਾਂ ਦੀ ਸਿਹਤ ਲਈ ਖਤਰਨਾਕ ਹੈ। ਵਿਸ਼ਵ ਸਿਹਤ ਸੰਗਠਨ ਨੇ ਕਈ ਵੇਰ ਕਿਹਾ ਹੈ ਕਿ ਇਹਨਾ ਹਾਨੀਕਾਰਕ ਚੀਜ਼ਾਂ ਦੇ ਲਈ ਇੱਕ ਸੀਮਾ ਤਹਿ ਕਰਨੀ ਚਾਹੀਦੀ ਹੈ, ਨਹੀਂ ਤਾਂ ਵੱਡੇ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਬਹੁਤ ਨੁਕਸਾਨ ਪੁੱਜ ਸਕਦਾ ਹੈ। ਇਹਨਾਂ ਸਾਰੀਆਂ ਚੇਤਾਵਨੀਆਂ ਦੇ ਬਾਵਜੂਦ ਲੋਕ ਬੇਪ੍ਰਵਾਹ ਹੋਕੇ ਪਟਾਖੇ ਜਲਾਉਂਦੇ ਹਨ, ਜਦਕਿ ਪਟਾਖਿਆਂ ਵਿੱਚ ਵਰਤੇ ਜਾਂਦੇ ਕਾਪਰ ਕੈਡਮੀਅਮ, ਲੈਡ, ਮੈਗਨੀਸ਼ੀਅਮ, ਸੋਡੀਅਮ, ਜਿੰਕ, ਨਾਈਟਰੇਟ ਅਤੇ ਨਾਈਟਰਾਈਟ ਜਿਹੇ ਰਸਾਇਣ ਇਹਨਾਂ ਨੂੰ ਘਾਤਕ ਬਣਾ ਦਿੰਦੇ ਹਨ। ਪਟਾਖਿਆਂ ਵਿਚੋਂ ਕਾਰਬਨ ਮੋਨੋ-ਔਕਸਾਈਡ, ਕਾਰਬਨਡਾਈ ਔਕਸਾਈਡ ਅਤੇ ਸਲਫਰ ਡਾਈਔਕਸਾਈਡ ਜਿਹੀਆਂ ਜ਼ਹਿਰੀਲੀਆਂ ਗੈਸਾਂ ਅਤੇ ਧੂੰਆਂ ਨਿਕਲਦਾ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਿਕ ਦੁਨੀਆ ਦੇ 20 ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 9 ਭਾਰਤ ਦੇ ਹਨ। ਹਾਲਾਂਕਿ ਦੇਸ਼ ਦੇ ਪੰਜਵੇਂ ਸਭ ਤੋਂ ਵੱਧ ਆਬਾਦੀ ਵਾਲੇ ਸ਼ਹਿਰ ਅਹਿਮਦਾਬਾਦ ਵਿੱਚ ਹਵਾ ਪ੍ਰਦੂਸ਼ਣ ਦੇ ਲਈ ਪਹਿਲੀ ਨਿਗਰਾਨੀ ਅਤੇ ਅਗਾਊਂ ਚੇਤਾਵਨੀ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ, ਅਤੇ ਉਸਦੇ ਚੰਗੇ ਨਤੀਜੇ ਵੀ ਸਾਹਮਣੇ ਆ ਰਹੇ ਹਨ। ਪਰੰਤੂ ਹਰ ਸ਼ਹਿਰ ਵਿੱਚ ਇਸ ਸਬੰਧੀ ਦਖਲ-ਅੰਦਾਜ਼ੀ ਦੀ ਲੋੜ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਨੁਸਾਰ ਦਿੱਲੀ ਵਿੱਚ ਪਟਾਖਿਆਂ ਦੇ ਕਾਰਨ ਦੀਵਾਲੀ ਦੇ ਬਾਅਦ ਹਵਾ ਪ੍ਰਦੂਸ਼ਣ ਛੇ ਤੋਂ ਦਸ ਗੁਣਾ ਅਤੇ ਆਵਾਜ਼ ਦਾ ਪੱਧਰ 15 ਡੈਸੀਬਲ ਤੱਕ ਵੱਧ ਜਾਂਦਾ ਹੈ। ਆਮ ਦਿਨਾਂ ਵਿੱਚ ਰੌਲੇ ਦਾ ਪੱਧਰ ਦਿਨ ਵਿੱਚ 55 ਅਤੇ ਰਾਤ ਵਿੱਚ 45 ਡੈਸੀਬਲ ਦੇ ਲਗਭਗ ਹੁੰਦਾ ਹੈ ਪਰ ਦੀਵਾਲੀ ਵੇਲੇ 70 ਤੋਂ 90 ਡੈਸੀਬਲ ਤੱਕ ਪਹੁੰਚ ਜਾਂਦਾ ਹੈ। ਇੰਨਾ ਜਿਆਦਾ ਰੌਲਾ ਸਾਨੂੰ ਕੰਨੋਂ ਬੋਲਾ ਕਰਨ ਲਈ ਕਾਫੀ ਹੈ। ਪਟਾਖਿਆਂ ਦੇ ਫਟਣ ਨਾਲ ਮਨੁੱਖ ਕੁਝ ਪਲਾਂ ਲਈ ਬੋਲਾ ਹੋ ਜਾਂਦਾ ਹੈ। ਕਈ ਵੇਰ ਪੀੜਤ ਪੱਕੇ ਤੌਰ ਤੇ ਹੀ ਬਹਿਰਾ (ਬੋਲਾ) ਹੋ ਜਾਂਦਾ ਹੈ।

ਇਹਨਾ ਵਿਚੋਂ ਕਈ ਪਟਾਖੇ ਇਹੋ ਜਿਹੇ ਹਨ, ਜਿਹਨਾ ਉਤੇ ਭਾਰਤੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਾਬੰਦੀ ਲਗਾਈ ਹੋਈ ਹੈ। ਸਤੰਬਰ 2001 ਵਿੱਚ ਸੁਪਰੀਮ ਕੋਰਟ ਨੇ ਦਸ ਵਜੇ ਤੋਂ ਬਾਅਦ ਜਿਆਦਾ ਰੌਲਾ-ਰੱਪਾ ਅਤੇ ਪ੍ਰਦੂਸ਼ਣ ਪੈਲਾਉਣ ਵਾਲੇ ਪਟਾਖੇ ਚਲਾਉਣ ਉਤੇ ਰੋਕ ਲਗਾਈ ਸੀ। ਹਸਪਤਾਲ, ਸਿੱਖਿਆ ਸੰਸਥਾਵਾਂ, ਅਦਾਲਤਾਂ ਅਤੇ ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਪਟਾਖੇ ਨਾ ਚਲਾਉਣ ਦੇ ਨਿਯਮ ਵੀ ਹਨ। ਅਦਾਲਤ ਵਲੋਂ ਵੀਹ ਤੋਂ ਜਿਆਦਾ ਇਹੋ ਜਿਹੇ ਪਟਾਖਿਆਂ ਉਤੇ ਪਾਬੰਦੀ ਵੀ ਲਗਾਈ ਗਈ ਹੈ, ਜਿਹੜੇ 125 ਡੈਸੀਵਲ ਦੀ ਆਵਾਜ਼ ਸੀਮਾ ਤੋਂ ਵੱਧ ਹਨ। ਇਥੋਂ ਤੱਕ ਕਿ ਇਹੋ ਜਿਹੇ ਪਟਾਖੇ ਬਨਾਉਣ ਵਾਲਿਆਂ ਉਤੇ ਵੀ ਪਾਬੰਦੀ ਲਗਾ ਦਿਤੀ ਗਈ ਸੀ, ਜਿਹਨਾ ਦਾ ਵਿਸਫੋਟ 125 ਡੈਸੀਵਲ ਤੋਂ ਜਿਆਦਾ ਸੀ ਪਰ ਅੱਜ ਵੀ ਇਹਨਾਂ ਨਿਯਮਾਂ ਦਾ ਉਲੰਘਣ ਹੋ ਰਿਹਾ ਹੈ, ਕਿਉਂਕਿ ਅਸੀਂ ਦੀਵਾਲੀ ਉਤਸਵ ਨੂੰ ਧੂੰਏਂ ਨਾਲ ਉਡਾ ਦੇਣ ਦੇ ਆਦੀ ਹੋ ਗਏ ਹਾਂ।

# ਸਾਕਾ ਕਾਮਾਗਾਟਾਮਾਰੂ-ਇੱਕ ਅਲੱਗ ਦ੍ਰਿਸ਼ਟੀਕੋਣ



ਗੁਰਲਾਲ ਸਿੰਘ ਬਰਾੜ
91- 94635-18172


'ਸਾਕਾ ਕਾਮਾਗਾਟਾਮਾਰੂ' ਭਾਰਤ ਦੀ ਅਜ਼ਾਦੀ ਦੇ ਇਤਿਹਾਸ ਦਾ ਇੱਕ ਅਨਿੱਖੜਵਾਂ ਅੰਗ ਹੈ। 29 ਸਤੰਬਰ 1914 ਨੂੰ ਕਲਕੱਤੇ ਦੇ ਬਜਬਜ ਘਾਟ 'ਤੇ ਇੱਕ ਮਹੱਤਵਪੂਰਨ ਘਟਨਾਂ ਘਟੀ, ਜੋ 'ਕਾਮਾਗਾਟਾਮਾਰੂ ਸਾਕੇ' ਵਜੋਂ ਹਿੰਦੁਸਤਾਨ ਦੀ ਅਜ਼ਾਦੀ ਦੇ ਇਤਿਹਾਸ ਦਾ ਇੱਕ ਸੁਨਹਿਰੀ ਸਫ਼ਾ ਬਣ ਗਈ। ਬਜਬਜ ਘਾਟ ਦੀ ਇਸ ਘਟਨਾਂ ਵਿੱਚੋਂ ਬਚ ਕੇ ਨਿਕਲ਼ੇ ਬਹੁਤੇ ਪੰਜਾਬੀ ਮੁਸਾਫ਼ਰ ਫਿਰ ਘਰੀਂ ਨਹੀਂ ਗਏ ਸਗੋਂ ਉਹਨਾਂ ਤਹੱਈਆ ਕਰ ਲਿਆ ਕਿ ਜਦ ਤੱਕ ਉਹ, ਉਹਨਾਂ ਦੀ ਇਸ ਦੁਰਦਸ਼ਾ ਦੀ ਜ਼ਿੰਮੇਵਾਰ ਅੰਗਰੇਜ਼ ਹਕੂਮਤ ਦਾ ਬਿਸਤਰਾ ਭਾਰਤ ਵਿੱਚੋਂ ਗੋ.ਲ ਨਹੀਂ ਕਰ ਦਿੰਦੇ, ਚੈਨ ਨਾ.ਲ ਨਹੀਂ ਬੈਠਣਗੇ। ਬਾਅਦ ਵਿੱਚ ਪੰਜਾਬ ਵਿੱਚ ਸਰਗਰਮ ਹੋਈਆਂ 'ਗ਼ਦਰ ਲਹਿਰ' 'ਗੁਰਦੁਆਰਾ ਸੁਧਾਰ ਲਹਿਰ' ਅਤੇ 'ਬੱਬਰ ਅਕਾਲੀ ਲਹਿਰ' ਵਰਗੀਆਂ ਅਜ਼ਾਦੀ ਦੀਆਂ ਲਹਿਰਾਂ ਵਿੱਚ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੇ ਇੱਕ ਇਤਿਹਾਸਿਕ ਯੋਗਦਾਨ ਪਾਇਆ।

ਕਾਮਾਗਾਟਾਮਾਰੂ ਸਾਕੇ ਬਾਬਤ ਹੁਣ ਤੱਕ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਉਪਲਬਧ ਸਰੋਤਾਂ ਵਿੱਚੋਂ ਜ਼ਿਆਦਾਤਰ ਤੋਂ ਇਹੀ ਜਾਪਦਾ ਹੈ ਕਿ ਜਿਵੇਂ ਇਹ ਕੋਈ ਅਚਾਨਕ ਪੈਦਾ ਹੋਇਆ ਪ੍ਰਤੀਕਰਮ ਹੋਵੇ। ਬਹੁਤੇ ਸੋਮਿਆਂ ਤੋਂ ਇਹੀ ਸਮਝ ਆਉਂਦਾ ਹੈ ਕਿ ਬਾਬਾ ਗੁਰਦਿੱਤ ਸਿੰਘ ਸਰਹਾਲੀ ਜਨਵਰੀ 1914 ਦੇ ਸ਼ੁਰੂ ਵਿੱਚ ਆਪਣੇ ਕਿਸੇ ਨਿੱਜੀ ਕੰਮ ਲਈ ਹਾਂਗਕਾਂਗ ਗਏ ਅਤੇ ਉੱਥੇ ਕੈਨੇਡਾ ਜਾਣ ਦੀ ਝਾਕ ਵਿੱਚ ਰੁ.ਲ ਰਹੇ ਪੰਜਾਬੀਆਂ ਦੀ ਦੁਰਦਸ਼ਾ ਵੇਖ ਕੇ ਉਹਨਾਂ ਦਾ ਦਿਲ ਪਿਘ.ਲ ਗਿਆ ਅਤੇ ਉਹ ਉਹਨਾਂ ਨੂੰ ਕਾਮਾਗਾਟਾਮਾਰੂ ਜਹਾਜ਼ ਰਾਹੀਂ ਕੈਨੇਡਾ ਪਹੁੰਚਾਉਣ ਲਈ ਤਿਆਰ ਹੋ ਗਏ। ਪਰ ਇਤਿਹਾਸ ਨੂੰ ਗਹੁ ਨਾ.ਲ ਵਾਚਦਿਆਂ ਕੁਝ ਹੋਰ ਗੱਲਾਂ ਦੀ ਸਮਝ ਵੀ ਪੈਂਦੀ ਹੈ।

1849 ਵਿੱਚ ਪੰਜਾਬ 'ਤੇ ਧੋਖੇ ਨਾ.ਲ ਕਾਬਜ਼ ਹੋਣ ਤੋਂ ਬਾਅਦ ਅੰਗਰੇਜ਼ ਹਕੂਮਤ ਨੇ ਆਪਣੀ ਤੈਅ ਸ਼ੁਦਾ ਨੀਤੀ ਅਨੁਸਾਰ ਕੁਝ ਹੀ ਸਾਲਾਂ ਵਿੱਚ ਦੇਸ਼ ਦੇ ਬਾਕੀ ਹਿੱਸਿਆਂ ਵਾਂਗ ਪੰਜਾਬ ਦੇ ਅਰਥਚਾਰੇ ਨੂੰ ਵੀ ਤਹਿਸ-ਨਹਿਸ ਕਰ ਦਿੱਤਾ। ਸਿੱਟੇ ਵਜੋਂ ਭੁੱਖੇ ਮਰਦੇ ਲੋਕ ਹਕੂਮਤ ਦੀ ਚਾਕਰੀ ਕਰਨ ਲਈ ਮਜ਼ਬੂਰ ਹੋ ਗਏ। ਪੰਜਾਬੀ ਨੌਜਵਾਨ ਦਰਬਾਨ, ਫ਼ੌਜ ਅਤੇ ਪੁਲਿਸ ਆਦਿ ਮਹਿਕਮਿਆਂ ਵਿੱਚ ਭਰਤੀ ਹੋਣ ਲੱਗ ਪਏ। ਇਹਨਾਂ ਨੌਕਰੀਆਂ ਦੌਰਾਨ ਪੰਜਾਬੀ ਹਾਂਗਕਾਂਗ, ਸ਼ੰਘਾਈ, ਸਿੰਘਾਪੁਰ ਆਦਿ ਥਾਵਾਂ 'ਤੇ ਤਾਇਨਾਤ ਹੋਏ। ਇਥੋਂ ਹੀ ਪੰਜਾਬੀਆਂ ਨੂੰ ਬੰਦਰਗਾਹਾਂ 'ਤੇ ਆਉਂਦੇ-ਜਾਂਦੇ ਮੁਸਾਫ਼ਰਾਂ ਤੋਂ ਉੱਤਰੀ ਅਮਰੀਕਾ ਵਿੱਚ ਅਮਰੀਕਾ, ਕੈਨੇਡਾ ਆਦਿ ਥਾਵਾਂ 'ਤੇ ਰੁਜ਼ਗ਼ਾਰ ਦੀਆਂ ਨਵੀਆਂ ਸੰਭਾਵਨਾਵਾਂ ਦੀ ਸੋਅ ਮਿਲੀ। ਇਸ ਤਰ੍ਹਾਂ 20ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਪੰਜਾਬੀਆਂ ਵਿੱਚ ਕੈਨੇਡਾ ਜਾਣ ਦਾ ਰੁਝਾਨ ਪੈਦਾ ਹੋਇਆ।

1906-07 ਤੱਕ ਕੈਨੇਡਾ ਵਿੱਚ ਭਾਰਤੀਆਂ (ਜ਼ਿਆਦਾਤਰ ਪੰਜਾਬੀਆਂ) ਦੀ ਗਿਣਤੀ ਚੋਖੀ ਹੋ ਗਈ। ਪੰਜਾਬੀਆਂ ਦੀ ਲਗਾਤਾਰ ਵਧ ਰਹੀ ਗਿਣਤੀ ਅਤੇ ਆਰਥਿਕ ਖ਼ੁਸ਼ਹਾਲੀ ਕੈਨੇਡੀਅਨ ਗੋਰਿਆਂ ਨੂੰ ਰੜਕਣ ਲੱਗ ਪਈ। ਉਹ ਭਾਰਤੀਆਂ ਨੂੰ ਨਫ਼ਰਤ ਨਾ.ਲ ਵੇਖਣ ਲੱਗੇ। ਸਥਾਨਕ ਲੋਕਾਂ ਅਤੇ ਗੋਰੇ ਮਜ਼ਦੂਰਾਂ ਨਾ.ਲ ਕੁਝ ਪਾਦਰੀ, ਸੇਵਾ ਮੁਕਤ ਅਫ਼ਸਰ ਅਤੇ ਰਾਜਨੀਤਿਕ ਲੋਕ ਵੀ ਜੁੜਦੇ ਗਏ ਅਤੇ ਇਸਦੇ ਨਤੀਜੇ ਵਜੋਂ 12 ਅਗਸਤ 1907 ਨੂੰ 'ਏਸ਼ੀਅਨ ਕੱਢੋ ਲੀਗ' (Asiatic Exclusion League) ਦੀ ਸਥਾਪਨਾ ਹੋਈ। ਇਸ ਲੀਗ ਦਾ ਮੁੱਖ ਮਕਸਦ ਕੈਨੇਡਾ ਨੂੰ 'ਗੋਰਿਆਂ ਦੀ ਧਰਤੀ' ਬਣਾਈ ਰੱਖਣਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਲੀਗ ਦੇ ਮੈਂਬਰਾਂ ਨੇ ਭਾਰਤੀਆਂ, ਚੀਨੀਆਂ ਅਤੇ ਜਪਾਨੀ ਮਜ਼ਦੂਰਾਂ ਦੀ ਕੈਨੇਡਾ ਵਿੱਚ ਆਮਦ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕਈ ਲੜਾਈ-ਝਗੜੇ ਵੀ ਹੋਏ। ਏਸ਼ੀਅਨ ਕੱਢੋ ਲੀਗ ਦੇ ਪ੍ਰਦਰਸ਼ਨਾਂ ਦੇ ਨਾ.ਲ-ਨਾ.ਲ ਬ੍ਰਿਟਿਸ਼ ਕੋਲੰਬੀਆ ਦੇ ਕੁਝ ਅਖ਼ਬਾਰ ਵੀ ਹਾਲ-ਪਾਹਰਿਆ ਮਚਾਉਣ ਲੱਗ ਪਏ। ਇਹਨਾਂ ਗੱਲਾਂ ਤੋਂ ਕੈਨੇਡਾ ਦੀ ਸਰਕਾਰ ਹਰਕਤ ਵਿੱਚ ਆ ਗਈ। ਕੈਨੇਡਾ ਵਿੱਚ ਭਾਰਤੀਆਂ ਦੀ ਆਮਦ ਨੂੰ ਰੋਕਣ ਲਈ ਪਰਵਾਸ ਕਾਨੂੰਨਾਂ ਨੂੰ ਸਖ਼ਤ ਕਰਦਿਆਂ ਕੈਨੇਡਾ ਸਰਕਾਰ ਨੇ 8 ਜਨਵਰੀ 1908 ਨੂੰ ਇੱਕ ਨਵਾਂ ਆਰਡਰ-ਇਨ-ਕਾਉਂਸਲ ਪਾਸ ਕੀਤਾ। ਇਸ ਕਾਨੂੰਨ ਮੁਤਾਬਕ ਕੈਨੇਡਾ ਆਉਣ ਵਾ.ਲੇ ਪਰਵਾਸੀਆਂ 'ਤੇ ਸ਼ਰਤ ਲਗਾਈ ਗਈ ਕਿ ਹੁਣ ਕੈਨੇਡਾ ਵਿੱਚ ਸਿਰਫ਼ ਉਹ ਲੋਕ ਹੀ ਆ ਸਕਣਗੇ, ਜੋ ਸਿੱਧਾ ਆਪਣੇ ਦੇਸ਼ ਤੋਂ ਸਫ਼ਰ ਕਰਕੇ ਕੈਨੇਡਾ ਪਹੁੰਚੇ ਹੋਣ ਅਤੇ ਜਿੰਨ੍ਹਾਂ ਕੋ.ਲ ਸਿੱਧਾ ਆਪਣੇ ਮੁਲਕ ਤੋਂ ਕੈਨੇਡਾ ਤੱਕ ਦੀਆਂ ਟਿਕਟਾਂ ਹੋਣ। ਸਿੱਧੇ ਸਫ਼ਰ ਦੇ ਕਾਨੂੰਨ ਦੀ ਤਾਕਤ ਨਾ.ਲ ਕੈਨੇਡਾ ਵਿੱਚ ਭਾਰਤੀਆਂ ਦਾ ਨਵਾਂ ਦਾਖ਼ਲਾ ਰੋਕ ਕੇ ਕੈਨੇਡੀਅਨ ਸਰਕਾਰ ਹੁਣ ਉੱਥੇ ਪਹਿਲਾਂ ਤੋਂ ਰਹਿ ਰਹੇ ਭਾਰਤੀਆਂ ਨੂੰ ਵੀ ਕੈਨੇਡਾ ਵਿੱਚੋਂ ਬਾਹਰ ਕੱਢਣ ਦੀਆਂ ਗੋਂਦਾਂ ਗੁੰਦਣ ਲੱਗ ਪਈ। ਕੈਨੇਡਾ ਸਰਕਾਰ ਨੇ ਉੱਥੇ ਰਹਿ ਰਹੇ ਭਾਰਤੀਆਂ ਨੂੰ ਬਰਤਾਨੀਆਂ ਦੀ ਇੱਕ ਦੂਰ-ਦੁਰਾਡੀ ਅਤੇ ਬੇਅਬਾਦ ਬਸਤੀ 'ਹਾਂਡੂਰਸ' ਭੇਜਣ ਦੀ ਕੋਸ਼ਸ਼ ਵੀ ਕੀਤੀ ਪਰ ਕੈਨੇਡੀਅਨ-ਭਾਰਤੀਆਂ ਨੇ ਸਰਕਾਰ ਦੀ 'ਹਾਂਡੂਰਸ ਪੇਸ਼ਕਸ਼' ਨੂੰ ਠੁਕਰਾ ਦਿੱਤਾ। ਕੈਨੇਡਾ ਵਸਦੇ ਹਿੰਦੀਆਂ ਦਾ ਹੱਠ ਅਤੇ ਏਕਾ ਵੇਖ ਕੇ ਸਰਕਾਰ ਹੋਰ ਚਿੜ ਗਈ ਅਤੇ ਭਾਰਤੀਆਂ ਦੇ ਕੈਨੇਡਾ ਪਹੁੰਚਣ ਦੀਆਂ ਬਾਕੀ ਰਹਿੰਦੀਆਂ ਮੋਰੀਆਂ ਨੂੰ ਮੁਕੰਮਲ ਤੌਰ 'ਤੇ ਬੰਦ ਕਰਦਿਆਂ 9 ਅਕਤੂਬਰ 1910 ਨੂੰ ਇੱਕ ਹੋਰ ਨਵਾਂ ਕਾਨੂੰਨ ਬਣਾ ਦਿੱਤਾ ਗਿਆ ਕਿ 'ਕੈਨੇਡਾ ਉੱਤਰਨ ਵਾ.ਲੇ ਹਰੇਕ ਪਰਵਾਸੀ ਕੋ.ਲ 200 ਕੈਨੇਡੀਅਨ ਡਾਲਰ ਨਕਦ ਹੋਣੇ ਚਾਹੀਦੇ ਹਨ।'

ਉਪਰੋਕਤ ਦੋਹਾਂ ਕਾਨੂੰਨਾਂ ਦੀ ਮਾਰ ਸਭ ਤੋਂ ਵੱਧ ਭਾਰਤੀਆਂ ਨੂੰ ਪਈ। ਆਪਣੇ ਸਿਰ ਪਈ ਇਸ ਬਿੱਜ ਨੂੰ ਟਾਲਣ ਲਈ ਕੈਨੇਡੀਅਨ ਹਿੰਦੀ ਭੱਜ-ਦੌੜ ਕਰਨ ਲੱਗੇ। ਚਾਰਾਜੋਈ ਕਰਨ ਲਈ ਉਹਨਾਂ ਦਸੰਬਰ 1911 ਵਿੱਚ ਆਪਣਾ ਇੱਕ ਵਫ਼ਦ ਓਟਾਵਾ ਭੇਜਿਆ ਪਰ ਕੈਨੇਡੀਅਨ ਸਰਕਾਰ ਨੇ ਗੋਗਲੂਆਂ ਤੋਂ ਮਿੱਟੀ ਝਾੜ ਛੱਡੀ ਅਤੇ ਲਾਰਿਆਂ ਤੋਂ ਸਿਵਾ ਕੁਝ ਨਾ ਮਿਲਿਆ। ਫਿਰ ਵਿਚਾਰਾਂ ਹੋਣ ਲੱਗੀਆਂ। ਸਮੱਸਿਆ ਦੇ ਹੱਲ ਲਈ ਪੰਜਾਬੀ ਸਿੱਖ, ਹਿੰਦੂ ਅਤੇ ਮੁਸਲਮਾਨ ਹਰ ਐਤਵਾਰ ਜਾਂ ਛੁੱਟੀ ਵਾ.ਲੇ ਦਿਨ ਵੈਨਕੂਵਰ ਦੇ ਗੁਰਦੁਆਰੇ ਵਿੱਚ ਇਕੱਠੇ ਹੁੰਦੇ। ਅਜਿਹੀ ਹੀ ਇੱਕ ਮੀਟਿੰਗ ਵਿੱਚ ਕਿਸੇ ਸਾਥੀ ਨੇ ਭਾਰਤ ਤੋਂ ਆਪਣਾ ਜਹਾਜ਼ ਚਲਾਉਣ ਦੀ ਸਲਾਹ ਦਿੱਤੀ। ਅਸਲ ਵਿੱਚ ਇਹ ਹੀ, ਉਹ ਵਿਚਾਰ ਸੀ ਜੋ ਕਾਮਾਗਾਟਾਮਾਰੂ ਜਹਾਜ਼ ਦੀ ਯੋਜਨਾਂ ਦਾ ਅਧਾਰ ਬਣਿਆਂ। ਉਸ ਮੀਟਿੰਗ ਵਿੱਚ ਤਾਂ ਇਸ ਸੁਝਾਅ ਵੱਲ ਕਿਸੇ ਨੇ ਕੋਈ ਬਹੁਤਾ ਧਿਆਨ ਨਾ ਦਿੱਤਾ ਪਰ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਦਿਮਾਗ਼ ਵਿੱਚ ਇਹ ਸੁਝਾਅ ਘਰ ਕਰ ਗਿਆ। ਫਿਰ ਜਦੋਂ ਦਸੰਬਰ 1911 ਵਿੱਚ ਹੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਆਪਣੇ ਪਰਿਵਾਰਾਂ ਨੂੰ ਲੈਣ ਭਾਰਤ ਆਏ ਤਾਂ ਵਾਪਸੀ ਸਮੇਂ ਉਹਨਾਂ ਹਾਂਗਕਾਂਗ ਦੇ ਗੁਰਦੁਆਰੇ ਵਿੱਚ ਉੱਥੋਂ ਦੇ ਸਿਰਕੱਢ ਸਿੱਖਾਂ ਨਾ.ਲ 'ਆਪਣਾ ਜਹਾਜ਼ ਚਲਾਉਣ' ਦੀ ਯੋਜਨਾਂ 'ਤੇ ਵਿਚਾਰ-ਵਟਾਂਦਰਾ ਕੀਤਾ ਪਰ ਉਸ ਸਮੇਂ ਉਹ ਜਲਦੀ ਵਿੱਚ ਸਨ ਅਤੇ ਪਹਿਲਾਂ ਉਹਨਾਂ ਨੂੰ ਕੈਨੇਡਾ ਵਿੱਚ ਆਪਣੇ ਪਰਿਵਾਰਾਂ ਨੂੰ ਲਿਜਾ ਕੇ ਉੱਥੋਂ ਦੇ ਨਵੇਂ ਕਾਨੂੰਨਾਂ ਨੂੰ ਪਰਖਣ ਦੀ ਕਾਹ.ਲ ਸੀ।




15 ਮਾਰਚ 1913 ਨੂੰ ਭਾਈ ਬਲਵੰਤ ਸਿੰਘ, ਭਾਈ ਨਰਾਇਣ ਸਿੰਘ ਅਤੇ ਭਾਈ ਨੰਦ ਸਿੰਘ ਸੀਹਰਾ ਦਾ ਤਿੰਨ-ਮੈਂਬਰੀ ਵਫ਼ਦ ਬਰਤਾਨਵੀ ਹਕੂਮਤ ਨੂੰ ਕੈਨੇਡਾ ਵਿੱਚ ਵਸਦੇ ਭਾਰਤੀਆਂ ਦੇ ਦੁੱਖੜੇ ਦੱਸਣ ਲਈ ਇੰਗਲੈਂਡ ਗਿਆ। ਇਹ ਵਫ਼ਦ ਮਨਿਸਟਰ ਆਫ਼ ਕਲੋਨੀਜ਼ ਨੂੰ ਮਿਲ ਕੇ ਆਪਣੀਆਂ ਮੁਸ਼ਕਲਾਂ ਦੱਸਣਾ ਚਾਹੁੰਦਾ ਸੀ ਪਰ ਉਸਨੂੰ 14 ਮਈ 1913 ਨੂੰ ਮੰਤਰੀ ਦੇ ਏ.ਡੀ.ਸੀ. ਮਿਸਟਰ ਡਨਲਪ ਸਮਿਥ ਨਾ.ਲ ਮਿਲਾ ਕੇ ਹੀ ਬੁੱਤਾ ਸਾਰ ਦਿੱਤਾ ਗਿਆ। ਏ.ਡੀ.ਸੀ ਨੇ ਵੀ ਸਮੱਸਿਆਵਾਂ ਦੇ ਸਥਾਈ ਹੱਲ ਲਈ ਕੋਈ ਤਸੱਲੀਬਖ਼ਸ਼ ਵਾਅਦਾ ਨਾ ਕੀਤਾ। ਇੰਗਲੈਂਡ ਤੋਂ ਨਿਰਾਸ਼ ਹੋ ਕੇ ਇਹ ਵਫ਼ਦ 28 ਮਈ 1913 ਨੂੰ ਭਾਰਤ ਨੂੰ ਰਵਾਨਾ ਹੋ ਗਿਆ ਅਤੇ 6 ਜੁਲਾਈ 1913 ਨੂੰ ਲਾਹੌਰ ਪਹੁੰਚ ਗਿਆ।

ਭਾਈ ਬਲਵੰਤ ਸਿੰਘ ਹੋਰਾਂ ਦੇ ਤਿੰਨ-ਮੈਂਬਰੀ ਵਫ਼ਦ ਨੇ 6 ਜੁਲਾਈ 1913 ਤੋਂ ਮਾਰਚ 1914 ਤੱਕ ਪੰਜਾਬ ਦੇ ਲਾਹੌਰ, ਅੰਬਾ.ਲਾ, ਲੁਧਿਆਣਾ, ਜਲੰਧਰ, ਲਾਇਲਪੁਰ, ਗੁੱਜਰਾਂਵਾ.ਲਾ, ਸਿਆ.ਲਕੋਟ ਆਦਿ ਸ਼ਹਿਰਾਂ ਵਿੱਚ ਮੀਟਿੰਗਾਂ ਕਰ ਕੇ ਕੈਨੇਡੀਅਨ-ਭਾਰਤੀਆਂ ਦੇ ਪੱਖ ਵਿੱਚ ਲੋਕ-ਲਹਿਰ ਉਸਾਰਨ ਦਾ ਜਤਨ ਕੀਤਾ। ਉਹ, ਇਹਨਾਂ ਮੀਟਿੰਗਾਂ ਦੇ ਜ਼ਰੀਏ ਭਾਰਤੀ ਅਤੇ ਖ਼ਾਸ ਕਰਕੇ ਸਿੱਖ ਲੀਡਰਾਂ ਰਾਹੀਂ ਹਿੰਦ-ਹਕੂਮਤ 'ਤੇ ਦਬਾਅ ਬਣਾਉਣਾ ਚਾਹੁੰਦੇ ਸਨ ਤਾਂ ਕਿ ਭਾਰਤ ਸਰਕਾਰ ਦਖ਼ਲ ਦੇ ਕੇ ਕੈਨੇਡਾ ਸਰਕਾਰ ਤੋਂ ਉੱਥੇ ਰਹਿੰਦੇ ਭਾਰਤੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਏ। ਇਸੇ ਸੰਬੰਧ ਵਿੱਚ ਇਹ ਵਫ਼ਦ ਫ਼ਿਰੋਜ਼ਪੁਰ ਸ਼ਹਿਰ ਵਿੱਚ ਵੀ ਗਿਆ। ਫ਼ਿਰੋਜ਼ਪੁਰ ਦੀ ਇਸ ਫੇਰੀ ਸਮੇਂ ਭਾਈ ਤਖ਼ਤ ਸਿੰਘ ਕੋ.ਲ ਆਪਣੀ ਠਹਿਰ ਦੌਰਾਨ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਗੱਲਬਾਤਾਂ ਵਿੱਚ 'ਭਾਰਤ ਤੋਂ ਕੈਨੇਡਾ ਨੂੰ ਆਪਣਾ ਜਹਾਜ਼ ਚਲਾਉਣ' ਵਾ.ਲਾ ਵਿਚਾਰ ਸਾਂਝਾ ਕੀਤਾ ਅਤੇ ਇਸਨੂੰ ਹੀ ਸਾਰੀਆਂ ਮੁਸ਼ਕਲਾਂ ਦਾ ਹੱਲ ਦੱਸਿਆ। ਭਾਈ ਤਖ਼ਤ ਸਿੰਘ ਵੀ ਇਸ ਵਿਚਾਰ ਨਾ.ਲ ਸਹਿਮਤ ਹੋ ਗਏ ਅਤੇ ਉਹਨਾਂ ਨੇ ਇਸ ਸੰਬੰਧੀ ਹਰ ਤਰ੍ਹਾਂ ਦੀ ਮੱਦਦ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਭਾਈ ਬਲਵੰਤ ਸਿੰਘ ਹੋਰਾਂ ਦਾ ਵਫ਼ਦ ਹੋਰ ਸ਼ਹਿਰਾਂ ਵਿੱਚ ਮੀਟਿੰਗਾਂ ਕਰਨ ਲਈ ਚਲਾ ਗਿਆ।

ਭਾਈ ਬਲਵੰਤ ਸਿੰਘ ਹੋਰਾਂ ਦੇ ਫ਼ਿਰੋਜ਼ਪੁਰੋਂ ਜਾਣ ਤੋਂ ਬਾਅਦ ਭਾਈ ਤਖ਼ਤ ਸਿੰਘ ਨੇ ਬਾਬਾ ਗੁਰਦਿੱਤ ਸਿੰਘ ਸਰਹਾਲੀ -ਜੋ ਕਿ ਉਸ ਸਮੇਂ ਸਿੰਘਾਪੁਰ ਵਿੱਚ ਰਹਿ ਰਹੇ ਸਨ -ਨਾ.ਲ ਰਾਬਤਾ ਬਣਾ ਕੇ ਉਸਨੂੰ 'ਆਪਣੀ ਜਹਾਜ਼ੀ ਕੰਪਨੀ ਬਣਾ ਕੇ ਕੈਨੇਡਾ ਨੂੰ ਜਹਾਜ਼ ਚਲਾਉਣ' ਵਾ.ਲੀ ਸਕੀਮ ਨਾ.ਲ ਸਹਿਮਤ ਕਰ ਲਿਆ। ਕੈਨੇਡਾ ਜਾਣ ਅਤੇ ਪਰਵਾਸ ਮਹਿਕਮੇ ਦੇ ਅਧਿਕਾਰੀਆਂ ਨਾ.ਲ ਗੱਲਬਾਤ ਅਤੇ ਚਿੱਠੀ-ਪੱਤਰ ਕਰਨ ਲਈ ਕਿਸੇ ਅੰਗਰੇਜ਼ੀ ਭਾਸ਼ਾ ਦੇ ਜਾਣਕਾਰ ਦੀ ਲੋੜ ਸੀ। ਇਸ ਕੰਮ ਲਈ ਭਾਈ ਤਖ਼ਤ ਸਿੰਘ ਨੇ ਬਾਬਾ ਗੁਰਦਿੱਤ ਸਿੰਘ ਦੇ ਸੈਕਟਰੀ ਦੇ ਤੌਰ 'ਤੇ ਨੌਜਵਾਨ ਦਲਜੀਤ ਸਿੰਘ ਕਾਉਣੀ ਨੂੰ ਤਿਆਰ ਕਰ ਲਿਆ।

ਭਾਈ ਬਲਵੰਤ ਸਿੰਘ ਪੂਰੇ ਪੰਜਾਬ ਦਾ ਦੌਰਾ ਕਰਕੇ ਜਦੋਂ ਦੁਬਾਰਾ ਫ਼ਿਰੋਜ਼ਪੁਰ ਆਏ ਤਾਂ ਉਹਨਾਂ ਨੂੰ ਇਹ ਖ਼ੁਸ਼ਖ਼ਬਰੀ ਸੁਣਾਈ ਗਈ। ਇਹ ਸੁਣਕੇ ਭਾਈ ਬਲਵੰਤ ਸਿੰਘ ਬਹੁਤ ਖ਼ੁਸ਼ ਹੋਏ ਅਤੇ ਉਹਨਾਂ ਨੇ ਵੈਨਕੂਵਰ ਦੀ ਖ਼ਾਲਸਾ ਦੀਵਾਨ ਸੁਸਾਇਟੀ ਦੇ ਸਿਰਕੱਢ ਆਗੂਆਂ ਦੇ ਨਾਂ-ਪਤੇ ਸ. ਦਲਜੀਤ ਸਿੰਘ ਨੂੰ ਲਿਖਵਾ ਦਿੱਤੇ। ਇਸ ਤੋਂ ਬਾਅਦ ਭਾਈ ਬਲਵੰਤ ਸਿੰਘ ਆਪਣੇ ਪਿੰਡ ਖੁਰਦਪੁਰ ਗਏ ਅਤੇ ਉਹਨਾਂ ਪਿੰਡੋਂ ਆਪਣੇ ਪੰਜ ਮਿੱਤਰ, ਕੈਨੇਡਾ ਨੂੰ ਤੋਰੇ ਜਾਣ ਵਾ.ਲੇ ਨਵੇਂ ਜਹਾਜ਼ ਦੇ ਸਫ਼ਰ ਲਈ ਤਿਆਰ ਕੀਤੇ।

ਭਾਈ ਤਖ਼ਤ ਸਿੰਘ ਦਾ ਹੁਕਮ ਮਿਲਦਿਆਂ ਹੀ ਸ. ਦਲਜੀਤ ਸਿੰਘ ਆਪਣੇ ਇੱਕ ਹੋਰ ਸਾਥੀ ਭਾਈ ਵੀਰ ਸਿੰਘ ਨਾ.ਲ ਕਲਕੱਤੇ ਤੋਂ ਜਹਾਜ਼ ਚੜ੍ਹ ਕੇ ਦਸੰਬਰ 1913 ਦੇ ਅਖੀਰਲੇ ਹਫ਼ਤੇ ਹਾਂਗਕਾਂਗ ਪਹੁੰਚ ਗਏ। ਬਾਬਾ ਗੁਰਦਿੱਤ ਸਿੰਘ ਵੀ ਜਨਵਰੀ 1914 ਦੇ ਪਹਿਲੇ ਹਫ਼ਤੇ ਹਾਂਗਕਾਂਗ ਪੁੱਜ ਗਏ। ਉੱਥੇ ਪਹੁੰਚ ਕੇ ਬਾਬਾ ਗੁਰਦਿੱਤ ਸਿੰਘ ਅਤੇ ਭਾਈ ਦਲਜੀਤ ਸਿੰਘ ਨੇ ਉੱਥੇ ਪਿਛ.ਲੇ ਚਾਰ-ਪੰਜ ਸਾਲਾਂ ਤੋਂ ਰੁ.ਲ ਰਹੇ ਭਾਰਤੀ (ਜ਼ਿਆਦਾਤਰ ਪੰਜਾਬੀ) ਮੁਸਾਫ਼ਰਾਂ ਨਾ.ਲ ਕੈਨੇਡਾ ਸਰਕਾਰ ਦੀਆਂ ਕਾਨੂੰਨੀ ਮਦਾਂ ਪੂਰੀਆਂ ਕਰਕੇ 'ਆਪਣਾ ਜਹਾਜ਼ ਚਲਾਉਣ' ਵਾ.ਲੀ ਯੋਜਨਾਂ 'ਤੇ ਵਿਚਾਰ-ਵਟਾਂਦਰਾ ਕੀਤਾ। ਮੁਸਾਫ਼ਰਾਂ ਦੀ ਸਹਿਮਤੀ ਤੋਂ ਬਾਅਦ ਸ. ਦਲਜੀਤ ਸਿੰਘ ਨੂੰ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨਾ.ਲ ਚਿੱਠੀ-ਪੱਤਰ ਕਰਨ ਅਤੇ ਕੁਝ ਹੋਰ ਜ਼ਰੂਰੀ ਹਦਾਇਤਾਂ ਦੇ ਕੇ ਬਾਬਾ ਗੁਰਦਿੱਤ ਸਿੰਘ ਵਾਪਸ ਸਿੰਘਾਪੁਰ ਚਲੇ ਗਏ। ਸ. ਦਲਜੀਤ ਸਿੰਘ ਨੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਆਗੂਆਂ ਨਾ.ਲ ਚਿੱਠੀ-ਪੱਤਰ ਅਰੰਭ ਕੀਤਾ। ਖ਼ਾਲਸਾ ਦੀਵਾਨ ਸੁਸਾਇਟੀ ਵੱਲੋਂ ਹਰ ਤਰ੍ਹਾਂ ਦੀ ਕਾਨੂੰਨੀ ਅਤੇ ਆਰਥਕ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ। ਬਾਬਾ ਗੁਰਦਿੱਤ ਸਿੰਘ ਦੇ ਕਹੇ ਅਨੁਸਾਰ ਸ. ਦਲਜੀਤ ਸਿੰਘ ਨੇ ਮੁਸਾਫ਼ਰਾਂ ਤੋਂ ਜਹਾਜ਼ ਦੇ ਪ੍ਰਬੰਧਾਂ ਲਈ ਚੰਦਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਫਿਰ ਖ਼ਾਲਸਾ ਦੀਵਾਨ ਸੁਸਾਇਟੀ ਦੇ ਆਗੂਆਂ ਨੇ ਸ. ਦਲਜੀਤ ਸਿੰਘ ਨੂੰ ਖ਼ਤ ਭੇਜਿਆ ਕਿ ਕੈਨੇਡਾ ਦੇ ਚੀਫ਼ ਜਸਟਿਸ ਮਿਸਟਰ ਹੰਟਰ ਵਾ.ਲਾ ਫ਼ੈਸਲਾ 31 ਮਾਰਚ 1914 ਤੱਕ ਹੀ ਲਾਗੂ ਹੈ। ਇਸ ਲਈ ਉਹਨਾਂ ਨੂੰ 31 ਮਾਰਚ ਤੋਂ ਪਹਿਲਾਂ-ਪਹਿਲਾਂ ਕੈਨੇਡਾ ਆ ਜਾਣਾ ਚਾਹੀਦਾ ਹੈ। ਮੁਸਾਫ਼ਰਾਂ ਦੀ ਤਾਂਘ ਅਤੇ 31 ਮਾਰਚ ਵਾ.ਲੀ ਸ਼ਰਤ ਨੂੰ ਵਿਚਾਰਦਿਆਂ ਸ. ਦਲਜੀਤ ਸਿੰਘ ਨੇ ਬਾਬਾ ਗੁਰਦਿੱਤ ਸਿੰਘ ਨੂੰ ਛੇਤੀ ਤੋਂ ਛੇਤੀ ਹਾਂਗਕਾਂਗ ਪਹੁੰਚਣ ਲਈ ਕਿਹਾ। ਇਸ ਦੌਰਾਨ ਫ਼ਰਵਰੀ 1914 ਵਿੱਚ ਬਾਬਾ ਗੁਰਦਿੱਤ ਸਿੰਘ ਨੇ ਭਾਰਤ ਜਾ ਕੇ ਕਲਕੱਤੇ ਤੋਂ ਜਹਾਜ਼ ਸ਼ੁਰੂ ਕਰਨ ਲਈ ਵੀ ਕੋਸ਼ਸ਼ਾਂ ਕੀਤੀਆਂ ਸਨ ਪਰ ਅੰਗਰੇਜ਼ ਹਕੂਮਤ ਦੇ ਦਬਾਅ ਕਾਰਨ ਗੱਲ ਨਹੀਂ ਸੀ ਬਣੀ ਅਤੇ ਉਹ ਵਾਪਸ ਸਿੰਘਾਪੁਰ ਆ ਗਏ ਸਨ। ਸੋ, ਸ. ਦਲਜੀਤ ਸਿੰਘ ਹੋਰਾਂ ਦਾ ਖ਼ਤ ਮਿਲਣ 'ਤੇ ਬਾਬਾ ਗੁਰਦਿੱਤ ਸਿੰਘ ਮਾਰਚ 1914 ਵਿੱਚ ਫਿਰ ਹਾਂਗਕਾਂਗ ਆ ਗਏ। ਹਾਂਗਕਾਂਗ ਪਹੁੰਚ ਕੇ ਉਹਨਾਂ ਨੇ ਗੁਰੂ ਨਾਨਕ ਸਟੀਮਸ਼ਿਪ ਨੈਵੀਗੇਸ਼ਨ ਕੰਪਨੀ ਬਣਾਈ, ਜਿਸਦਾ ਸੈਕਟਰੀ ਅਤੇ ਖ਼ਜ਼ਾਨਚੀ ਸ. ਦਲਜੀਤ ਸਿੰਘ ਨੂੰ ਬਣਾਇਆ ਗਿਆ। 24 ਮਾਰਚ 1914 ਨੂੰ ਇੱਕ ਜਪਾਨੀ ਕੰਪਨੀ ਦਾ ਐੱਸ.ਐੱਸ. ਕਾਮਾਗਾਟਾਮਾਰੂ ਨਾਂ ਦਾ ਜਹਾਜ਼ ਛੇ ਮਹੀਨਿਆਂ ਲਈ ਉਹਨਾਂ ਨੂੰ 11000 ਡਾਲਰ ਪ੍ਰਤੀ ਮਹੀਨਾ ਭਾੜੇ 'ਤੇ ਮਿਲ ਗਿਆ। ਉਸੇ ਦਿਨ ਹੀ ਇੱਕ ਇਸ਼ਤਿਹਾਰ ਛਪਵਾ ਦਿੱਤਾ ਗਿਆ ਕਿ ਜਹਾਜ਼ 28 ਮਾਰਚ ਨੂੰ ਹਾਂਗਕਾਂਗ ਤੋਂ ਵੈਨਕੂਵਰ ਨੂੰ ਤੁਰੇਗਾ। ਸ. ਦਲਜੀਤ ਸਿੰਘ ਅਤੇ ਭਾਈ ਵੀਰ ਸਿੰਘ ਨੇ ਮੁਸਾਫ਼ਰਾਂ ਨੂੰ ਟਿਕਟਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਅੰਗਰੇਜ਼ ਹਕੂਮਤ ਵੱਲੋਂ ਭਾਰਤੀਆਂ ਦੀ ਇਸ ਯੋਜਨਾਂ ਨੂੰ ਫ਼ੇਲ੍ਹ ਕਰਨ ਅਤੇ ਮੁਸਾਫ਼ਰਾਂ ਨੂੰ ਡਰਾਉਣ ਲਈ 25 ਮਾਰਚ ਦੀ ਸ਼ਾਮ ਨੂੰ ਹਾਂਗਕਾਂਗ ਦੀ ਪੁਲਿਸ ਬਾਬਾ ਗੁਰਦਿੱਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਕੋਤਵਾਲੀ ਲੈ ਗਈ ਪਰ ਕੁਝ ਘੰਟਿਆਂ ਬਾਅਦ ਹੀ ਹਾਂਗਕਾਂਗ ਦੇ ਪੱਕੇ ਵਸਨੀਕ ਭਾਈ ਉਜਾਗਰ ਸਿੰਘ ਨੇ 200 ਡਾਲਰ ਜ਼ਮਾਨਤ ਦੇ ਕੇ ਬਾਬਾ ਜੀ ਨੂੰ ਛੁਡਵਾ ਲਿਆ।

ਅਗ਼ਲੇ ਦਿਨ ਬਿਨਾਂ ਲਾਇਸੈਂਸ ਤੋਂ ਜਹਾਜ਼ ਦੀਆਂ ਟਿਕਟਾਂ ਵੇਚਣ ਦਾ ਬਹਾਨਾਂ ਬਣਾ ਕੇ ਬਾਬਾ ਗੁਰਦਿੱਤ ਸਿੰਘ 'ਤੇ ਮੁਕਦਮਾਂ ਚਲਾਇਆ ਗਿਆ ਪਰ ਹਾਂਗਕਾਂਗ ਵਿਖੇ ਤਾਇਨਾਤ ਸਿੱਖ ਰੈਜੀਮੈਂਟਾਂ ਵਿੱਚ ਬਗ਼ਾਵਤ ਫੈਲਣ ਦੇ ਡਰੋਂ ਬਰੀ ਕਰ ਦਿੱਤਾ ਗਿਆ। ਪਰ ਫਿਰ ਵੀ ਸਰਕਾਰ ਦੀ ਚਾ.ਲ ਕਾਮਯਾਬ ਹੋ ਹੀ ਗਈ। ਬਾਬਾ ਗੁਰਦਿੱਤ ਸਿੰਘ ਦੀ ਗ੍ਰਿਫ਼ਤਾਰੀ ਹੋਣ ਨਾ.ਲ ਬਹੁਤ ਸਾਰੇ ਮੁਸਾਫ਼ਰ ਡਰ ਗਏ ਅਤੇ ਜਿੱਥੇ ਸ. ਦਲਜੀਤ ਸਿੰਘ ਹੋਰਾਂ ਨੂੰ 500 ਤੋਂ ਵੀ ਵੱਧ ਮੁਸਾਫ਼ਰ ਹੋ ਜਾਣ ਦੀ ਉਮੀਦ ਸੀ, ਉੱਥੇ ਸਿਰਫ਼ 165 ਮੁਸਾਫ਼ਰ ਹੀ ਤਿਆਰ ਹੋਏ। ਅਖੀਰ ਬਾਬਾ ਗੁਰਦਿੱਤ ਸਿੰਘ ਅਤੇ ਸ. ਦਲਜੀਤ ਸਿੰਘ ਨੇ ਹਾਂਗਕਾਂਗ ਦੇ ਕਾਰਜਕਾਰੀ ਗਵਰਨਰ ਮਿਸਟਰ ਸੈਵਰਨ ਤੋਂ 4 ਅਪ੍ਰੈਲ 1914 ਨੂੰ ਜਹਾਜ਼ ਦਾ ਰਵਾਨਗੀ ਪੱਤਰ ਪ੍ਰਾਪਤ ਕਰ ਲਿਆ ਅਤੇ ਉਸੇ ਦਿਨ ਸ਼ਾਮ ਨੂੰ 165 ਮੁਸਾਫ਼ਰ ਲੈ ਕੇ ਕਾਮਾਗਾਟਾਮਾਰੂ ਜਹਾਜ਼ ਹਾਂਗਕਾਂਗ ਤੋਂ ਸ਼ੰਘਾਈ ਨੂੰ ਰਵਾਨਾਂ ਹੋ ਗਿਆ।

ਸ਼ੰਘਾਈ, ਮੋਜੀ, ਯੋਕੋਹਾਮਾ ਆਦਿ ਬੰਦਰਗਾਹਾਂ ਤੋਂ ਕੁੱਲ 376 ਮੁਸਾਫ਼ਰ ਲੈ ਕੇ ਕਾਮਾਗਾਟਾਮਾਰੂ ਜਹਾਜ਼ 23 ਮਈ 1914 ਨੂੰ ਵੈਨਕੂਵਰ ਬੰਦਰਗਾਹ 'ਤੇ ਜਾ ਪੁੱਜਾ। ਅੰਗਰੇਜ਼ ਹਕੂਮਤ ਦੀ ਰੰਗ-ਭੇਦ ਦੀ ਨੀਤੀ ਦਾ ਸ਼ਿਕਾਰ ਹੋ ਕੇ ਪੂਰੇ ਦੋ ਮਹੀਨਿਆਂ ਦੀ ਖੱਜਲ-ਖ਼ੁਆਰੀ ਤੋਂ ਮਗਰੋਂ 23 ਜੁਲਾਈ 1914 ਨੂੰ ਕਾਮਾਗਾਟਾਮਾਰੂ ਆਪਣੇ ਵਾਪਸੀ ਸਫ਼ਰ 'ਤੇ ਚੱਲ ਪਿਆ। 29 ਸਤੰਬਰ 1914 ਦੀ ਦੁਪਹਿਰ ਨੂੰ ਇਹ ਜਹਾਜ਼ ਬਜਬਜ ਘਾਟ 'ਤੇ ਪੁੱਜ ਗਿਆ। ਮੁਸਾਫ਼ਰਾਂ ਨੂੰ ਜਹਾਜ਼ ਵਿੱਚੋਂ ਉੱਤਰ ਕੇ ਲੁਧਿਆਣੇ ਜਾਣ ਲਈ ਤਿਆਰ ਖੜ੍ਹੀ ਰੇ.ਲਗੱਡੀ ਵਿੱਚ ਚੜ੍ਹਨ ਲਈ ਆਖਿਆ ਗਿਆ ਪਰ ਮੁਸਾਫ਼ਰ ਕਲਕੱਤੇ ਜਾਣ ਦੀ ਜ਼ਿਦ ਕਰ ਰਹੇ ਸਨ। ਇਸ ਤਕਰਾਰ ਕਾਰਨ ਚੱਲੀ ਗੋ.ਲੀ ਵਿੱਚ 19 ਮੁਸਾਫ਼ਰ ਮਾਰੇ ਗਏ, 39 ਜ਼ਖ਼ਮੀ ਹੋਏ ਅਤੇ 211 ਮੁਸਾਫ਼ਰਾਂ ਨੂੰ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਬਾਬਾ ਗੁਰਦਿੱਤ ਸਿੰਘ ਸਮੇਤ 28 ਬੰਦੇ ਮਫ਼ਰੂਰ ਹੋ ਗਏ।

## ਗ਼ਜ਼ਲ

'ਨੇਰ ਮਨ ਦਾ ਮਿਟ ਜਾਏ ਦੀਵੇ ਜਗਾ।
ਰੌਸ਼ਨ ਇਹ ਜੀਵਨ ਰਹੇ ਦੀਵੇ ਜਗਾ।
ਹੋਰ ਘਰਾਂ ਵਿਚ ਰੌਸ਼ਨੀ ਵੀ ਹੋ ਜਾਵੇ,
ਏਦਾਂ ਘਰ ਵਿੱਚ ਆਪਣੇ ਦੀਵੇ ਜਗਾ।
ਮਾਲ ਚਾਈਨਾ ਦਾ ਵਿਕੇ ਬਾਜ਼ਾਰ ਵਿਚ,
ਪਰ ਤੂੰ ਆਪਣੀ ਮਿੱਟੀ ਦੇ ਦੀਵੇ ਜਗਾ।
ਜੇ ਤੂੰ ਚਾਹੁੰਦਾਂ ਵੇਖਣੇ ਲੱਜ ਦੇ ਨਿਸ਼ਾਨ,
ਬੋੜੇ ਖੂਹ ਦੀ ਮੌਣ 'ਤੇ ਦੀਵੇ ਜਗਾ।
ਜਿਹਨਾਂ ਘਰਾਂ ਦੇ ਬੁਝੇ ਨੇ ਰੌਸ਼ਨ ਚਿਰਾਗ਼,
ਉਹਨਾਂ ਲਈ ਧਰਵਾਸ ਦੇ ਦੀਵੇ ਜਗਾ।
ਰੋਜ਼ੀ ਖ਼ਾਤਰ ਵਤਨ ਤੋਂ ਜੋ ਦੂਰ ਗਏ,
ਪ੍ਰਦੇਸੀਆਂ ਲਈ ਵੀ ਕਿਤੇ ਦੀਵੇ ਜਗਾ।
ਬਾਲਣਗੇ ਲੋਕੀ ਤਾਂ ਦੀਵੇ ਅੱਜ ਨਵੇਂ,
ਰੇਸ਼ਮ! ਕੁਝ ਤਾਂ ਬੁਝੇ ਹੋਏ ਦੀਵੇ ਜਗਾ।



-ਰੇਸ਼ਮ ਕਰਨਾਣਵੀ
98158-80104

## ਜੌਰਜ ਚਾਹਲ ਨੇ ਕੈਲਗਰੀ ਸਿਟੀ ਕੌਂਸਲ ਦੀ ਚੋਣ ਜਿੱਤ ਕੇ ਇਤਿਹਾਸ ਸਿਰਜਿਆ

**(ਸਫਾ 1 ਦੀ ਬਾਕੀ)** ਵਿੱਚ ਬੇਹਿਸਾਬ ਸਾਈਨ ਬੋਰਡਾਂ ਅਤੇ ਚੋਣ ਰੈਲੀਆਂ ਕਰਕੇ ਇਹ ਵਾਰਡ ਪੂਰੇ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਿਹਾ। ਕੌਂਸਲਰ ਜਿਮ ਸਟੀਵਸਨ ਵੱਲੋਂ ਇਸ ਵਾਰ ਚੋਣ ਨਾ ਲੜਨ ਦੇ ਫ਼ੈਸਲੇ ਅਤੇ ਵਾਰਡਾਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਚੋਣ ਦਿਲਚਸਪ ਬਣ ਗਈ ਸੀ। ਜੌਰਜ ਚਾਹਲ ਨੂੰ 6608, ਆਰਿਅਨ ਸਦਾਤ ਨੂੰ 3759, ਪ੍ਰੀਤ ਬੈਦਵਾਨ ਨੂੰ 2332 ਅਤੇ ਬਲਰਾਜ ਨਿੱਝਰ ਨੂੰ 1698 ਵੋਟਾਂ ਪਈਆਂ। ਸ੍ਰੀ ਚਾਹਲ 1975 ਵਿੱਚ ਕੈਲਗਰੀ ਵਿੱਚ ਜੰਮੇ ਅਤੇ ਪਲੇ। ਉਨ੍ਹਾਂ ਦੇ ਮਾਪੇ 1972 ਵਿੱਚ ਪੰਜਾਬ ਤੋਂ ਕੈਨੇਡਾ ਆ ਗਏ ਸਨ। ਜੌਰਜ ਚਾਹਲ ਨੇ ਸਿਟੀ ਪਲੈਨਿੰਗ ਵਿੱਚ ਮਾਸਟਰ ਦੀ ਡਿਗਰੀ ਕੀਤੀ ਹੈ ਅਤੇ ਖੇਡਾਂ ਨਾਲ ਖਾਸ ਲਗਾਅ ਹੈ। ਸਕੂਲ ਟਰੱਸਟੀਆਂ ਲਈ ਵੀ ਵੋਟਾਂ ਪਈਆਂ ਪਰ ਉਸ 'ਚ ਡਾ. ਰਮਨ ਗਿੱਲ ਤੀਜੇ ਸਥਾਨ 'ਤੇ ਰਹੇ।

## ਜਿੱਤ ਦੀ ਮਿਸਾਲ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਚੋਰੀ ਡਾਕਾ ਮਾਰ ਜਾਵੇ ਭਾਵੇਂ ਕੋਈ ਬਾਹਰਲਾ ਈ
ਪਿੰਡ ਦੇ ਹੀ ਕਿਸੇ 'ਬਦਨਾਮ' ਨਾਵੇਂ ਲੱਗਦੀ।

ਉਤੇ ਵੱਲ ਭਾਰੀ ਚੀਜ਼ ਹੁੰਦੀ ਏ ਚੜ੍ਹਾਉਣੀ ਔਖੀ
ਰੱਖ ਦਿਓ ਰੇੜ 'ਤੇ ਉਹ ਆਪੇ ਜਾਵੇ ਭੱਜਦੀ।

ਹੋਰ ਭਾਵੇਂ ਮੁੰਡੇ ਹੁੰਦੇ ਸੈਂਕੜੇ ਬਰਾਤ ਵਿਚ
ਕਲਗੀ ਤਾਂ ਯਾਰੋ ਇਕੋ ਲਾੜੇ ਸਿਰ ਸਜਦੀ।

ਪੈਂਟ ਤੇ ਕਮੀਜ਼ ਨਾ ਪਜ਼ਾਮੇ ਨੂੰ ਫਰਕ ਪੈਂਦਾ
ਸ਼ਾਨ ਹੈ ਘਟਾਉਂਦੀ ਕਰਤੂਤ ਇਕੋ ਪੱਗ ਦੀ।

ਬੇਹੀਆਂ ਜਾਣਕਾਰੀਆਂ 'ਤੇ ਧਰੇ ਨਾ ਨਜ਼ਰ ਕੋਈ
ਉਹੀ ਖਿੱਚ ਪਾਉਂਦੀ ਜਿਹੜੀ ਗੱਲ ਹੋਵੇ ਅੱਜ ਦੀ।

ਉਪ ਚੋਣ ਵਾਲੀ ਜਿੱਤ ਉਸੇ ਮੱਝ ਵਾਂਗ ਜਾਣੋ
ਜਿਹਦੇ ਹੱਥ 'ਲਾਠੀ' ਉਹਦੀ 'ਖੁਰਲੀ' ਤੇ ਬੱਝਦੀ!

# ਬਾਲਮੀਕ ਦੇ ਨਵੇਂ ਸਮਾਜ ਦੀ ਨਵੀਂ ਮਰਿਆਦਾ



ਸ਼ਾਮ ਸੌਂਧੀ
(530) 751- 6714

ਸਤਿਗੁਰੂ ਬਾਲਮੀਕ ਜੀ ਸੋਚਣ ਲੱਗਾ ਨਵੇਂ ਸਮਾਜ ਦਾ ਨਵਾਂ ਸੰਵਿਧਾਨ ਤਿਆਰ ਕੀਤਾ ਜਾਣਾ ਚਾਹੀਦਾ ਹੈ, ਜਿਸ ਦੇ ਮੁਤਾਬਕ ਭਾਰਤੀ ਜਨਤਾ ਆਪਣਾ ਕਾਰੋਬਾਰ ਚਲਾਵੇ ਅਤੇ ਮੁੜ ਕੇ ਰਾਜਿਆਂ ਦੀ ਗੁਲਾਮੀ ਵਿਚ ਨਾ ਫਸੇ। ਇਸ ਲਈ ਉਸ ਨੇ ਰਜਵਾੜਾਸ਼ਾਹੀ ਨਿਜ਼ਾਮ ਦੀ ਥਾਂ ਨਵੇਂ ਸਮਾਜ ਦੀ ਸਿਰਜਣਾ ਕਰਕੇ ਸਮਾਜ ਲਈ ਨਵੀਂ ਮਰਿਆਦਾ ਕਾਇਮ ਕਰ ਦਿੱਤੀ, ਉਹਦੀ ਲਿਖੀ ਰਮਾਇਣ ਉਸਦੇ ਸਿਰਜੇ ਨਵੇਂ ਸਮਾਜ ਦਾ ਨਵਾਂ ਸੰਵਿਧਾਨ ਹੈ। ਡਾ. ਚਰਨ ਦਾਸ ਕਹਿੰਦਾ ਹੈ ਕਿ 'ਬਾਲਮੀਕ ਸੋਚਣ ਲੱਗਾ ਕਿ ਸਮਾਜ ਮਰਿਆਦਾਹੀਣ ਕਿਉਂ? ਉਸਦਾ ਵਿਚਾਰ ਸੀ ਕਿ ਮਰਿਆਦਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਰਾਸ਼ਟਰ ਸਮਾਜ ਤੇ ਮਨੁੱਖ ਦਾ ਆਦਰਸ਼ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਇਹ ਉਸਦੇ ਸਾਹਮਣੇ ਮੁੱਖ ਸਵਾਲ ਸੀ, ਉਸਦਾ ਨਿਸ਼ਾਨਾ ਆਦਰਸ਼ ਚਰਿੱਤਰ ਨੂੰ ਚਿਤਰਨ ਲਈ ਰਾਮ ਨੂੰ ਕੇਂਦਰੀ ਨੁਕਤਾ ਬਣਾ ਕੇ ਵਿਵਹਾਰਤਮਿਕ ਪਦਤੀ ਨਾਲ ਪੇਸ਼ ਕਰਨਾ, ਇਸ ਲਈ ਉਸ ਨੇ ਦ੍ਰਿੜ੍ਹ ਵਿਸ਼ਵਾਸ ਨਾਲ ਸਮਾਜਿਕਤਾ ਦੇ ਵਿਕਾਸ ਦਾ ਮੁੱਖ ਆਧਾਰ ਵਿਅਕਤੀ ਚਰਿੱਤਰ ਰਾਮ ਦੁਆਰਾ ਕੀਤਾ।

ਪ੍ਰੋਫੈਸਰ ਦੇਵ ਦੱਤ ਭੱਟੀ ਆਖਦਾ ਹੈ ਕਿ 'ਰਿਸ਼ੀ ਬਾਲਮੀਕ ਜੀ ਕੂੰਜ ਪੰਛੀ ਦੇ ਮਾਰੇ ਜਾਣ ਨਾਲ ਕਰਾਹ ਉਠੇ! ਉਹਨਾਂ ਦੀ ਇਹ ਕਰਾਹਟ ਨਵੇਂ ਯੁੱਗ ਦਾ ਸੂਤਰਪਾਤ ਸੀ, ਇਸ ਨਵੇਂ ਯੁੱਗ ਦੇ ਆਰੰਭ ਨਾਲ ਨਵਾਂ ਮਹਾਂ ਕਾਵਿ ਨਵੇਂ ਕਵੀ ਆਦਿ ਕਵੀ ਬਾਲਮੀਕ ਨੇ ਆਪਣੀ ਸਾਹਿਤਕ ਰਚਨਾ ਵਿਚ ਸਵੇਰ ਦੇ ਚੜ੍ਹਦੇ ਸੂਰਜ ਦਾ ਪ੍ਰਗਟਾਵਾ ਕੀਤਾ, ਜਿਸ ਵਿਚ ਪਰਿਵਾਰਕ ਜੀਵਨ ਦੇ ਆਦਰਸ਼ਾਂ ਨੂੰ ਚਿਤਰਿਆ।ਡਾਕਟਰ ਐਸ. ਐਸ. ਵਿਆਸ ਦਾ ਕਹਿਣਾ ਹੈ ਕਿ ''ਰਿਸ਼ੀ ਬਾਲਮੀਕ ਜੀ ਨੇ ਭਾਰਤ ਦੀ ਆਤਮਾ ਨੂੰ ਚੰਗੀ ਤਰ੍ਹਾਂ ਜਾਣ ਕੇ ਸਮਾਜਿਕ ਰਸਮ ਰਿਵਾਜਾਂ ਨੂੰ ਘੋਖ ਕੇ ਉਸ ਨੇ ਨਵੀਂ ਮਰਿਆਦਾ ਕਾਇਮ ਕਰ ਦਿੱਤੀ''। ਜਿਸ ਦੀ ਪੁਸ਼ਟੀ ਡਾਕਟਰ ਹਜਾਰੀ ਲਾਲ ਅਤੇ ਡਾਕਟਰ ਵੀ. ਪੀ. ਸ਼ਰਮਾ ਨੇ ਕੀਤੀ ਹੈ।

"ਧਾਰਯ ਤਿਯੋ ਨਸਹਿ'' ਨਵੀਂ ਮਰਿਆਦਾ ਵਿਚ ਸਤਿਗੁਰੂ ਬਾਲਮੀਕ ਜੀ ਕਹਿੰਦਾ ਹੈ ਕਿ ਜੋ ਪ੍ਰਾਣੀਧਾਰਨ ਕਰਦਾ ਹੈ, ਉਹ ਉਸ ਲਈ ਧਰਮ ਹੁੰਦਾ ਹੈ। ਰੀਤ ਰਿਵਾਜ ਧਰਮ ਹੈ, ਕਰਤੱਵ ਦੀ ਪਾਲਣਾ ਕਰਨਾ ਧਰਮ ਹੈ। ''ਆਹੁ ਸਤਯੰਹਿ ਪ੍ਰਮ ਧਰਮ ਵਿਦੇ ਜਨ''। ਅਜੁਧਿਆ ਕਾਂਡ ਸਰਗ 14 ਸਲੋਕ3 ਵਿਚ ਸਤਿਗੁਰੂ ਬਾਲਮੀਕ ਜੀ ਕਹਿੰਦਾ ਹੈ, ਸੱਚ ਬੋਲਣਾ ਧਰਮ ਹੈ।

''ਧਰਮ ਸਤ ਪ੍ਰਲੋਕੇ ਮੂਲੰ ਸਰਵ ਸਯ ਚੋ ਚਯਤੇ
ਸਤ ਯੇ ਧਰਮ ਇਵਾ ਪਰ ਰਾਮੇਦਿ ਵਰਨਾ ਭਾਸ਼ਿਤੇ''

ਬਾਲ ਕਾਂਡ ਸਰਗ 1 ਸਲੋਕ 14 ਵਿਚ ਬਾਲਮੀਕ ਜੀ ਕਹਿੰਦਾ ਹੈ ਕਿ ਸੱਚ ਹੀ ਧਰਮ ਦੀ ਪ੍ਰੀਕਾਸਟਾ ਹੈ, ਸੱਚ ਹੀ ਸਭ ਦਾ ਮੂਲ ਹੈ, ਇਸ ਲਈ ਰਾਮ ਨੇ ਪਿਤਾ ਦੇ ਵਚਨ ਨੂੰ ਸਤ ਮੰਨ ਕੇ ਉਸਦੀ ਪਾਲਣਾ ਕੀਤੀ। ਇਸ ਲਈ ਮਹਾਂਰਿਸ਼ੀ ਬਾਲਮੀਕ ਜੀ ਸੱਚ ਬੋਲਣ ਤੇ ਜ਼ੋਰ ਦਿੰਦਾ ਹੈ ਤੇ ਕਰਤੱਵ ਦੀ ਪਾਲਣਾ ਨੂੰ ਸਦਾਚਾਰ ਕਹਿੰਦਾ ਹੈ।

''ਸਦਾਚਾਰ ਪ੍ਰਮ ਧਰਮ'' ਚੰਗੇ ਵਿਹਾਰ ਨੂੰ ਰਿਸ਼ੀ ਬਾਲਮੀਕ ਜੀ ਸਦਾਚਾਰ ਕਹਿੰਦੇ ਹਨ।

''ਸਤ ਮੇਵੇ ਸ਼ਵਰੋ ਲੋਕੇ ਸਤ ਧਰਮ: ਸਦਾ ਸੁਰਤਿ
ਸਤਾ ਮੂਲਾਨੀ ਸਰਵਾਣਿ ਸਤਯਾ ਨਾਸਤਿ ਪ੍ਰੰ ਪਦਮ
ਤਦ ਮਿਸ਼ਟੰ ਹੁਤੰ ਚੈਵ ਤਪਾਤਾਨਿ ਚ ਤਪਾਸ਼ਿ ਚ ਵੇਦਾ:
ਸਤਯਾ ਪ੍ਰਤਿਸ਼ਟਾ ਨਾ ਸਤ ਸਮਾਤ ਪਰੋ ਭਵੇਤ''

ਅਯੁਧਿਆ ਕਾਂਡ ਸਰਗ 109 ਵਿਚ ਸਤਿ ਗੁਰੂ ਬਾਲਮੀਕ ਜੀ ਕਹਿੰਦੇ ਹਨ ਕਿ ਜਗਤ ਵਿਚ ਸੱਚ ਹੀ ਪ੍ਰਮੇਸ਼ਰ ਹੈ। ਧਰਮ ਸਦਾ ਸੱਚ ਦੇ ਹੀ ਆਸਰੇ ਖੜ੍ਹਾ ਹੈ। ਸੱਚ ਹੀ ਸਭ ਦਾ ਮੂਲ ਹੈ, ਸੱਚ ਤੋਂ ਬਿਨਾਂ ਹੋਰ ਕੋਈ ਪ੍ਰਮ ਪਦ ਨਹੀਂ ਹੈ, ਇਯ ਲਈ ਸਦਾ ਸੱਚ ਬੋਲੋ। ਅਤੇ ਮੋਕਸ਼ ਪ੍ਰਕਰਣ ਸਰਗ 2 ਸ਼ਲੋਕ 22 ਵਿਚ ਰਿਸ਼ੀ ਬਾਲਮੀਕ ਰਹਿਣ-ਸਹਿਣ, ਖਾਣ-ਪੀਣ ਤੇ ਪਹਿਨਣ ਆਦਿ ਨੂੰ ਧਰਮ ਦੱਸਦਾ ਹੈ।

ਅਯੁਧਿਆ ਕਾਂਡ ਸਰਗ 106 ਸਲੋਕ 19 ਵਿਚ ਰਾਜੇ ਦੇ ਕਰਤੱਵ ਲਈ ਸਤਿਗੁਰੂ ਬਾਲਮੀਕ ਜੀ ਆਖਦਾ ਹੈ।

''ਯੇਨ ਸ਼ਕਾਰਸ਼ ਮਹਾਂ ਪ੍ਰਾਗਯਾ ਪ੍ਰਜਾ ਨਾ ਪਰੀ ਪਾਲਨਮ''

ਰਾਜਾ ਰਾਜ ਗੱਦੀ ਉਤੇ ਬੈਠ ਕੇ ਪ੍ਰਜਾ ਪਾਲਕ ਬਣੇ।

''ਅਨੁਰੁਕਤ ਪ੍ਰਜਾ ਭਿ ਸ਼ਚ ਪ੍ਰਜਾ ਸ਼ਚਾਯਨ ਤਰ ਜਯਤੇ''

ਅਯੁਧਿਆ ਕਾਂਡ ਸਰਗ 14 ਵਿਚ ਕਿਹਾ ਹੈ ਕਿ ਰਾਮ ਪ੍ਰਜਾ ਪਾਲਕ ਹੈ। ਅਯੁਧਿਆ ਕਾਂਡ ਸਰਗ 46 ਸਲੋਕ 2 ਵਿਚ ਰਾਮ ਪ੍ਰਜਾ ਦੀ ਪਾਲਣਾ ਕਰਦਾ ਹੈ।''

''ਰਖਸ਼ਤਾ ਜੀਵ ਲੋਕ ਸਵ ਜਨ ਸਯ ਸਸ਼ ਚ
ਰਖਸ਼ਤਿ ਰਖਸ਼ਤਾ ਸਵਸਯ ਵਿਰਤ ਸਯ ਧਰਮ ਸਯ ਚ ਪਰੰਤਯ''

ਇਸ ਵਾਕ ਅਨੁਸਾਰ ਰਾਮ ਦੇ ਰਾਜ ਵਿਚ ਪ੍ਰਜਾ ਸੁਖੀ ਹੈ। ਸਭ ਲੋਕ ਧਰਮ ਮਰਿਆਦਾ ਉਤੇ ਚਲਦੇ ਹਨ। ਇਕ ਦੂਜੇ ਨੂੰ ਕੋਈ ਦੁਖੀ ਨਹੀਂ ਕਰਦਾ, ਸਭ ਪ੍ਰੇਮ ਪਿਆਰ ਨਾਲ ਰਹਿੰਦੇ ਹਨ। ਸੁੰਦਰ ਕਾਂਡ ਸਰਗ 35 ਸ਼ਲੋਕ 10-11 ਵਿਚ ਕਿਹਾ ਹੈ ਕਿ ਰਾਮ ਦੇ ਰਾਜ ਵਿਚ ਪ੍ਰਜਾ ਪ੍ਰਸੰਨ ਹੈ, ਕਿਉਂਕਿ ਰਾਮ ਪ੍ਰਜਾ ਪਾਲਕ ਸਨ। ਜਿਸ ਰਾਜ ਦੀ ਖਾਤਰ ਖੂਨ ਦੀਆਂ ਨਦੀਆਂ ਵਗਦੀਆਂ ਸੀ, ਉਸ ਰਾਜ ਦਾ ਰਾਮ ਤੇ ਭਰਤ ਵਿਚਾਲੇ ਗੇਂਦ ਬਲਾ ਖੇਲਿਆ ਗਿਆ ਅਤੇ ਕਸਕੰਧਾਤੇ ਲੰਕਾ ਦੇ ਜਿੱਤੇ ਹੋਏ ਰਾਜ ਰਾਮ ਵਾਪਸ ਕਰ ਦਿੰਦਾ ਹੈ। ਦੁਨੀਆਂ ਦੇ ਇਤਿਹਾਸ ਵਿਚ ਪੁਰਾਤਨ ਕਾਲ ਅੰਦਰ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ। ਇਹ ਸਭ ਸਤਿਗੁਰੂ ਬਾਲਮੀਕ ਜੀ ਦੇ ਉਪਦੇਸ਼ ਦਾ ਅਸਰ ਸੀ।

''ਸੰਪਰ ਵੈਸ਼ਯ ਵੈਖਸ਼ ਪਰੰ ਕਾਰਯਾ ਰਖੀਯੋ ਅਸਤਰ
ਤਿਰਸ਼ਤਿ ਰਾਮੰ ਰਾਮੋ ਰਾਮ ਇਤਿ ਪ੍ਰਜਾ ਨਾਮ ਭਵਨ ਕਥਾ
ਰਾਮ ਭੂਤ ਰਾਮੇ ਰਾਜ ਪ੍ਰਸ਼ਾ ਸਤਿ'' ਜੁਧ ਕਾਂਡ ਸਰਗ 128 ਸਲੋਕ 102 ਰਾਮ ਦੇ ਰਾਜ ਵਿਚ ਸਾਰਾ ਸਮਾਜ ਨਿਆਸ਼ੀਲ ਹੈ, ਰਾਮ ਕਹਿੰਦਾ ਹੈ। ਜੋ ਸ਼ਿਕਾਇਤੀ ਬਾਹਰ ਖੜ੍ਹਾ ਹੈ, ਉਸ ਨੂੰ ਅੰਦਰ ਲੈ ਆਓ। ਇਸ ਤੋਂ ਪਤਾ ਲੱਗਦਾ ਹੈ ਕਿ ਰਾਮ ਸਭ ਦੀ ਗੱਲ ਸੁਣਕੇ ਨਿਆਂ ਕਰਦਾ ਸੀ। ਕਿਸੇ ਨਾਲ ਬੇਇਨਸਾਫੀ ਨਹੀਂ ਸੀ ਹੁੰਦੀ।

ਜਿੱਥੇ ਰਾਜੇ ਐਸ਼ਪ੍ਰਸਤੀ ਛੱਡ ਕੇ ਪਰਜਾ ਪਾਲਕ ਬਣੇ, ਉਥੇ ਉਹਨਾਂ ਤੋਂ ਭੋਗ ਵਿਲਾਸ ਵੀ ਛੁਡਾਇਆ ਗਿਆ। ਰਾਮ ਤੇ ਸੀਤਾ ਦੇ ਵਿਆਹ ਤੋਂ ਪਹਿਲਾਂ ਸੰਕਲਪ ਵਿਆਹ ਦੀ ਰੀਤ ਪ੍ਰਚੱਲਿਤ ਸੀ, ਜਿਸ ਨਾਲ ਚਾਹੋ ਭੋਗ ਕਰੋ। ਇਸ ਰਿਵਾਜ ਅਨੁਸਾਰ ਰਾਜਿਆਂ ਦੇ ਮਹਲ ਭੋਗ ਵਿਲਾਸਾਂ ਲਈ ਮਨ ਪਸੰਦ ਇਸਤਰੀਆਂ ਨਾਲ ਭਰੇ ਪਏ ਸਨ। ''ਵਾਮ ਦੇਵ ਔਰ ਦੇਵ ਰਿਸ਼ੀ ਬਾਲਮੀਕ ਜਬਾਲੀ'' ਵਾਮਦੇਵ ਤੇ ਜਬਾਲੀ ਰਾਜਾ ਦਸਰਥ ਦੇ ਮੰਤਰੀ ਸਨ। ਤੁਲਸੀ ਦਾਸ ਦੇ ਇਸ ਵਾਕ ਅਨੁਸਾਰ ਉਹ ਰਿਸ਼ੀ ਬਾਲਮੀਕ ਜੀ ਨੂੰ ਰਾਮ ਦੇ ਵਿਆਹ ਵਿਚ ਲੈ ਕੇ ਗਏ, ਸਤਿਗੁਰੂ ਬਾਲਮੀਕ ਜੀ ਜਨਕ ਦੇ ਵੀ ਗੁਰੂ ਸਨ। ਇਸ ਵਿਆਹ ਵਿਚ ਸਤਿਗੁਰੂ ਬਾਲਮੀਕ ਜੀ ਨੇ ਖੁਦ ਪੁੱਜ ਕੇ ਰਾਮ ਸੀਤਾ ਦੇ ਵਿਆਹ ਨੂੰ ਆਦਰਸ਼ ਵਿਆਹ ਬਣਾ ਦਿੱਤਾ। ਜਿਸ ਵਿਚ ਇਹ ਰੀਤ ਪ੍ਰਚੱਲਿਤ ਕਰ ਦਿੱਤੀ, ਇਕੋ ਪਤੀ ਦੀ ਇਕ ਪਤਨੀ ਤੇ ਇਕ ਪਤਨੀ ਦਾ ਇਕੋ ਪਤੀ। ਇਸ ਲਈ ਸੰਕਲਪ ਵਿਆਹ ਬੰਦ ਕਰਕੇ ਸਪਰਸ਼ ਵਿਆਹ ਦੀ ਰੀਤ ਚਾਲੂ ਕਰ ਦਿੱਤੀ। ਇਸ ਲਈ ਸਰੂਪ ਨਖਾਹ ਦੇ ਚਾਹਣ ਉਤੇ ਵੀ ਰਾਮ ਨੇ ਇਨਕਾਰ ਕਰ ਦਿੱਤਾ ਕਿ ਮੇਰਾ ਵਿਆਹ ਸੀਤਾ ਨਾਲ ਹੋ ਚੁੱਕਾ ਹੈ ਅਤੇ ਅਯੁੱਧਿਆ ਕਾਂਡ ਸਰਗ 24 ਸ਼ਲੋਕ 2013 ਵਿਚ ਨਾਰੀ ਦਾ ਧਰਮ ਪਤੀ ਦੀ ਸੇਵਾ ਕਰਨਾ ਨਿਯਤ ਕਰ ਦਿੱਤਾ ਗਿਆ। ਸਰਗ 27 ਸ਼ਲੋਕ 26 ਵਿਚ ਕਿਹਾ ਗਿਆ ਹੈ ਕਿ ਨਾਰੀ ਪਤੀ ਦੇ ਨਾਲ ਦੁੱਖ ਸੁੱਖ ਕੱਟੇ। ਅਸ਼ੋਕ ਬਾਟਕਾ ਵਿਚ ਸੀਤਾ ਕਹਿੰਦਾ ਹੈ ਕਿ ''ਦੀਨੋ ਵਾ ਰਾਜ ਹੀਨੋ ਵਾ ਯੋਮੈ ਭਰਤਾ ਸਮੈਂ ਗੁਰੂ'' ਸੁੰਦਰ ਕਾਂਡ ਸਰਗ 24 ਸ਼ਲੋਕ 1 ਮੇਰਾ ਪਤੀ ਚਾਹੇ ਦੀਨ ਹੈ ਰਾਜ ਹੀਨ ਹੈ। ਪ੍ਰੰਤੂ ਉਹ ਮੇਰਾ ਸੁਆਮੀ ਹੈ। ਉਤਰਾ ਕਾਂਡ ਸਰਗ 48 ਸ਼ਲੋਕ 17 ਵਿਚ ਕਿਹਾ ਹੈ ''ਪਤਿ ਹਿ ਦੇਵਤਾ ਨਾਰੀਯਾ: ਪਤਿਰ ਬਧੁ: ਪਿਤਰ ਗੁਰੂ'' ਨਾਰੀ ਦਾ ਪਤੀ ਹੀ ਦੇਵਤਾ ਹੈ, ਬੰਧੂ ਹੈ, ਪਿਤਰ ਹੈ, ਗੁਰੂ ਹੈ।

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੋ ਗਿਆ ਕਿ ਸਤਿਗੁਰੂ ਬਾਲਮੀਕ ਜੀ ਨੇ ਕ੍ਰਾਂਤੀ ਕਰਕੇ ਨਵੇਂ ਸਮਾਜ ਦੀ ਸਿਰਜਣਾ ਕਰ ਦਿੱਤੀ। ਜਿਸ ਵਿਚ ਐਸ਼ਪ੍ਰਸਤੀ ਤੇ ਭੋਗ ਵਿਲਾਸੀ ਦਾ ਖਾਤਮਾ ਕਰ ਦਿੱਤਾ, ਜੰਗਾਂ ਯੁੱਧਾਂ ਨੂੰ ਖਤਮ ਕਰਕੇ ਸ਼ਾਂਤੀ ਦਾ ਵਾਤਾਵਰਣ ਪੈਦਾ ਕਰ ਦਿੱਤਾ। ਰਾਜੇ ਰੰਕ ਨੂੰ ਬਰਾਬਰ ਕਰ ਦਿੱਤਾ, ਰਾਜਾ ਪ੍ਰਜਾ ਦਾ ਸੇਵਕ ਹੈ। ਜਨਤਾ ਨੂੰ ਰਾਜਿਆਂ ਦੀ ਗੁਲਾਮੀ ਤੋਂ ਆਜ਼ਾਦ ਕਰ ਦਿੱਤਾ। ਉਸਦੀ ਰਚਨਾ ਰਮਾਇਣ ਸਮਾਜ ਦਾ ਸੰਵਿਧਾਨ ਹੈ। ਜਿਸ ਬਾਰੇ ਹੇਠ ਲਿਖੇ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਰਮਾਇਣ ਦੀ ਮਹੱਤਤਾ

ਡਾਕਟਰ ਮੰਜੂਲਾ ਕਹਿੰਦੀ ਹੈ ਕਿ ''ਮਹਾਂਰਿਸ਼ੀ ਬਾਲਮੀਕ ਦੀ ਲਿਖੀ ਰਮਾਇਣ ਜੀਵਨ ਦਾ ਅੰਗ ਬਣ ਗਈ ਕਿਉਂਕਿ ਇਹ ਧਾਰਮਿਕ, ਸਮਾਜਿਕ, ਰਾਜਨੀਤਿਕ, ਪਰਿਵਾਰਕ ਅਤੇ ਵਿਵਹਾਰਿਕ ਆਦਿ ਸਮਾਜ ਦੇ ਸਾਰੇ ਪੱਖਾਂ ਨੂੰ ਪੇਸ਼ ਕਰਦੀ ਹੈ। ਪ੍ਰਭੂ ਦਿਆਲ ਅਗਨੀ ਹੋਤਰੀ ਕਹਿੰਦਾ ਹੈ ਕਿ ''ਰਾਸ਼ਟਰੀ ਏਕਤਾ ਅਖੰਡਤਾ ਤੇ ਮਨੁੱਖੀ ਆਦਰਸ਼ਾਂ ਦੀ ਉਚੀ ਪ੍ਰਤਿਸ਼ਝਾ ਨੂੰ ਸੰਪਾਦਨ ਕਰਨ ਦਾ ਸਿਹਰਾ ਬਾਲਮੀਕ ਦੇ ਸਿਰ ਬੱਝਦਾ ਹੈ। ਉਹਨਾਂ ਦੀ ਲਿਖੀ ਰਮਾਇਣ ਉਤਰ ਦੇ ਦੱਖਣ ਭਾਰਤ ਵਿਚ ਇਕ ਸੰਸਕ੍ਰਿਤ ਕੜੀ ਹੈ।'' ਡਾਕਟਰ ਬੀ. ਪੀ. ਸ਼ਰਮਾ ਦਾ ਕਹਿਣਾ ਹੈ ਕਿ ''ਪ੍ਰਸ਼ਾਸਨਿਕ ਵਿਵਸਥਾ ਰਾਜੇ ਦਾ ਪਰਜਾ ਪ੍ਰਤੀ ਕਰਤੱਵ ਸਮਾਜਿਕ ਮਰਿਆਦਾਵਾਂ, ਭਾਰਤੀ ਸੰ-ਸਕ੍ਰਿਤੀ, ਸਭਿਅਤਾ ਨੂੰ ਨਿਸ਼ਠਾ ਪੂਰਨ ਮਰਿਆਦਾ ਵਿਚ ਬੰਨ੍ਹ ਕੇ ਰਮਾਇਣ ਦੁਆਰਾ ਬਾਲਮੀਕ ਨੇ ਆਦਰਸ਼ਾਂ ਦੀ ਸਥਾਪਨਾ ਕਰ ਦਿੱਤੀ। ਪੀ. ਐਲ. ਚਾਵਲਾ ਦਾ ਕਥਨ ਹੈ ਕਿ ''ਮਹਾਂਰਿਸ਼ੀ ਬਾਲਮੀਕ ਜੀ ਦੈਵੀ ਗੁਣਾਂ ਵਿਚ ਪਰੀ ਪੂਰਨ ਸਨ। ਉਸ ਨੇ ਕਿਸੇ ਦੇਵੀ ਦੇਵਤਾ ਦੀ ਬਜਾਏ ਮਾਨਵ ਦੇ ਚਿੱਤਰਣ ਨੂੰ ਗਰਵ ਸਮਝਿਆ ਅਤੇ ਗ੍ਰਹਿਸਥ ਆਸ਼ਰਮ ਨੂੰ ਵਿਸਥਾਰ ਨਾਲ ਚਿਤਰਣ ਲਈ ਰਾਮ ਨੂੰ ਮੁੱਖ ਪਾਤਰ ਬਣਾਇਆ। ਅਨੂਪਮ ਮਹਾਜਨ ਆਖਦਾ ਹੈ ਕਿ ''ਕਵੀ ਬਾਲਮੀਕ ਜੀ ਦੇ ਚਿੰਤਨ ਸਿਰਜਣ ਦੀ ਪ੍ਰਣਤਿ ਬਾਲਮੀਕ ਰਮਾਇਣ ਤੋਂ ਸਾਹਿਤਕਾਰਾਂ ਨੂੰ ਪ੍ਰਤਿਭਾ ਪ੍ਰਸਾਰਣ ਦੀ ਪ੍ਰੇਰਨਾ ਮਿਲੀ, ਰਸਕਾਂ ਨੂੰ ਰਸਭੂਤੀ ਹੋਈ, ਸ਼ਾਸਕਾਂ ਨੂੰ ਸ਼ਾਸਨ ਦਾ ਆਦਰਸ਼ ਤੇ ਸਮਾਜ ਨੂੰ ਪ੍ਰਵੀਣ ਵਿਵਸਥਾ ਦਾ ਰੋਸ਼ਨ ਮੁਨਾਰਾ ਮਿਲਿਆ। ਪ੍ਰੇਮ ਭੂਸ਼ਣ ਗੋਇਲ ਕਹਿੰਦਾ ਹੈ ਕਿ ''ਬਾਲਮੀਕ ਜੀ ਦਾ ਰਾਸ਼ਟਰੀ ਕਵੀ ਸਮਾਜਿਕ ਸੰਸਕ੍ਰਿਤਕ ਨੈਤਿਕ ਤੇ ਰਾਜਨੀਤੀ ਦੇ ਖੇਤਰਵਿਚ ਕੀਤੀਆਂ 'ਲੱਭਤਾਂ' ਤੇ ਅਕਾਂਸ਼ਾਵਾਂ ਦਾ ਸਾਫ ਸੁਥਰਾ ਸ਼ੀਸ਼ਾ ਹੈ। ਇਹ ਆਪਣੇ ਸਮੇਂ ਦੇ ਸਾਰੇ ਸਮਾਜੀ ਪੱਖਾਂ ਉਤੇ ਚਾਨਣਾ ਪਾਉਣ ਵਾਲੀ ਵਿਸ਼ਵਾਸ ਯੋਗ ਸਮੱਗਰੀ ਹੈ।'' ਡਾਕਟਰ ਧਰਮਿੰਦਰ ਕਹਿੰਦਾ ਹੈ ਕਿ ''ਭਾਰਤ ਦੇ ਰਾਸ਼ਟਰੀ ਜੀਵਨ ਵਿਚ ਬਾਲਮੀਕ ਦੀ ਰਮਾਇਣ ਦੀ ਮਹੱਤਤਾ ਦਾ ਪੂਰਨ ਸਥਾਨ ਹੈ, ਕਿਉਂਕਿ ਇਹ ਭਾਰਤੀ ਸਾਹਿਤ ਦਾ ਗੌਰਵਮਈ ਆਦਿ ਕਵੀ ਹੈ। ਜੋ ਯੁੱਗਾਂ ਤੋਂ ਭਾਰਤੀ ਲੋਕ ਜੀਵਨ ਵਿਚ ਬਰਾਬਰ ਸਥਾਨ ਦਾ ਅਧਿਕਾਰੀ ਹੈ।ਇਹ ਰਾਜਨੀਤੀ ਸਮਾਜ ਦਾ ਦਰਸ਼ਨ ਪਰਿਵਾਰਕ ਪ੍ਰਥਾ ਆਦਿ ਦੇ ਆਦਰਸ਼ਾਂ ਦੀ ਸੰਜੀਵ ਵਿਆਖਿਆ ਹੈ। ਪੰਡਤ ਸ਼ੇਖਰ ਪਾਂਡੇ ਦਾ ਕਥਨ ਹੈ ਕਿ ''ਰਿਸ਼ੀ ਬਾਲਮੀਕ ਦੀ ਰਮਾਇਣ ਵਿਚ ਯੁੱਧ ਨੀਤੀ, ਸ਼ਸਤਰ ਆਵਾਜਾਈ ਸਮਾਜ ਸੰਗਠਨ ਆਦਿ ਵਿਸ਼ੇ ਦਰਸਾਏ ਗਏ ਹਨ।

''ਸਤਯੰ ਦਾਨੰ ਤਪਸ ਤਿਯਾਗੋ ਮਿਤਰਤਾ ਸੋ ਚ ਮਾਰ ਜਵਮ
ਵਿਦਯਾ ਚ ਗੁਰੂ ਸੁਸ਼ਰ ਸਾਧੁਰ ਵਾਣ ਪੇ ਤਾਨੀ ਰਾਘਵੇ।''

ਮਨੁੱਖ ਦੇ ਰੂਪ ਵਿਚ ਰਾਮ ਦੇ ਨਿੱਜੀ ਆਚਰਣ, ਤਪ ਤਿਆਗ, ਸਤ ਦਾਨ ਮਿੱਤਰਤਾ, ਪਵਿੱਤਰਤਾ, ਸਰਲਤਾ, ਪਿਤਰ ਭਗਤੀ, ਗੁਰੂ ਸੇਵਾ ਆਦਿ ਸਦਗੁਣ ਉਸ ਵਿਚ ਦੇਖੇ ਜਾਂਦੇ ਹਨ।

ਰਾਵਣ ਦੀ ਮੌਤ ਉਤੇ ਰਾਮ ਭਵਿਸਣ ਨੂੰ ਕਹਿੰਦਾ ਹੈ ਕਿ ''ਸਾਡੀ ਦੁਸ਼ਮਣੀ ਜਿਉਂਦੇ ਨਾਲ ਸੀ, ਮੌਤ ਤੋਂ ਬਾਅਦ ਵੈਰ ਖਤਮ ਹੋ ਗਿਆ, ਤੇਰਾ ਭਾਈ ਮੇਰਾ ਭਾਈ ਇਸ ਦਾ ਸੰਸਕਾਰ ਕਰੋ।'' ਰਾਮ ਵਿਚ ਕਿੰਨੀ ਉਦਾਰਤਾ ਦਿਖਾਈ ਦਿੰਦੀ ਹੈ।ਰਾਮ ਔਖੀ ਬਿਪਤਾ ਵਿਚ ਵੀ ਸ਼ਾਂਤੀ ਨਾਲ ਰਹਿੰਦੇ ਸਨ। ਉਹ ਕਦੀ ਕੌੜਾ ਬਚਨ ਨਾ ਬੋਲਦੇ, ਕੋਮਲਤਾ, ਮਿੱਤਰਤਾ ਉਹਨਾਂ ਦੀ ਬਾਣੀ ਦੇ ਵਿਸ਼ੇਸ਼ ਗੁਣ ਸਨ।

ਉਹ ਅਤੀ ਵੀਰਸ਼ਾਲੀ ਹੁੰਦੇ ਹੋਏ ਗਰਭ ਨਹੀਂ ਸੀ ਕਰਦੇ, ਨਾ ਝੂਠ ਬੋਲਦੇ ਸਨ। ਉਹ ਸਦਾ ਪਰਚਾ ਦੀ ਪਾਲਣਾ ਵਿਚ ਲੱਗੇ ਰਹਿੰਦੇ, ਉਸ ਦਾ ਇਹ ਜੀਵਨ ਸਤਿਗੁਰੂ ਬਾਲਮੀਕ ਜੀ ਦੀ ਦੀ ਕਾਇਮ ਕੀਤੀ ਮਰਿਆਦਾ ਨਾਲ ਬਣਿਆ।

# ਵਿਦਿਆ ਦੇ ਦੀਵੇ ਅਤੇ ਗਿਆਨ ਦੇ ਗੋਲੇ ਅਸਲ ਦੀਵਾਲੀ

**(ਸਫਾ 6 ਦੀ ਬਾਕੀ)**

ਦੀਵਿਆਂ ਦੀ ਪਾਲ ਜੋ ਇਕੱਠੇ ਬਲ ਕੇ ਵੱਧ ਰੋਸ਼ਨੀ ਕਰਦੇ ਹਨ। ਵਿਦਿਆ ਵੀ ਚਾਨਣ ਅਤੇ ਤੀਜਾ ਨੇਤਰ ਹੈ। ਦੁਨੀਆਂ ਦੀਆਂ ਸਾਰੀਆਂ ਕੌਮਾਂ ਅਤੇ ਬੋਲੀਆਂ ਵੀ ਵਿਦਿਆ ਦੀ ਪਾਲ, ਸਰਬਸਾਂਝੀਵਾਲਤਾ ਦੀ ਰੋਸ਼ਨੀ ਦਾ ਪ੍ਰਤੀਕ ਹਨ। ਇਸ ਕਰਕੇ ਜਦੋਂ ਤੋਂ ਵੀ ਮਨੁੱਖ ਨੂੰ ਸੋਝੀ ਆਈ ਹੈ, ਉਸ ਨੇ ਰੋਸ਼ਨੀ ਦੇ ਦੀਵੇ ਬਾਲੇ ਹਨ। ਰੋਸ਼ਨੀ ਚਾਨਣ ਲਈ ਨਾਂ ਕਿ ਪੂਜਨ ਵਾਸਤੇ ਹੈ। ਮਿਥਿਹਾਸਕ ਤੌਰ ਤੇ ਹਿੰਦੂਆਂ ਵਿੱਚ ਦੀਵਾਲੀ, ਸ੍ਰੀ ਰਾਮ ਚੰਦਰ ਦੇ ੧੪ ਸਾਲ ਦਾ ਬਨਵਾਸ ਕੱਟ ਕੇ, ਅਯੁੱਧਿਆ ਆਉਣ ਦੀ ਖੁਸ਼ੀ ਵਿੱਚ ਮਨਾਈ ਜਾਂਦੀ ਅਤੇ ਲਸ਼ਮੀ ਪੂਜਨ ਕੀਤਾ ਜਾਂਦਾ ਹੈ। ਜਰਾ ਸੋਚੋ! ਕੀ ਰਾਮ ਚੰਦਰ ਦੇ ਬਨਵਾਸ ਕੱਟ ਕੇ ਆਉਣ ਤੋਂ ਪਹਿਲਾਂ, ਲੋਕ ਖੁਸ਼ੀ ਦੇ ਦੀਵੇ ਨਹੀਂ ਬਾਲਦੇ ਸਨ? ਹਾਂ ਪਹਿਲੇ ਵੀ ਲੋੜ ਅਤੇ ਖੁਸ਼ੀ ਵੇਲੇ ਦੀਵਾਲੀਆਂ ਜਗਦੀਆਂ ਸਨ। ਮਿਥਿਹਾਸਿਕ ਮਨੌਤ ਅਨੁਸਾਰ ਲਛਮੀ ਧੰਨ ਦੌਲਤ ਦੀ ਦੇਵੀ ਜੋ ਪੁਰਾਣਾ ਵਿੱਚ ਵਿਸ਼ਨੂੰ ਦੀ ਇਸਤਰੀ ਲਿਖੀ ਹੈ, ਇਸ ਨੂੰ ਕਾਮ ਦੀ ਮਾਤਾ ਮੰਨਿਆਂ ਅਤੇ ਸਮੁੰਦਰ ਰਿੜਕਣ ਤੋਂ ਇਸ ਦਾ ਪ੍ਰਗਟ ਹੋਣਾ ਕਲਪਿਆ ਗਿਆ, ਇਸੇ ਲਈ ਇਸ ਦਾ ਨਾਮ ਇੰਦਰਾ ਅਤੇ ਜਲਧਿਜਾ ਵੀ ਹੈ। ਇਸ ਦੇ ਹੱਥ ਵਿੱਚ ਕਮਲ ਹੋਣ ਕਰਕੇ ਇਸ ਦਾ ਨਾਂ ਪਦਮਾਂ ਵੀ ਪ੍ਰਸਿੱਧ ਹੈ (ਮਹਾਨ ਕੋਸ਼-੧੦੫੫) ਡਾ. ਰਤਨ ਸਿੰਘ ਜੱਗੀ "ਗੁਰੂ ਗ੍ਰੰਥ ਵਿਸ਼ਵਕੋਸ਼" ਦੇ ਸਫਾ ੪੬੧ ਤੇ ਲਿਖਦੇ ਹਨ ਕਿ ਲਛਮੀ ਚਾਰ ਭੁਜਾਵਾਂ ਵਾਲੀ ਸੁੰਦਰਤਾ ਦੀ ਸਾਕਾਰ ਮੂਰਤੀ ਹੈ। ਇਸਦੇ ਹੱਥ ਵਿੱਚ ਕਮਲ ਫੜਿਆ ਹੁੰਦਾ ਅਤੇ ਇਸ ਦਾ ਆਪਣਾ ਕੋਈ ਮੰਦਿਰ ਜਾਂ ਧਰਮ-ਧਾਮ ਨਹੀਂ ਪਰ ਇਸ ਨੂੰ ਧੰਨ ਅਤੇ ਚੰਗੀ ਕਿਸਮਤ ਦੀ ਦੇਵੀ ਮੰਨ ਲੈਣ ਨਾਲ, ਇਸ ਦੀ ਪੂਜਾ ਹੁੰਦੀ ਰਹਿੰਦੀ ਹੈ। ਦੀਵਾਲੀ ਵਾਲੇ ਦਿਨ ਤਾਂ ਇਸ ਦੀ ਉਚੇਚੀ ਪੂਜਾ ਹੁੰਦੀ ਏ ਕਿਉਂਕਿ ਇਹ ਵਿਸ਼ਵਾਸ਼ ਕੀਤਾ ਜਾਂਦੈ ਕਿ ਦਿਵਾਲੀ ਵਾਲੇ ਦਿਨ, ਲਛਮੀ ਦੇਵੀ ਹਰ ਘਰ ਦੇ ਅੰਦਰ ਜਾਂਦੀ ਹੈ। ਇਸ ਲਈ ਲੋਕੀਂ ਆਪਣਾ ਘਰ-ਬਾਰ ਸਜਾ, ਸਾਰੀ ਰਾਤ ਦੀਵੇ ਬਾਲ, ਇਸ ਦੇ ਆਉਣ ਦੀ ਇੰਤਜਾਰ ਕਰਦੇ ਅਤੇ ਵਕਤ ਪਾਸ ਕਰਨ ਲਈ ਜੂਆ ਆਦਿ ਵੀ ਖੇਡਦੇ ਹਨ। ਇਸ ਮਿਥਿਹਾਸ ਦਾ ਨਕਾਰਾਤਮਕ ਜ਼ਿਕਰ ਭਗਤ ਤ੍ਰਿਲੋਚਨ ਜੀ ਨੇ ਵੀ ਕੀਤਾ ਹੈ-ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ ਵਲਿ ਵਲਿ ਅਉਤਰੈ॥੧॥(ਗੁਰੂ ਗ੍ਰੰਥ)

ਸਿੱਖਾਂ ਵਿੱਚ ਵੀ ਇਹ ਪ੍ਰਚੱਲਤ ਕਰ ਦਿੱਤਾ ਗਿਆ ਹੈ ਕਿ ਜਦ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਗੁਵਾਲੀਅਰ ਦੇ ਕਿਲੇ ਚੋਂ ਰਿਹਾ ਹੋ ਕੇ, ਅੰਮ੍ਰਿਤਸਰ ਆਏ ਤਾਂ ਸਿੱਖਾਂ ਨੇ ਇਸ ਖੁਸ਼ੀ ਵਿੱਚ ਦੀਪਮਾਲਾ ਕੀਤੀ। ਅੱਜ ਕੱਲ੍ਹ ਇਸ ਦਿਨ ਨੂੰ, ਬੰਦੀ ਛੋੜ ਦਿਵਸ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਤਿਹਾਸ ਨੂੰ ਪੜ੍ਹਨ ਅਤੇ ਵਾਚਨ ਵਾਲੇ ਲੋਕ ਜਾਣਦੇ ਨੇ ਕਿ ਭੱਟ ਵਹੀਆਂ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਤਾਂ ਦੀਵਾਲੀ ਤੋਂ ਕਈ ਮਹੀਨੇ ਪਿੱਛੋਂ, ਜੋ ਫਰਵਰੀ ਦੇ ਅੰਤ 'ਤੇ ਅੰਮ੍ਰਿਤਸਰ ਪੁੱਜੇ ਸਨ। ਦੂਜਾ ਬਾਬਰ ਦੀ ਕੈਦ ਵਿੱਚ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਰੱਖਿਆ ਗਿਆ ਜਿੱਥੇ ਚੱਕੀਆਂ ਪੀਹਣ ਦੀ ਸਜਾ ਭੁਗਤ ਰਹੇ ਲੋਕਾਂ ਨੂੰ, ਬਾਬਰ ਦੀ ਬੰਦੀ ਵਿੱਚੋਂ ਛੁਡਾਇਆ ਸੀ। ਪਹਿਲੇ ਬੰਦੀ ਛੋੜ ਤਾਂ "ਜ਼ਾਹਰ ਪੀਰ ਜਗਤ ਗੁਰ ਬਾਬਾ" ਗੁਰੂ ਨਾਨਕ ਸਾਹਿਬ ਹਨ। ਓਸ ਪਹਿਲੇ ਬੰਦੀ ਛੋੜ ਦਾਤੇ ਦਾ "ਬੰਦੀ ਛੋੜ ਦਿਵਸ" ਕਿਉਂ ਵਿਸਾਰ ਦਿੱਤਾ ਗਿਆ ਹੈ? ਸਿੱਖਾਂ ਦੇ ਤਿਉਹਾਰ ਅਤੇ ਗੁਰ ਪੁਰਬ ਹਿੰਦੂਆਂ ਨਾਲ ਮਿਲਗੋਭਾ ਕਿਉਂ ਕੀਤੇ ਗਏ ਹਨ? ਜਿਵੇਂ ਗੁਰੂ ਨਾਨਕ ਸਹਿਬ ਦਾ ਪ੍ਰਕਾਸ਼ ਵੈਸਾਖ ਦੀ ਥਾਂ ਕੱਤਕ ਦੀ ਪੂਰਨਮਾਸ਼ੀ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਦੀ ਥਾਂ, ਹਜ਼ੂਰ ਸਾਹਿਬ ਦਸਹਿਰਾ ਮਨੌਣਾ, ਸ੍ਰੀ ਕੇਸਗੜ੍ਹ ਸਾਹਿਬ ਵੈਸਾਖੀ ਦੀ ਥਾਂ ਹੋਲਾ ਅਤੇ ਸ੍ਰੀ ਮੁਕਤਸਰ ਸਾਹਿਬ ਗਰਮੀਆਂ ਵਿਖੇ ਹੋਏ ਯੁੱਧ ਦਾ ਦਿਨ ਛੱਡ ਕੇ, ਮਾਘੀ ਮਨਾਉਣਾ ਆਦਿਕ। ਹੋਰ ਤਾਂ ਹੋਰ ਅੱਜ ਬਹੁਤੇ ਗੁਰਦੁਆਰਿਆਂ ਵਿੱਚ-ਥਿਤਿ ਵਾਰ ਸੇਵਹਿ ਮੁਗਧ ਗਵਾਰ (੮੪੩) ਗੁਰੂ ਦੇ ਅਕੱਟ ਹੁਕਮ ਉੱਲਟ ਪੂਰਨਮਾਸ਼ੀ, ਮੱਸਿਆ ਅਤੇ ਸੰਗ੍ਰਾਂਦ ਆਦਿ ਹਿੰਦੂ ਪੁਰਬ ਬੜੀ ਧੂੰਮ-ਧਾਮ ਨਾਲ ਮਨਾਏ ਜਾਂਦੇ ਹਨ। ਮਿਲਗੋਭਾ ਕੀਤੇ ਗਏ ਇਤਿਹਾਸ ਨੂੰ, ਗੁਰਮਤਿ ਦੀ ਰੋਸ਼ਨੀ ਵਿੱਚ ਦੁਬਾਰਾ ਵਾਚਨ ਅਤੇ ਲਿਖਣ ਦੀ ਅਤਿਅੰਤ ਲੋੜ ਹੈ। ਸਿੱਖ ਨੇ ਗੁਰੂ ਤੋਂ ਰੋਸ਼ਨੀ ਲੈਣੀ ਹੈ ਨਾਂ ਕਿ ਮਿਥਿਹਾਸਕ ਗ੍ਰੰਥਾਂ ਅਤੇ ਸੋ ਕਾਲਡ ਕਹਾਣੀਆਂ ਦੇ ਅੰਧੇਰੇ ਵਿੱਚ ਹੀ ਫਸੇ ਰਹਿਣਾ ਹੈ। ਗੁਰਮਤਿ ਵਿੱਚ ਲਛਮੀ ਪੂਜਾ ਨੂੰ ਕੋਈ ਥਾਂ ਨਹੀਂ ਸਗੋਂ ਅਕਾਲ ਦੀ ਪੂਜਾ ਦਾ ਵਿਧਾਨ ਹੈ (ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਅਤੇ ਦਿਦਾਰ ਖਾਲਸੇ ਕਾ ਨਾਂ ਕਿ ਕਿਸੇ ਭੇਖੀ ਸਾਧ ਦਾ) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਤਾਂ ਹਰ ਵੇਲੇ ਗੁਰਬਾਣੀ ਗਿਆਨ ਦੀ ਦੀਵਾਲੀ ਜਗਦੀ ਰਹਿੰਦੀ ਅਤੇ ਵਾਤਵਰਣ ਸਵੱਸ਼ ਤੇ ਸਾਫ ਹੁੰਦਾ ਹੈ। ਗੁਰਬਾਣੀ ਮਨ ਨੂੰ ਸ਼ਾਤ ਕਰਦੀ ਤੇ ਉਖੜਿਆ ਮਨ ਵੀ ਟਿਕ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬਾਨਾਂ ਨੇ ਆਪਣੇ ਮਜੂਦਾ ਸਰੀਰਕ ਜੀਵਨ ਸਮੇਂ, ਇਸ ਪਵਿੱਤ੍ਰ, ਗਿਆਨ ਦੇ ਸੋਮੇਂ ਅਤੇ ਸਰਬਸਾਂਝੇ ਅਸਥਾਨ ਨੂੰ, ਯੁੱਧ ਦਾ ਅਖਾੜਾ ਨਹੀਂ ਬਣਾਇਆ ਸਗੋਂ ਸਾਰੇ ਜੰਗ-ਯੁੱਧ ਬਾਹਰ ਹੀ ਲੜੇ ਹਨ। ਫਿਰ ਕੀ ਐਸੇ ਸਾਫ-ਸੁਥਰੇ ਅਤੇ ਮਨ ਦੇ ਟਿਕਾ ਵਾਲੇ ਪਵਿਤ੍ਰ ਥਾਂ ਤੇ ਅਤਸ਼ਬਾਜੀ ਦਾ ਜ਼ਹਿਰ ਅਤੇ ਵਾਤਾਵਰਣ ਨੂੰ ਗੰਧਲਾ ਕਰਨ ਵਾਲੇ ਪਟਾਕੇ ਚਲਾਉਣੇ ਸਿਆਣਪ ਹਨ? ਕੀ ਸਿੱਖਾਂ ਨੂੰ ਇਸ ਦਿਨ ਕਰੋੜਾਂ ਰੁਪਿਆ ਭੰਗ ਦੇ ਭਾੜੇ ਫੂਕਣਾ ਚਾਹੀਦੈ? ਜਦ ਕਿ ਗੁਰੂ ਤਾਂ ਲੋੜਵੰਦਾਂ ਦੀ ਮਦਦ ਕਰਦੇ ਸਨ। ਇਸੇ ਕਰਕੇ ਧੜਾ-ਧੜ ਲੋਕ, ਅਧੁਨਿਕ ਵਿਗਿਆਨਕ ਅਤੇ ਅਗਾਂਹ ਵਧੂ ਸਿੱਖ ਧਰਮ ਨੂੰ ਅਪਣਾਈ ਜਾ ਰਹੇ ਸਨ। ਕੀ ਗੁਰੂ ਜੀ ਅਜਿਹੇ ਦੀਵਾਲੀਆਂ, ਦਸਹਿਰਿਆਂ ਵਾਲੇ ਅਡੰਬਰ ਰਚ, ਲੋਕਾਂ ਨੂੰ ਪ੍ਰਭਾਵਿਤ ਕਰਕੇ ਸਿੱਖ ਬਣਾਉਂਦੇ ਸਨ? ਹਾਂ ਜੇ ਥੋੜੇ ਬਹੁਤੇ ਪਟਾਕੇ ਚਲਾਉਣੇ ਹੀ ਨੇ ਤਾਂ ਸ਼ਹਿਰ ਦੇ ਬਾਹਰਵਾਰ, ਕੋਈ ਨਵੇਕਲੀ ਜਗ੍ਹਾ ਹੋਣੀ ਚਾਹੀਦੀ ਹੈ। ਦੇਖੋ ਅਮਰੀਕਾ ਵਿਖੇ ਵੀ ਲੋਕ ਫੋਰਥ ਜੁਲਾਈ ਨੂੰ, ਸ਼ਪੈਸ਼ਲ ਅਬਾਦੀ ਤੋਂ ਦੂਰ, ਸੁਰੱਖਿਅਤ ਥਾਵਾਂ ਤੇ ਸੌਫਟ ਅਤਸ਼ਬਾਜੀ ਚਲਾਉਂਦੇ ਹਨ ਜੋ ਧੂੰਆਂ ਤੇ ਖੜਕਾ ਘੱਟ ਅਤੇ ਰੋਸ਼ਨੀ ਵੱਧ ਕਰਦੀ ਹੈ।


ਜੇ ਦੀਵਾਲੀ ਬਾਲਣੀ ਹੀ ਹੈ ਤਾਂ ਸਭਿਅਕ ਢੰਗ ਅਪਨਾਉਣਾ ਚਾਹੀਦਾ ਹੈ। ਪੈਸੇ ਦਾ ਬਚਾ ਕਰਕੇ, ਲੋੜਵੰਦ ਜੋ ਢਿੱਡੋਂ ਭੁੱਖੇ, ਸਰੀਰੋਂ ਨੰਗੇ, ਛੱਤ ਤੋਂ ਵਾਂਝੇ, ਫੁੱਟ ਪਾਥਾਂ ਜਾਂ ਹਨੇਰੀਆਂ ਝੁੱਗੀਆਂ ਵਿੱਚ, ਦਿਨ ਕਟੀ ਕਰ ਰਹੇ ਨੇ, ਓਥੇ ਭੋਜਨ, ਪਾਣੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮਠਾਈਆਂ ਵਿੱਚ ਰਹਿੰਦ-ਖੂੰਹਦ ਦੀ ਥਾਂ ਸ਼ੁੱਧ ਅਤੇ ਨਰੋਏ ਪਦਾਰਥ ਹੀ ਵਰਤਨੇ ਚਾਹੀਦੇ ਹਨ। ਇਸ ਦਿਨ ਸ਼ਰਾਬਾਂ ਪੀਣੀਆਂ ਅਤੇ ਜੂਏ ਖੇਲ੍ਹਣੇ ਕਿੱਧਰ ਦੀ ਖੁਸ਼ੀ ਅਤੇ ਸਭਿਅਤਾ ਹੈ? ਸਿੱਖਾਂ ਨੂੰ ਇਹ ਦਿਨ ਗਿਆਨ ਦੇ ਚਰਾਗ ਵਜੋਂ ਹੀ ਮਨਾਉਣਾ ਚਾਹੀਦਾ ਹੈ ਕਿਉਂਕਿ ਗਿਆਨ ਦੇ ਚਰਾਗ ਹੀ ਬੁਝੇ ਹੋਏ ਮਨ ਦੇ ਦੀਵਿਆਂ ਨੂੰ ਜਗਾ ਸਕਦੇ ਹਨ। ਜਿਵੇਂ ੧੦੦੦ ਵਾਟ ਦੇ ਬਲਬ ਸਾਹਮਣੇ, ੧੦੦ ਵਾਟ ਦੀ ਕੀ ਵੁਕਤ ਹੈ, ਚਰਾਗ ਦੀ ਥਾਂ ਛੋਟੇ ਦੀਵੇ ਦੀ, ਇਵੇਂ ਹੀ "ਗੁਰੂ ਗ੍ਰੰਥ ਰੂਪ ਗਿਆਨ ਸੂਰਜ" ਦੀ ਥਾਂ ਹੋਰ ਕਿੱਸੇ-ਕਹਾਣੀਆਂ, ਕੋਈ ਵੁਕਤ ਨਹੀਂ ਰੱਖਦੀਆਂ। ਸਿੱਖਾਂ ਨੂੰ ਇਸ ਦਿਨ ਗੁਰਬਾਣੀ ਅਰਥਾਂ ਦੀਆਂ ਪੋਥੀਆਂ, ਗੁਰਮਤਿ ਫਿਲਾਸਫੀ ਦੀਆਂ ਕਿਤਾਬਾਂ ਅਤੇ ਗੁਰਬਾਣੀ ਦੀ ਕਸਵੱਟੀ ਤੇ ਪਰਖੇ ਸ਼ੁੱਧ ਇਤਿਹਾਸ ਦੀਆਂ ਪੁਸਤਕਾਂ, ਸੀਡੀਆਂ ਅਤੇ ਅਧੁਨਿਕ ਮੀਡੀਏ ਦੇ ਦੀਵੇ, ਮਹਿੰਗੇ-ਮਹਿੰਗੇ ਪਟਾਕਿਆਂ ਅਤੇ ਵੰਨ-ਸੁਵੰਨੀਆਂ ਮਠਿਆਈਆਂ ਦੀ ਥਾਂ ਵੰਡਣੇ ਚਾਹੀਦੇ ਹਨ ਨਾਂ ਕਿ "ਦੀਵਾਲੀ ਕੀ ਰਾਤ ਦੀਵੇ ਬਾਲੀਅਨ" ਵਾਲੀ ਤੁਕ ਹੀ ਰਟੀ ਜਾਣੀ ਚਾਹੀਦੀ ਹੈ, ਜੋ ਭਾਈ ਗੁਰਦਾਸ ਜੀ ਨੇ ਕਿਸੇ ਹੋਰ ਭਾਵ ਵਿੱਚ ਅਜਿਹੀਆਂ ਕਈ ਹੋਰ ਉਦਾਹਰਣਾਂ ਦੇ ਕੇ ਸਮਝਾਉਂਦਿਆਂ ਉਚਾਰੀ ਅਤੇ ਲਿਖੀ ਸੀ।

ਸੋ ਗੁਰਮਤਿ ਨਾਲ, ਲਛਮੀ ਪੂਜਨ ਵਾਲੀ ਦੀਵਾਲੀ ਦਾ ਕੋਈ ਸਬੰਧ ਨਹੀਂ ਸਗੋਂ ਕਿਰਤ ਕਰਕੇ ਲਛਮੀ ਪੈਦਾ ਕਰਨੀ ਜਾਂ ਕਮਾਉਣੀ ਚਾਹੀਦੀ ਹੈ। ਲਛਮੀ ਤਾਂ ਹੱਥਾਂ ਦੀ ਕਿਰਤ ਏ ਨਾਂ ਕਿ ਕੋਈ ਮਿਥਿਹਾਸਕ ਦੇਵੀ, ਜੋ ਸਾਡੇ ਰਾਤ ਨੂੰ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਨਾਲ ਹੀ ਅੰਦਰ ਆਉਂਦੀ ਹੈ। ਐਸਾ ਹੁੰਦਾ ਹੋਵੇ ਤਾਂ ਗਰੀਬ ਲੋਕ ਜਿਨ੍ਹਾਂ ਦੇ ਕੋਈ ਘਰ ਘਾਟ ਨਹੀਂ ਜਾਂ ਟੁੱਟੀਆਂ-ਫੁੱਟੀਆਂ ਖੁੱਲ੍ਹੀਆਂ ਝੁੱਗੀਆਂ ਹੀ ਹੁੰਦੀਆਂ ਨੇ, ਕਥਿਤ ਲਛਮੀ ਓਥੇ ਪਹਿਲੇ ਕਿਉਂ ਨਹੀਂ ਜਾਂਦੀ? ਕਹਿੰਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਗਰੀਬ ਬਿਦਰ ਦੇ ਘਰ ਅਤੇ ਸ੍ਰੀ ਰਾਮ ਚੰਦ ਜੀ ਗਰੀਬ ਭੀਲਣੀ ਕੋਲ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦਾ ਤਾਂ ਅਕੱਟ ਸਬੂਤ ਇਤਿਹਾਸ ਹੈ ਕਿ ਉਹ ਮਲਕ ਭਾਗੋ ਦੇ ਮਹਿਲ ਤੇ ਪਕਵਾਨ ਛੱਡ ਕੇ, ਇੱਕ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉਨ੍ਹਾਂ ਨੇ ਗੁਰਬਾਣੀ ਵਿੱਚ ਵੀ ਲਿਖਿਆ ਹੈ ਕਿ-ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥ ਨਾਨਕ ਤਿਨ ਕੇ ਸੰਗਿ ਸਾਥ ਵਡਿਆਂ ਸਿਉਂ ਕਿਆ ਰੀਸ॥(੧੫)

ਲਛਮੀ ਕੋਈ ਦੇਵੀ ਨਹੀਂ ਸਗੋਂ ਹੱਥੀਂ ਕੀਤੀ ਕਿਰਤ ਜੋ ਮਿਹਨਤ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ ਨਾਂ ਕਿ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਦੇ ਵਹਿਮ ਨਾਲ। ਖੁੱਲ੍ਹੇ ਦਰਵਾਜਿਆਂ ਵਿੱਚ ਤਾਂ ਸਗੋਂ ਕਈ ਵਾਰ ਕੁੱਤੇ ਬਿੱਲੇ ਅਤੇ ਚੋਰ ਆ ਵੜਦੇ ਹਨ, ਜੋ ਖਾ ਪੀ ਕੇ ਘਰ ਵਿੱਚ ਪਈ ਲਛਮੀ ਨੂੰ ਵੀ ਲੁੱਟ ਲੈ ਜਾਂਦੇ ਹਨ। ਪਾਠਕ ਜਨੋ! ਗੁਰਮਤਿ ਇੱਕ ਆਲਮਗੀਰ ਮੱਤ ਹੈ ਜੋ ਮਿੱਥਾਂ ਦੀ ਤਾਂ ਤੱਥਾਂ ਨੂੰ ਮਾਨਤਾ ਦਿੰਦਾ ਹੈ। ਆਓ ਗੁਰਬਾਣੀ ਗਿਆਨ ਦੇ ਦੀਵੇ ਬਾਲ ਕੇ ਮਨ ਦੀਆਂ ਬੁਝੀਆਂ ਬੱਤੀਆਂ ਨੂੰ ਬਾਲੀਏ ਜੋ ਹੋਰਨਾਂ ਨੂੰ ਵੀ ਗਿਆਨ ਦੀ ਰੋਸ਼ਨੀ ਦੇ ਸੱਕਣ। ਪੰਜਾਬੀ ਦੀ ਕਹਾਵਤ ਹੈ "ਸਦਾ ਦੀਵਾਲੀ ਸਾਧ ਕੀ ਅੱਠੇ ਪਹਿਰ ਬਸੰਤ" ਸਾਧ ਭਾਵ ਭਲਾ ਪੁਰਖ ਨਾਂ ਕਿ ਭੇਖਧਾਰੀ। ਇਹ ਸੀ ਥੋੜੀ ਜਿਹੀ ਵਿਚਾਰ ਦੀਵੇ, ਦੀਵਾਲੀ, ਲਛਮੀ ਪੂਜਾ ਅਤੇ ਗੁਰਮਤਿ ਬਾਰੇ ਜਿਸ ਨੂੰ ਪਾਠਕ ਜਨ, ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸੰਦਰਭ ਵਿੱਚ ਵਾਚਣ ਦੀ ਕ੍ਰਿਪਾਲਤਾ ਕਰਨ।

ਗੁਰੂ ਗਿਆਨ ਦੀ ਰੋਸ਼ਨੀ ਨਾਲ, ਆਪਣੇ ਦਿਲਾਂ ਦੇ ਦੀਵੇ ਜਗਾਉਣ ਜੋ ਮਾਇਕ ਪਦਾਰਥਾਂ ਦੀ ਹਵਾ ਤੇ ਵਿਸ਼ੇ ਵਿਕਾਰਾਂ ਦੇ ਝੱਖੜਾਂ ਨੇ ਬੁਝਾਏ ਨੇ ਨਾਂ ਕਿ ਲਛਮੀ ਪੂਜਾ ਲਈ ਬੂਹੇ ਖੁੱਲ੍ਹੇ ਰੱਖ ਕੇ ਜਗਾਏ ਬਾਹਰੀ ਦੀਵਿਆਂ, ਬਰੂਦੀ ਪਟਾਕਿਆਂ, ਮਿਲਾਵਟੀ ਬਜਾਰੀ ਜਹਿਰੀਲਆਂ ਮਿਠਿਆਈਆਂ ਅਤੇ ਮਾਰੂ ਨਸ਼ਿਆਂ ਦਾ ਸੇਵਨ, ਲੱਖਾਂ ਕਰੋੜਾਂ ਰੁਪਈਆ ਹਰ ਸਾਲ ਬਰਬਾਦ ਕਰਕੇ, ਹਾਦਸਿਦਆਂ ਵਿੱਚ ਗਰੀਬਾਂ ਦੀਆਂ ਝੁੱਗੀਆਂ ਤੇ ਕਿਰਸਾਨਾਂ ਦੀਆਂ ਅਨਾਜ ਨਾਲ ਭਰੀਆਂ ਫਸਲਾਂ ਸਾੜਨ ਦਾ ਕਾਰਨ ਬਣਨਾ ਦੀਵਾਲੀ ਮਨਾਉਣੀ ਹੈ। ਸੋ ਆਓ ਘਰ ਘਰ ਵਿਦਿਆ ਦੇ ਦੀਵੇ ਬਾਲੀਏ ਅਤੇ ਗਿਆਨ ਦੇ ਗੋਲੇ ਚਲਾਈਏ-ਗੋਲਾ ਗਿਆਨ ਚਲਾਇਆ॥ (ਗੁਰੂ ਗ੍ਰੰਥ)

# ਲੋਕ ਮਾਨਸਿਕਤਾ ਦੀਆਂ ਤੈਹਾਂ ਦਾ ਮੰਥਨ : ਡਾ. ਕਰਮਜੀਤ ਸਿੰਘ ਦੀ ਪੁਸਤਕ "ਲੋਕ ਗੀਤਾਂ ਦੇ ਨਾਲ ਨਾਲ"




**ਡਾ. ਉਮਿੰਦਰ ਜੌਹਲ**

ਪੰਜਾਬੀ ਲੋਕਯਾਨਿਕ ਸਮੱਗਰੀ ਅਤੇ ਵਿਸ਼ੇਸ਼ ਕਰ ਲੋਕ ਗੀਤਾਂ ਦੇ ਇਕੱਤਰੀਕਰਨ ਦਾ ਕਾਰਜ ਭਾਵੇਂ ਪੰਜਾਬੀ ਵਿਚ ਲੱਗਭੱਗ ਚਾਲੀ ਪੰਜਾਹ ਸਾਲ ਪਹਿਲਾ ਆਰੰਭ ਹੋ ਗਿਆ ਸੀ ਪਰੰਤੂ ਲੋਕ ਗੀਤਾਂ ਦੀ ਸਿਰਜਣਾਤਮਕ ਪ੍ਰਕਿਰਿਆ ਨੂੰ ਸਮਝਣ ਸਮਝਾਉਣ ਦੇ ਯਤਨਾਂ ਦੀ ਉਮਰ ਅਜੇ ਬਹੁਤੀ ਨਹੀਂ। ਆਰੰਭ ਵਿਚ ਲੋਕ-ਸਾਹਿਤ ਪ੍ਰਤੀ ਪੰਜਾਬੀ ਵਿਚ ਪੈਦਾ ਹੋਈ ਚੇਤਨਾ ਨੇ ਲੋਕ ਗੀਤਾਂ ਦੇ ਇਕੱਤਰੀਕਰਨ ਨੂੰ ਹੀ ਏਨਾ ਮਾਣ ਮੱਤਾ ਕਾਰਜ ਸਮਝਿਆ ਕਿ ਇੰਨ੍ਹਾਂ ਗੀਤਾਂ ਦੇ ਅਧਿਐਨ ਵਿਸ਼ਲੇਸ਼ਣ ਦੀ ਚੇਤਨਾ ਦਾ ਪੈਦਾ ਹੋਣਾ ਫਿਰ ਇਸ ਸਥਿਤੀ ਵਿਚ ਏਨਾ ਸਹਿਜ ਨਹੀਂ ਹੁੰਦਾ।

ਲੋਕਯਾਨ ਸੰਬੰਧੀ ਪੰਜਾਬੀ ਵਿਚ ਹੋਏ ਕਾਰਜਾਂ ਦੀ ਪ੍ਰਕਿਰਤੀ ਦੇ ਆਧਾਰ ਤੇ ਵਰਗੀਕ੍ਰਿਤ ਕਰਨ ਦਾ ਯਤਨ ਕਰੀਏ ਤਾਂ ਹੁਣ ਤੱਕ ਵਿਦਵਾਨਾਂ ਦੀਆਂ ਵੱਖ-ਵੱਖ ਪਹੁੰਚਾਂ ਨੂੰ ਤਿੰਨ ਪੜਾਵੀ ਪ੍ਰਕਿਰਿਆ ਵਿਚ ਸਮਝਿਆ ਜਾ ਸਕਦਾ ਹੈ। ਮੁੱਢਲਾ ਕਾਰਜ ਲੋਕਯਾਨਿਕ ਸਮੱਗਰੀ ਦੀ ਸਾਂਭ ਸੰਭਾਲ/ ਇਕੱਤਰੀਕਰਨ ਪ੍ਰਤੀ ਭਾਵੁਕ ਪਹੁੰਚ ਵਾਲ਼ਾ ਪੜਾਅ ਹੈ। ਦੂਜੇ ਪੜਾਅ ਉੱਪਰ ਅਕਾਦਮਿਕ ਪਹੁੰਚ ਦੇ ਆਧਾਰ 'ਤੇ ਲੋਕ ਸਮੱਗਰੀ ਅਤੇ ਲੋਕ ਸਿਰਜਣਾਵਾਂ ਦੀ ਨਿਰਖ ਪਰਖ ਨੂੰ ਵਿਗਿਆਨਕ ਲੀਹਾਂ ਉਪਰ ਨਜਿੱਠਣ ਦਾ ਮੁੱਲਵਾਨ ਕਾਰਜ ਸਾਹਮਣੇ ਆਇਆ ਅਤੇ ਤੀਸਰੇ ਪੜਾਅ ਤੇ ਆਉਂਦਿਆ ਲੋਕ-ਸਿਰਜਣਾਵਾਂ ਦੀ ਸਿਰਜਣ ਪ੍ਰਕਿਰਿਅਆ ਤੱਕ ਪਹੁੰਚਣ ਦੇ ਯਤਨ ਸਾਹਮਣੇ ਆਉਣੇ ਸ਼ੁਰੂ ਹੋਏ ਹਨ। ਅੱਜ ਦੇ ਸੰਦਰਭ ਵਿਚ ਗੱਲ ਕਰੀਏ ਤਾਂ 'ਲੋਕ ਗੀਤਾਂ ਦੇ ਨਾਲ-ਨਾਲ' ਨੂੰ ਇਸੇ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ।


ਡਾ. ਕਰਮਜੀਤ ਸਿੰਘ

'ਲੋਕ ਗੀਤਾਂ ਦੇ ਨਾਲ ਨਾਲ' ਡਾ. ਕਰਮਜੀਤ ਸਿੰਘ ਦਾ ਕਾਰਜ ਦੂਹਰੀ ਪ੍ਰਕਿਤੀ ਵਾਲ਼ਾ ਕਾਰਜ ਹੈ । ਸ਼ਬਦ ਸਿਰਜਣਾਵਾਂ ਨੂੰ ਆਮ ਸਮਝਣਾ ਉਂਞ ਹੀ ਸਹਿਜ ਨਹੀਂ ਹੁੰਦਾ। ਇਹ ਸਿਰਜਣਾਵਾਂ ਜੀਵਣ ਦੀ ਆਮ ਵਰਤੋਂ ਵਿਹਾਰ ਦੀ ਰੁਟੀਨ (ਨਿੱਤ ਪ੍ਰਤੀ) ਨੂੰ ਤੋੜ ਕੇ ਨਵੇਂ ਰੂਪਾਂ ਵਿਚ ਢਲੀਆ ਹੋਈਆਂ ਹੁੰਦੀਆਂ ਹਨ। (ਧਇਵਅਿਟੋਨਿਅਲ ਾਰਮਸ) ਪਰ ਇਹ ਪੁਸਤਕ ਤਾਂ ਲੋਕ ਕਾਵਿ ਸਿਰਜਣਾਵਾਂ ਨੂੰ ਪੁਨਰ ਸਿਰਜਣਾਵਾਂ ਵਿਚ ਲੰਘਾ ਕੇ ਪ੍ਰਸਤੁਤ ਕਰ ਰਹੀ ਹੈ। ਇਹ ਪੁਨਰ ਸਿਰਜਣਾ ਵਿਸ਼ਲੇਸ਼ਣ ਦੀ ਵਿਧੀ ਵਿਧਾਨ ਵਿਚ ਢਲ ਕੇ ਆਪਣੇ ਨਕਸ਼ ਘੜਦੀ ਹੈ ਪਰੰਤੂ ਇਹ ਵਿਸ਼ਲੇਸ਼ਣਾਤਮਿਕਤਾ ਕਾਰਜ ਅਜਿਹੀ ਸਿਰਜਣਾਤਮਿਕ ਸਾਰਥਿਕਤਾ ਵਜੋਂ ਸਾਹਮਣੇ ਆ ਰਿਹਾ ਹੈ ਕਿ ਇਸ ਵਿਚੋਂ ਲੋਕ ਮਾਨਸਿਕਤਾ ਦੇ ਬਣਦੇ ਵਿਗਸਦੇ ਨਕਸ਼ਾਂ ਦੀ ਟੋਹ ਮਿਲਦੀ ਹੈ ਅਤੇ ਉਹ ਵੀ ਉਨਾਂ ਦੇ ਸਮਾਜਿਕ ਪ੍ਰਸੰਗ ਵਿਚ ਭਾਵੇਂ ਕਿ ਇਹ ਪੇਸ਼ ਹੋ ਰਿਹਾ ਪ੍ਰਸੰਗ ਲੇਖਕ ਦੇ ਸਵੈ ਵਿਚੋਂ ਦੀ ਹੀ ਹੋ ਕਿ ਨਿਕਲਿਆ ਹੈ। ਲੋਕ ਪ੍ਰਸੰਗਾ ਨੂੰ ਖੋਲ੍ਹਣ ਸਿਰਜਣ ਵਿਸ਼ਲੇਸ਼ਿਤ ਕਰਨ ਦੀ ਇਹ ਜੁਗਤ ਪੰਜਾਬ ਵਿਚ ਨਿਵੇਕਲੀ ਹੈ। ਇਸ ਜੁਗਤ ਨੂੰ ਇਸ ਤਰਾਂ ਵੀ ਪਛਾਣਿਅਤਾ ਜਾ ਸਕਦਾ ਹੈ ਕਿ ਡਾ. ਕਰਮਜੀਤ ਲੋਕ ਸਿਰਜਣਾਵਾਂ ਨੂੰ ਵਿਸ਼ਸ਼ਟ ਸਿਰਜਣਾ ਦੇ ਰੰਗ ਵਿਚ ਰੰਗਦਾ ਹੋਇਆ ਨਿਵੇਕਲੇ ਲੋਕ ਸੰਸਾਰ ਵਿਚ ਉਤਰਦਾ ਤੇ ਪਾਠਕਾਂ ਨੂੰ ਉਤਾਰਦਾ ਹੈ।

ਸਾਹਿਤ ਸਿਰਜਣਾ ਯਥਾਰਥ ਨਾਲ ਸੰਵਾਦ ਰਚਾਉਂਦੀ ਹੋਈ ਆਪਣੇ ਨਕਸ਼ ਘੜਦੀ ਹੈ। ਪਰ ਇਹ ਕਾਰਜ ਵਿਰਸੇ ਅਤੇ ਵਿਰਸੇ ਦੀਆਂ ਸਿਰਜਣਾਵਾਂ ਨਾਲ ਸੰਵਾਦ ਵਿਚੋਂ ਪੈਦਾ ਹੋਇਆ ਕਾਰਜ ਹੈ। ਲੋਕ ਮਾਨਸਿਕਤਾ ਜੋ ਲੋਕ ਗੀਤਾਂ ਰਾਹੀਂ ਸਾਂਭੀ ਹੋਈ ਹੁੰਦੀ ਹੈ ਉਸ ਨੂੰ ਅੱਜ ਦੇ ਪ੍ਰਸੰਗਾ ਵਿਚ ਖੋਲ੍ਹਣਾ ਅਤੇ ਉਸ ਦੀਆਂ ਪਰਤਾਂ ਨੂੰ ਫਰੋਲਦੇ ਤੁਰੇ ਜਾਣਾ ਇਸ ਕਾਰਜ ਦੀ ਰਚਨਾਤਮਿਕ ਜੁਗਤ ਹੈ। ਇਥੇ ਲੋਕ ਮਾਨਸਿਕਤਾ ਦੇ ਬਦਲਦੇ ਤੇਵਰਾਂ ਨੂੰ ਲੋਕ ਗੀਤਾਂ ਵਿਚ ਪਛਾਣਨ ਦਾ ਯਤਨ ਸਾਹਮਣੇ ਆ ਰਿਹਾ ਹੈ। ਬਦਲਦੇ ਤੇਵਰਾਂ ਨੂੰ ਪਛਾਨਣਾ ਭਾਵੇਂ ਸਹਿਜ ਜਾਪੇ ਪਰ ਇਹ ਕਾਰਜ ਤੇਵਰ ਬਦਲਾਉ ਦੇ ਕਾਰਨਾਂ ਦੀ ਨਿਸ਼ਾਨਦੇਹੀ ਉਪਰ ਵੀ ਟਿਕਿਆ ਹੋਇਆ ਹੈ। ਮਾਨਵੀ ਰਿਸ਼ਤਿਆਂ ਅਤੇ ਮਾਨਵੀ ਕਰਮਾਂ ਪ੍ਰਤੀ ਕਰਮਾਂ ਨੂੰ ਜੋ ਮੂਲ ਕਾਰਨ ਗਤੀ ਦਿੰਦਾ ਹੈ ਉਹ ਹੈ ਆਰਥਿਕਤਾ। ਆਰਥਿਕਤਾ ਹੀ ਮਾਨਵੀ ਰਿਸ਼ਤਿਆਂ ਦੇ ਗਠਨ ਵਿਗਠਨ ਵਿਚ ਮੂਲ ਭੂਮਿਕਾ ਵਜੋਂ ਹਾਜਰ ਹੈ ਭਾਵੇਂ ਕਿ ਕੁਝ ਹੋਰ ਕਾਰਣ ਵੀ ਗੌਣ ਪੱਧਰ ਉਪਰ ਪਛਾਣੇ ਜਾ ਸਕਦੇ ਹਨ। ਇਹ ਖੋਜ ਕਾਰਜ ਲੋਕ ਕਾਵਿ ਵਿਚਲੇ ਬਿਰਤਾਂਤਿਕ ਵਿਧੀ ਵਿਧਾਨ ਨੂੰ ਸਮਝਣ ਦੇ ਰਾਹ ਵੀ ਤੁਰਦਾ ਹੈ। ਲੋਕ ਕਾਵਿ ਵਿਚਲੇ ਪ੍ਰਤੀਕਾਂ ਨੂੰ ਪੰਜਾਬੀ ਸਭਿਆਚਾਰਕ ਸੂਝ ਮਾਡਲ ਅਨੁਸਾਰ ਖੋਲ੍ਹਣ ਦੀ ਪ੍ਰਕਿਰਤੀ ਵਾਲ਼ਾ ਇਹ ਕਾਰਜ ਲੋਕ ਗੀਤਾਂ ਦੇ ਬਿਰਤਾਂਤਿਕ ਮੁਹਾਂਦਰੇ ਨੂੰ ਗੀਤਾਂ ਵਿਚਲੇ ਥੀਮਿਕ ਜੁੱਟਾਂ ਵਿਚੋਂ ਨਿਕਲ ਰਿਹਾ ਪਛਾਣਦਾ ਹੈ। ਪ੍ਰਕਿਰਤਕ ਪ੍ਰਤੀਕਾਂ/ਜੁੱਟਾਂ ਦੀ ਸਰਲ ਸੁਭਾ ਵਾਲ਼ੀ ਹੋਂਦ ਕਿਵੇ ਸਮਾਜਿਕ ਪ੍ਰਤੀਕਾਂ/ਜੁਗਤਾਂ ਦੀ ਜਟਿਲ ਹੋਂਦ ਸਾਹਮਣੇ ਤੁੱਛ ਹੈ, ਇੰਨ੍ਹਾਂ ਗੀਤਾਂ ਦੇ ਬਿਰਤਾਂਤ ਪ੍ਰਬੰਧ ਨੂੰ ਸਮਝਦਿਆ ਸਹਿਜੇ ਹੀ ਪਛਾਣੀ ਜਾ ਸਕਦੀ ਹੈ।

'ਜੇ ਤੂੰ ਪੰਜ ਸੱਤ ਹੋਰ ਵਿਆਹ ਲਏਂਗਾ' ਦੇ ਸੰਦਰਭ ਵਿਚ ਜੰਗਲ 'ਚ ਧੂਣਾ (ਧੂਆਂ) ਲਾਉਣ ਦੀ ਮਰਦ ਵਲੋਂ ਧਮਕੀ ਔਰਤ ਦੀ ਮਾਨਸਿਕ ਸਥਿਤੀ ਉਪਰ ਕੋਈ ਅਸਰ ਨਹੀਂ ਦਿਖਾਉਂਦੀ, ਔਰਤ ਧਿਰ ਸਥਿਤੀ ਵਿਚ ਪੁਜ਼ੀਸ਼ਨ ਲਈ ਰੱਖਦੀ ਹੈ ਪਰ ਫਿਰ 'ਹੋਰ ਵਿਆਹ ਲਊਂਗਾ ਦੀ ਸਮਾਜਿਕ ਮੁਹਾਂਦਰੇ ਵਾਲ਼ੀ ਧਮਕੀ-ਜੁਗਤ ਔਰਤ ਨੂੰ ਫਿਰ ਅਧੀਨਗੀ ਦੀ ਨਿਤਾ ਪ੍ਰਤੀ ਵਿਚ ਢਾਲ ਦਿੰਦੀ ਹੈ:

ਜੇ ਤੂੰ ਪੰਜ ਸੱਤ ਹੋਰ ਵਿਆਹ ਲਏਂਗਾ, ਵੇ ਮੈਂ ਸੋਨੇ ਦੀ
ਵੇ ਮੈਂ ਸੋਨੇ ਦੀ ਟੋਪੀ ਬਣਾ ਦਊਂਗੀ, ਵਿਚ ਚਾਂਦੀ ਦਾ
ਵਿਚ ਚਾਂਦੀ ਦਾ ਰੋੜ ਪੁਆ ਦਊਂਗੀ, ਬੈਠਾ ਪੀਆ ਕਰ
ਬੈਠਾ ਪੀਆ ਕਰੀ ਚਿਲਮ ਤੰਮਾਖੂਏ ਦੀ, ਬੈਠਾ ਪੀਆ ਕਰੀ। (ਪੰਨਾ-26)

ਲੋਕ ਕਾਵਿ ਦੀ ਬਿਰਤਾਂਤ ਜੁਗਤ ਸਥਿਤੀਆਂ, ਵਿਆਕਤੀਆਂ, ਰਿਸ਼ਤਿਆਂ, ਗੁਣਾਂ-ਔਗੁਣਾਂ ਦੇ ਵਿਰੋਧ ਜੁੱਟਾਂ ਵਿਚੋਂ ਆਪਣਾ ਉਸਾਰ ਉਸਾਰਦੀ ਹੈ।

(ਮੋਰਨੀ/ ਕਾਲੀ. ਭੂਤਨੀ-ਪੰਨਾ17, ਸਕੇ ਅਤੇ ਚਚੇਰੇ ਰਿਸ਼ਤੇ, ਪੰਨਾ-20) ਪਰੰਤੂ ਇਸ ਉਸਾਰੀ ਵਿਚ ਰਚਨਾਤਮਿਕ ਉਹਲੇ ਦੀ ਜੁਗਤ 'ਨੈਣਾਂ ਦੋਸਤੀ ਲਾ ਲਈ ਏ' ਵਰਗੇ ਗੀਤਾਂ ਵਿਚ ਸਹਿਜੇ ਹੀ ਪਛਾਣੀ ਜਾ ਸਕਦੀ ਹੈ। "ਇਸ ਗੀਤ ਦੀ ਸਭ ਤੋਂ ਵੱਡੀ ਬਿਰਤਾਂਤਕ ਸਫ਼ਲਤਾ ਹੈ ਕਿ ਉਸ ਨੇ ਰਾਣੀ ਦੇ ਮਾਨਸਿਕ ਆਸ਼ਿਆਂ ਨੂੰ ਹੁਣ ਤੱਕ ਬਿਲਕੁਲ ਜ਼ਾਹਿਰ ਨਹੀਂ ਹੋਣ ਦਿੱਤਾ।" ( ਲੋਕ ਗੀਤਾਂ ਦੇ ਨਾਲ-ਨਾਲ,ਪੰਨਾ-22.)

ਇਸੇ ਗੀਤ ਦੇ ਪ੍ਰਸੰਗ ਵਿਚ ਰਾਣੀ ਵੱਲੋਂ ਛੀਂਬਣ ਦਾ ਕਤਲ ਅਤੇ ਕਤਲ ਨੂੰ ਰਾਜੇ ਵੱਲੋ ਸਹਿਜ ਹੀ ਚੁੱਪ ਚਾਪ ਮੌਤ ਨੂੰ ਹੋਣੀ ਮੰਨ ਕੇ ਮੰਨ ਲੈਣਾ ਇਸ ਦੁਖਾਂਤ ਨੂੰ ਸਹਿਜਤਾ ਵਿਚ ਸਵੀਕਾਰ ਲੈਣਾ ਹੈ। ਧਿਆਨ ਗੋਚਰੇ ਰੱਖਣ ਦੀ ਲੋੜ ਹੈ ਕਿ ਪਾਠ ਦੇ ਅਰਥ ਅਜਿਹੀ ਟੈਕਸਟ ਨੂੰ ਦੇਖਦਿਆਂ ਜ਼ਰੂਰੀ ਨਹੀਂ ਕਿ ਹਰ ਵਾਰ ਲੋਕ ਸਾਹਿਤ ਵਿਚ ਇਕਹਿਰੀ ਬਿਰਤਾਂਤਕ ਪਰਤ ਵਿਚ ਹੀ ਪਏ ਹੋਣ। ਇਸ ਪਾਠ ਦਾ ਇਕ ਪ੍ਰਵਚਨ ਇਸ ਤਰਾਂ ਵੀ ਖੁਲ੍ਹਦਾ ਹੈ ਕਿ ਰਾਜੇ ਵਲੋਂ ਦੁਖਾਂਤ ਦੀ ਸਵੀਕ੍ਰਿਤੀ ਅਸਲ ਵਿਚ ਰਾਜੇ ਦੀ ਮਾਨਸਿਕਤਾ ਵਿਚ ਪਈ ਸਥਾਪਤੀ ਨੂੰ ਸਥਾਪਿਤ ਰੱਖਣ ਦੀ ਜੁਗਤ ਵਜੋਂ ਪਛਾਣੀ ਜਾ ਸਕਦੀ ਹੈ। ਰਾਜਾ ਲੋਕ-ਲੱਜ ਦੀ ਜੁਗਤ ਅਪਣਾਉਂਦਾ ਦਿਖਾਈ ਦਿੰਦਾ ਹੈ ਪਰ ਸਥਾਪਤ ਨੂੰ ਟਿਕਾਈ ਰੱਖਣ ਦੀ ਜੁਗਤ ਹੀ ਦੁਖਾਂਤ ਨੂੰ ਮੰਨ ਲੈਣ ਵਜੋਂ ਦੇਖੀ ਜਾ ਸਕਦੀ ਹੈ।

ਡਾ. ਕਰਮਜੀਤ ਸਿੰਘ ਦਾ ਇਹ ਕਾਰਜ ਅਨੇਕਾਂ ਅਜਿਹੇ ਲੋਕ ਬਿਰਤਾਂਤਾਂ ਦੀ ਨਿਸ਼ਾਨ-ਦੇਹੀ ਕਰ ਰਿਹਾ ਹੈ ਜੋ ਆਮ ਨਹੀਂ। ਜਿਵੇਂ ਕਿੱਸਾ ਸ਼ਾਂਤੀ ਦਾ( ਪੰਨਾ- 48, ਫਰੀਦਨ/ ਸਰਬਣ, ਕਥਾ ਵਿਚ ਭਰਾ ਆਪਣੀ ਭੈਣ ਨੂੰ ਸਾਹਿਬ ਕੋਲ ਪੇਸ਼ ਕਰਦਾ ਹੈ। ਲੇਖਕ ਦੇ ਸ਼ਬਦ "ਇਹ ਗਿਰਾਵਟ ਦੀ ਹੱਦ ਹੈ" ਇਸ ਤਰ੍ਹਾਂ ਦਾ ਜੋ ਵਿਸਥਾਰ ਇਸ ਲੋਕ ਗੀਤ ਵਿਚ ਪੇਸ਼ ਹੋ ਰਿਹਾ ਹੈ ਇਹ ਲੋਕ ਮਾਨਸਿਕਤਾ ਦੇ ਮੇਚੇ ਦੇ ਮੋਟਿਫਾਂ ਦੀ ਲੜੀ ਨਹੀਂ ਜਾਪਦੀ। ਇਹ ਹਰ ਪੱਧਰ ਤੇ ਪ੍ਰਮਾਣ ਦੀ ਜੁਗਤ ਹੈ। ਪਰਾਂਹਣ (ਦਵਿਅਿਟਨ) ਦੀ ਜੁਗਤ ਲੋਕ ਸਾਹਿਤ ਨੂੰ ਆਮ ਤੌਰ ਤੇ ਮੇਚੇ ਨਹੀਂ ਆਉਂਦੀ ਕਿਉਂ ਕਿ ਲੋਕ ਸਾਹਿਤ ਨੂੰ ਸਮਝਣ ਵਾਲ਼ੇ ਆਮ ਸਾਧਾਰਨ ਲੋਕ ਸਹਿਜ ਸਮਝ ਵਿਚੋਂ ਲੋਕ ਸਾਹਿਤ ਗ੍ਰਹਿਣ ਕਰਦੇ ਹਨ ਇਸੇ ਲਈ ਇਸ ਤਰ੍ਹਾਂ ਦਾ ਪਰਾਂਹਣ ਵਿਸ਼ਸਟ ਸਾਹਿਤ ਦੀ ਜੁਗਤ ਵਜੋਂ ਸਾਹਮਣੇ ਆਉਂਦਾ ਹੈ ਜਿਸ ਦੀਆਂ ਵਿਸ਼ਸਟ ਸਾਹਿਤ ਵਿਚੋਂ ਅਨੇਕਾ ਉਦਾਹਣਾਂ ਪੂਰਨ ਭਗਤ ਵਿਚੋਂ ਲਈਆਂ ਜਾ ਸਕਦੀਆਂ ਹਨ ਪਰ ਅਪਵਾਦ ਲੋਕ ਸਾਹਿਤ ਵਿਚ ਵੀ ਪਏ ਹੁੰਦੇ ਹਨ ਇਹੀ ਲੋਕ ਗੀਤ ਨਹੀਂ ਸਾਡੀਆਂ ਲੋਕ ਕਥਾਵਾਂ ਵਿਚ ਇਸ ਤਰਾਂ ਦੇ ਪ੍ਰਸੰਗ ਮੌਜੂਦ ਹਨ।

ਡਾ. ਕਰਮਜੀਤ ਸਿੰਘ ਦਾ ਇਹ ਕਾਰਜ ਲੋਕ ਨਾਇਕਾਂ ਨੂੰ ਲੋਕ ਸੱਭਿਆਚਾਰ ਦ ਸੰਧਰਭਾਂ ਵਿਚੋਂ ਪਛਾਨਣ ਦੇ ਯਤਨਾਂ ਵਾਲ਼ਾ ਕਾਰਜ ਹੈ। 'ਟੋਲੀ ਬਾਪੂ ਸਿੰਘ ਸਭੀਏ', 'ਮਰ ਜਾਣ ਸਿੰਘ ਸਭੀਏ', 'ਸਿਵ ਸੰਕਰ ਹੱਸਦੇ ਨੇ' 'ਤੇਰੀ ਤਾਂ ਜਾਤ ਕੋਈ ਨਹੀ ਵੇ ਸ਼ਿਵਜੀ' ਦੀ ਗੱਲ ਕਰਦਾ ਇਹ ਰਚੈਤਾ ਕਹਿੰਦਾ ਹੈ, "ਲੋਕ ਨਾਇਕਾਂ ਤੇ ਦੇਵਤਿਆਂ ਨੂੰ ਸੰਪ੍ਰਦਾਇਕ ਤੱਤਾਂ ਨੇ ਇਕ ਸੰਪ੍ਰਦਾਇ ਵਿਸ਼ੇਸ਼ ਦੇ ਫਾਸੀਵਾਦ ਨਾਇਕ ਤੇ ਦੇਵਤੇ ਬਣਾ ਕੇ ਰੱਖ ਦਿੱਤਾ ਹੈ, ਇਸੇ ਲਈ ਲੋਕਾਂ ਦੇ ਵਿਰਸੇ ਦੀ ਸਹੀ ਰੂਪ ਵਿਚ ਪਹਿਣਚਾਣ ਅੱਜ ਪਹਿਲਾਂ ਨਾਲੋਂ ਵੀ ਵਧੇਰੇ ਜ਼ਰੂਰੀ ਹੈ।"

(ਪੰਨਾ-85.)

ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਜਿੱਥੇ ਇਹ ਖੋਜ ਕਾਰਜ ਲੋਕਗੀਤਾਂ ਨੂੰ ਪੁਨਰ ਸਿਰਜਣਾ ਦੇ ਰਾਹ ਤੋਰਦਾ ਹੋਇਆ ਆਪਣਾ ਨਿਵੇਕਲਾ ਮੁਹਾਂਦਰਾ ਸਿਰਜਦਾ ਹੈ ਉੱਥੇ ਲੋਕ ਕਾਵਿ ਰਾਹੀਂ ਪੇਸ਼ ਹੋ ਰਹੀ ਲੋਕ ਮਾਨਸਿਕਤਾ ਦੀਆਂ ਤੈਹਾਂ ਦੀ ਨਿਰਖ ਪਰਖ ਵਿਚ ਜੁੱਟਿਆ ਹੋਇਆ ਹੈ। ਭਾਵੇਂ ਲੋਕ ਮਾਨਸਿਕਤਾ ਦੀ ਟੋਹ ਟੋਹਣਾ ਇੰਨਾ ਸਹਿਜ ਨਹੀਂ ਹੁੰਦਾ ਫਿਰ ਵੀ ਇਹ ਖੋਜ ਭਰਪੂਰ ਸਿਰਜਣਾਤਮਿਕ ਕਾਰਜ ਨਿਵੇਕਲ਼ੇ ਨਕਸ਼ਾਂ ਵਾਲ਼ਾ ਕਾਰਜ ਹੈ। ਪਰ ਅੱਜ ਦੇ ਯੁੱਗ ਦੀਆਂ ਲੋੜਾਂ ਹੋਰ ਪੇਚੀਦਾ ਹਨ। ਤੇਜ਼ੀ ਨਾਲ਼ ਬਦਲਦੀਆਂ ਜ਼ਿੰਦਗੀਆਂ ਪ੍ਰਸਥਿਤੀਆਂ ਅਤੇ ਜੀਵਨ ਸਰੋਕਾਰਾਂ ਨੂੰ ਸਮਝਣ-ਸਿਰਜਣ ਲਈ ਲੋੜ ਲੋਕ-ਪਾਠ (folk text) ਪੂਰਣ ਲੋਕ ਸੰਧਰਭਾਂ ਵਿਚੋਂ ਪਕੜਨ ਦੀ ਹੈ ਭਾਵੇਂ ਕਿ ਲਿਖਤੀ ਸ਼ਬਦ ਦੀ ਅਸੀਮ ਸਮਰੱਥਾ ਹੈ ਪਰ ਲੋਕ ਮਾਨਸਿਕਤਾ ਜੋ ਸ਼ਬਦਾਂ ਦੇ ਪ੍ਰਗਟਾ ਸਮੇਂ ਸਰੀਰਕ ਮੁਦਰਾਵਾਂ (ਭੋਦੇ. ਅਨਗੁਅਗਏ) ਰਾਹੀਂ ਸਾਹਮਣੇ ਆਉਂਦੀ ਹੈ ਉਸ ਨੂੰ ਪਕੜਨ ਤੇ ਸਾਂਭਣ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਲੋਕਯਾਨਿਕ ਸਮੱਗਰੀ ਦੇ ਅਧਿਐਨ ਵਿਸ਼ਲੇਸ਼ਣ ਵਿਚ ਹੋਰ ਵਧੇਰੇ ਸਹਾਈ ਹੋ ਸਕਦੀ ਹੈ।

**# 20/75, ਗਾਰਡਨ ਕਲੋਨੀ,**
**ਜਲੰਧਰ, ਪੰਜਾਬ, ਇੰਡੀਆ**
**ਫੋਨ ਨੰ-91 181 98154 21999**

# "ਦੀਵਾਲੀ ਤੇ ਲੜੀਆ ਛੱਡੋ ਦੀਵੇ ਜਗਾਉ"


ਬੂਟਾ ਗੁਲਾਮੀ ਵਾਲਾ
91-94171-97395


ਦੀਵਾਲੀ ਖੁਸ਼ੀਆ ਦਾ ਤਿਉਹਾਰ ਹੈ ਇਸਨੂੰ ਲੋਕ ਬੜੇ ਹੀ ਚਾਵਾ ਨਾਲ ਰਲਮਿਲ ਕੇ ਮਨਾਉਂਦੇ ਹਨ ਪਟਾਕੇ ਚਲਾਉਂਦੇ ਹਨ ਮਠਿਆਈਆ ਖਰੀਦ ਦੇ ਹਨ ਤੇ ਰਾਤ ਨੂੰ ਦੀਪ ਮਾਲਾ ਕਰਦੇ ਹਨ ਪੁਰਾਤਨ ਸਮਿਆ ਵਿਚ ਲੋਕ ਦੇਸੀ ਘਿਓ ਦੇ ਦੀਵੇ ਜਗਾਉਦੇ ਸਨ ਪਰ ਹੁਣ ਦੀਵਿਆ ਦੀ ਥਾ ਵੰਨ ਸਵੰਨੀਆ ਬਿਜਲਈ ਲੜੀਆ ਨੇ ਲੈ ਲਈ ਹੈ ਦੀਵੇ ਦਾ ਨਾਮ ਲੈਦਿਆ ਹੀ ਦਿਲ ਦਿਮਾਗ ਵਿੱਚ ਚਾਨਣ ਪ੍ਰਤੀਤ ਹੁੰਦਾ ਹੈ ਦੀਵਾ ਰੋਸ਼ਨੀ ਦੇਦਾ ਹੈ ਅਤੇ ਹਨੇਰੇ ਨੂੰ ਦੂਰ ਭਜਾਉਦਾ ਹੈ।

ਦੀਵਾ ਨਾਮ ਭਾਵੇ ਛੋਟਾ ਹੈ ਪਰ ਜਦ ਜਗਦਾ ਹੈ ਤਾ ਚਾਰ ਚੁਫੇਰਾ ਰੁਸ਼ਨਾ ਦੇਦਾ ਹੈ ਪਰ ਇਹ ਦੀਵਾ ਬੜੀ ਮਿਹਨਤ ਨਾਲ ਬਣਦਾ ਹੈ ਇਸ ਵਾਰ ਮੈ ਖੁਦ ਤੇ ਮੇਰੇ ਸਾਥੀ ਮੁਖਤਿਆਰ ਸਿੰਘ ਨੇ ਕੋਟ ਈਸੇ ਖਾ ਦੇ ਭਾਡੇ ਬਣਾਉਣ ਵਾਲੇ ਬਦਲੂ ਰਾਮ, ਮੋਹਨ ਲਾਲ, ਅਤੇ ਰਾਜਾ ਰਾਮ ਦੇ ਘਰ ਜਾ ਕੇ ਦੀਵੇ ਬਾਰੇ ਕਾਫੀ ਕੁਝ ਜਾਣਿਆ ਉਹਨਾਂ ਕਿਹਾ ਕਿ ਦੀਵੇ ਨੂੰ ਬਣਾਉਣ ਲਈ ਪਹਿਲਾ ਚੀਕਣੀ ਮਿੱਟੀ ਦਾ ਪਰਬੰਧ ਕਰਨਾ ਪੈਦਾ ਹੈ। ਪੱਚੀ ਸੋ (2500) ਤੋ ਛੇ ਹਜਾਰ(6000) ਤੱਕ ਮਿਟੀ ਦੀ ਟਰਾਲੀ ਘਰ ਪੈਦੀ ਹੈ ਇਸ ਮਿੱਟੀ ਨੂੰ ਫਿਰ ਕੁਟ ਕੇ ਬਰੀਕ ਕੀਤਾ ਜਾਦਾ ਹੈ ਫਿਰ ਛਣਿਆ ਜਾਦਾ ਹੈ ਅਤੇ ਫਿਰ ਤਿੰਨ ਦਿਨ ਭਿਉ ਕੇ ਰੱਖਣਾ ਪੈਦਾ ਹੈ ਇਸ ਤੋ ਬਾਅਦ ਇਸੇ ਮਿਟੀ ਨੂੰ ਆਟੇ ਵਾਗੂ ਗੁੰਨਣਾ ਪੈਦਾ ਹੈ ਜਦੋਂ ਇਹ ਪੁਰੀ ਤਰਾ ਮੁਲਾਇਮ ਹੋ ਜਾਵੇ ਫਿਰ ਇਸ ਦੇ ਪਿੰਨੇ (ਪੇੜੇ) ਬਣਾਏ ਜਾਦੇ ਹਨ ਤੇ ਫਿਰ ਇਸ ਨੂੰ ਚੱਕ ਤੇ ਚੜਾਇਆ ਜਾਦਾ ਹੈ ਉਨਾ ਇਹ ਵੀ ਦੱਸਿਆ ਕਿ ਮਿਟੀ ਦੋ ਤਰਾ ਦੀ ਹੁੰਦੀ ਹੈ ਵੱਡੇ ਭਾਡੇ ਜਿਵੇ ਘੜਾ, ਚਾਟੀ, ਕਾੜਨੀ, ਤੌੜੀ ਇਹ ਮਿਟੀ ਜਿਆਦਾਤਰ ਸੁਲਤਾਨਪੁਰ ਤੋ ਆਉਦੀ ਹੈ ਦੂਜੀ ਜਿਸ ਨਾਲ ਦੀਵੇ, ਕਰਵੇ, ਬੁੰਗਨੀਆ, ਕੁਜੀਆ, ਚੱਪਣੀਆ ਬਣਾਏ ਜਾਦੇ ਹਨ ਇਹ ਭਿੰਡਰਾ ਤੋ ਆਉਦੀ ਹੈ ਚੱਕ ਤੇ ਦੀਵੇ ਤਿਆਰ ਕਰਨ ਤੋ ਬਾਅਦ ਫਿਰ ਤਿੰਨ ਦਿਨ ਸੁਕਾਉਣੇ ਪੈਦੇ ਹਨ ਪਹਿਲਾ ਚੱਕ ਨੂੰ ਹੱਥ ਨਾਲ ਹੀ ਘੁਮਾਇਆ ਜਾਂਦਾ ਸੀ ਪਰ ਹੁਣ ਕਈਆ ਨੇ ਮੋਟਰਾ ਵੀ ਲਾ ਲਈਆ ਹਨ ਥੋੜੀ ਜਿਹੀ ਮਿਹਨਤ ਘਟ ਜਾਂਦੀ ਹੈ ਪਰ ਬਿਜਲੀ ਦਾ ਖਰਚਾ ਵਧ ਜਾਦਾ ਹੈ ਤਿੰਨ ਦਿਨ ਸੁਕਾਉਣ ਤੋ ਬਾਅਦ ਫਿਰ ਇਹਨਾ ਨੂੰ ਆਵੇ (ਭੱਠੀ) ਵਿਚ ਪਾ ਕੇ ਸਾਰੀ ਰਾਤ ਪਕਾਇਆ ਜਾਦਾ ਹੈ ਆਵੇ ਵਿਚ ਪਾਥੀਆ ਪਾ ਕੇ ਪਕਾਇਆ ਜਾਦਾ ਹੈ ਇਥੇ ਇਹ ਵੀ ਜਰੂਰੀ ਦੱਸਣਾ ਬਣਦਾ ਹੈ ਕੇ ਦੀਵਾਲੀ ਤੇ ਜਗਾਉਣ ਵਾਲੇ ਦੀਵਿਆ ਨੂੰ ਰੰਗ ਨਹੀ ਕੀਤਾ ਜਾਦਾ ਉਨਾ ਦਾ ਆਪ ਹੀ ਪੱਕ ਕੇ ਰੰਗ ਬਦਲ ਜਾਦਾ ਹੈ ਦੀਵਿਆ ਨੂੰ ਪਕਾ ਕੇ ਫਿਰ ਆਵੇ ਵਿਚੋ ਕੱਡ ਕੇ ਸਾਫ ਕਰਕੇ ਫਿਰ ਪਿੰਡਾ ਸਹਿਰਾ ਗਲੀ ਬਜਾਰ ਵਿਚ ਹੋਕਾ ਦੇ ਕੇ ਵੇਚਿਆ ਜਾਦਾ ਹੈ



ਇਥੇ ਇਹ ਵੀ ਦੱਸ ਦੇਵਾਂ ਕੇ ਇਨੀ ਵੱਡੀ ਮਿਹਨਤ ਕਰਨ ਤੋ ਬਾਅਦ ਚਾਲੀ ਤੋ ਪੰਜਾਹ ਗਰਾਮ ਦਾ ਦੀਵਾ ਮਸਾ ਹੀ ਪੈਤੀ ਚਾਲੀ ਪੈਸੇ ਦਾ ਵਿਕਦਾ ਹੈ ਸੋ ਇਨਾ ਨੂੰ ਆਪਣੇ ਸਾਰੇ ਪਰਿਵਾਰ ਦੀ ਮਿਹਨਤ ਦਾ ਵੀ ਪੂਰਾ ਮੁੱਲ ਨਹੀ ਮਿਲਦਾ ਇਹਨਾਂ ਨੂੰ ਪਰਿਵਾਰ ਦੀ ਪੂਰੀ ਮਿਹਨਤ ਦਾ ਮੁੱਲ ਦੇਣ ਲਈ ਆਉ ਇਸ ਵਾਰ ਸ਼ੋਅ ਛੱਪੇ ਵਾਲੀਆ ਲੜੀਆ ਤਿਆਗ ਕੇ ਆਪੋ ਆਪਣੇ ਘਰਾ ਕੋਠੀਆ ਦੇ ਬਨੇਰਿਆ ਤੇ ਮਿੱਟੀ ਦੇ ਬਣੇ ਦੀਵੇ ਜਗਾਈਏ ਅਤੇ ਖੁਸ਼ੀ ਨਾਲ ਦੀਵਾਲੀ ਮਨਾਈਏ।

# ਇਨ੍ਹਾਂ ਵਿਗਿਆਨੀਆਂ ਨੂੰ ਮਿਲੇਗਾ ਸਾਲ 2017 ਦਾ ਨੋਬਲ ਪੁਰਸਕਾਰ



**ਸਟਾਕਹੋਮ-** ਸਾਪੇਖਤਾ ਦਾ ਸਿਧਾਂਤ ਦੇਣ ਵਾਲੇ ਮਹਾਨ ਵਿਗਿਆਨਕ ਅਲਬਰਟ ਆਈਨਸਟਾਈਨ ਦੇ ਪੂਰਵ ਅਨੁਮਾਨ ਦੇ ਸੌ ਸਾਲ ਬਾਅਦ ਗੁਰੂਤਾ ਤਰੰਗਾਂ ਦਾ ਪਤਾ ਲਗਾਉਣ ਵਾਲੇ ਤਿੰਨ ਅਮਰੀਕੀ ਵਿਗਿਆਨੀਆਂ ਨੂੰ ਸਾਲ 2017 ਦਾ ਭੌਤਿਕੀ ਦਾ ਨੋਬਲ ਪੁਰਸਕਾਰ ਦਿੱਤਾ ਜਾਏਗਾ। ਨੋਬਲ ਪੁਰਸਕਾਰ ਕਮੇਟੀ ਨੇ ਮੰਗਲਵਾਰ ਨੂੰ ਇਸ ਪੁਰਸਕਾਰ ਲਈ ਰੇਨਰ ਵਿਸ, ਬੈਰੀ ਬੈਰਿਸ਼ ਅਤੇ ਕਿਪ ਥੋਰਨ ਦੇ ਨਾਵਾਂ ਦਾ ਐਲਾਨ ਕੀਤਾ। ਗੁਰੂਤਾ ਤਰੰਗਾਂ ਨੂੰ ਪਹਿਲੀ ਵਾਰ ਸਤੰਬਰ, 2015 'ਚ ਅਤੇ ਚੌਥੀ ਵਾਰ ਇਸ ਸਾਲ 14 ਅਗਸਤ ਨੂੰ ਵੇਖਿਆ ਗਿਆ ਸੀ। ਇਸ ਦੀ ਮਦਦ ਨਾਲ ਬ੍ਰਹਿਮੰਡ 'ਚ ਹੋਣ ਵਾਲੀਆਂ ਗਤੀਵਿਧੀਆਂ ਦਾ ਪਤਾ ਲਗਾਇਆ ਜਾ ਸਕੇਗਾ। ਤਿੰਨੋਂ ਖਗੋਲ ਵਿਗਿਆਨਕਾਂ ਨੂੰ 11 ਲੱਖ ਡਾਲਰ (ਲਗਪਗ 7.20 ਕਰੋੜ ਰੁਪਏ) ਦੀ ਇਨਾਮੀ ਰਾਸ਼ੀ ਅਤੇ ਪ੍ਰਮਾਣ ਪੱਤਰ ਦਿੱਤੇ ਜਾਣਗੇ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube




* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਨਾਟਕ 'ਹੁਕਮੋ ਦੀ ਹਵੇਲੀ' ਦਾ ਖੂਬ ਆਨੰਦ ਮਾਣਿਆ ਦਰਸ਼ਕਾਂ ਨੇ



















Pictures by: Prem K. Chumber Desh Doaba







ਰਿਪੋਰਟ ਅਤੇ ਹੋਰ ਤਸਵੀਰਾਂ ਦੇਖੋ ਸਫਾ 24 'ਤੇ

# ਨਾਟਕ 'ਹੁਕਮੋ ਦੀ ਹਵੇਲੀ' ਦਾ ਖ਼ੂਬ ਆਨੰਦ ਮਾਣਿਆ ਦਰਸ਼ਕਾਂ ਨੇ

**ਸੈਕਰਾਮੈਂਟੋ (ਡੀ.ਡੀ.ਬੀ.)** ਪਿਛਲੇ ਦਿਨੀਂ ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਟਰਾਂਸਪੋਰਟ ਐਕਸਪ੍ਰੈਸ ਵੱਲੋਂ ਰੋਜ਼ਵਿਲ 'ਚ ਉਘੇ ਲੇਖਕ ਅਤੇ ਕਲਾਕਾਰ ਸ੍ਰੀ ਸੁਰਿੰਦਰ ਸਿੰਘ ਧਨੋਆ ਜੀ ਦੀ ਰਹਿਨੁਮਾਈ 'ਚ ਪੰਜਾਬ ਲੋਕ ਰੰਗ ਵੱਲੋਂ 'ਹੁਕਮੋ ਦੀ ਹਵੇਲੀ' ਡਰਾਮਾ 7 ਅਕਤੂਬਰ ਨੂੰ ਖੇਡਿਆ ਗਿਆ, ਜਿਸ ਨੂੰ ਗਿਣਤੀ ਪੱਖੋਂ ਨਾ ਵੱਧ ਤੇ ਨਾ ਘੱਟ ਵਜੋਂ ਦੇਖਿਆ ਜਾਵੇ ਤਾਂ ਹਾਜ਼ਰੀਨ ਦਰਸ਼ਕਾਂ ਦੀ 'ਹੁਕਮੋ ਦੀ ਹਵੇਲੀ' ਡਰਾਮੇ ਦੇ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਜਿਵੇਂ ਸ਼ਾਂਤਮਈ ਤਰੀਕੇ ਨਾਲ ਜਿਸ ਤਰ੍ਹਾਂ ਦੇਖਿਆ ਤੇ ਆਨੰਦ ਮਾਣਿਆ, ਉਹ ਆਪਣੇ ਆਪ ਵਿਚ ਕਾਬਿਲ-ਏ-ਤਾਰੀਫ ਸੀ।

ਪੰਜਾਬ ਲੋਕ ਰੰਗ ਦੀ ਸਮੁੱਚੀ ਟੀਮ ਦੀ ਕਾਰਗੁਜ਼ਾਰੀ ਸਲਾਹੁਣਯੋਗ ਸੀ, ਪੰਜਾਬ ਲੋਕ ਰੰਗ ਮੰਚ ਦੇ ਬਹੁਤ ਸਾਰੇ ਕਲਾਕਾਰ, ਬਹੁਤ ਹੀ ਜਾਣੇ-ਪਹਿਚਾਣੇ ਤੇ ਪੰਜਾਬੀ ਭਾਈਚਾਰੇ'ਚ ਮਕਬੂਲ ਇਕ ਪਰਿਵਾਰਕ ਮੈਂਬਰਾਂ ਦੀ ਤਰ੍ਹਾਂ ਹਨ। ਉਹਨਾਂ ਦੀ ਕਲਾਕਾਰੀ ਦੀ ਅਦਾ ਇਕ ਵੱਖਰੀ ਛਾਪ ਛੱਡਦੀ ਹੈ।

ਹੁਕਮੋ ਦੀ ਹਵੇਲੀ ਡਰਾਮੇ ਦਾ ਦੁਖਾਂਤ ਹੁਕਮੋ ਦੀ ਹਵੇਲੀ ਜ਼ੈਲਦਾਰਨੀ ਦੀ ਹੈਂਕੜ/ਜ਼ਿੱਦ ਨਾਲ ਸਭ ਤੋਂ ਪਹਿਲਾਂ ਹਵੇਲੀ ਦੇ ਜੈਲਦਾਰ ਹੱਥੋਂ ਆਪਣੀ ਜੈਲਦਾਰਨੀ ਦੇ ਵੱਡੇ ਭਰਾ ਦਾ ਕਤਲ ਤੇ 15 ਸਾਲ ਦੀ ਸਜ਼ਾ ਉਪਰੰਤ ਜੈਲਦਾਰ ਤੇ ਜੈਲਦਾਰਨੀ ਦੀ ਆਪਸੀ ਕੁੜੱਤਣ ਇਸ ਹਵੇਲੀ ਦੇ ਦੁਖਾਂਤ ਨੂੰ ਕਿੱਥੇ ਤੱਕ ਲਿਜਾਂਦੀ ਹੈ, ਉਹ ਸਾਰਾ ਦ੍ਰਿਸ਼ ਦਰਸ਼ਕਾਂ ਨੂੰ ਇਕ ਪਲ ਵੀ ਅੱਖ ਝਪਕਣ ਨਹੀਂ ਦਿੰਦਾ ਹੈ।

ਜੈਲਦਾਰਨੀ ਦਾ ਪਿਤਾ ਆਪਣੀ ਧੀ ਨੂੰ ਗੁੱਸਾ ਨਾ ਕਰਨ ਤੇ ਅਤੀਤ 'ਚ ਹੋਏ ਨੂੰ ਭੁੱਲ ਜਾਣ ਲਈ ਬੜਾ ਸਮਝਾਉਂਦਾ ਹੈ ਪਰ ਧੀ, ਜੈਲਦਾਰਨੀ ਆਪਣੀ ਜ਼ਿੱਦ ਤੇ ਬਜ਼ਿੱਦ ਹੈ। ਜੈਲਦਾਰ ਜੈਲਦਾਰਨੀ ਤੋਂ ਆਪਣੇ ਵਾਰਸ ਦੀ ਉਮੀਦ ਰੱਖਦਾ ਹੈ ਪਰ ਜੈਲਦਾਰਨੀ ਦਾ ਗੁੱਸਾ ਜੈਲਦਾਰ ਨੂੰ ਜਿਸਮਾਨੀ ਭੁੱਖ ਤੋਂ ਦੂਰ ਰੱਖਦਾ ਹੈ। ਅਖੀਰ ਜੈਲਦਾਰ ਦਾ ਕਿਰੀ ਗੱਡੀਆਂ ਵਾਲੇ ਕਬੀਲੇ ਦੀ ਇਕ ਖੂਬਸੂਰਤ ਲੜਕੀ ਜੁਲੇਖਾਂ ਨਾਂ ਦੀ 'ਤੇ ਮਨ ਡੋਲ ਜਾਂਦਾ ਹੈ ਤੇ ਉਸ ਦੇ ਪਿਆਰ ਵਿਚ ਗੁਆਚ ਜਾਂਦਾ ਹੈ। ਦੋਹਾਂ ਦੇ ਪਿਆਰ 'ਚ ਖੋ ਜਾਣ ਦਾ ਦ੍ਰਿਸ਼ ਜਦੋਂ ਜੈਲਦਾਰਨੀ ਦਾ ਭਰਾ ਆਪਣੀਆਂ ਅੱਖਾਂ ਨਾਲ ਦੇਖ ਲੈਂਦਾ ਹੈ ਤਾਂ ਬਰਦਾਸ਼ਤ ਕਿਵੇਂ ਕਰ ਸਕਦਾ ਹੈ? ਉਹ ਆਪਣੀ ਭੈਣ ਜੈਲਦਾਰਨੀ ਨੂੰ ਦੱਸਦਾ ਹੈ ਤਾਂ ਜੈਲਦਾਰ ਤੇ ਜੈਲਦਾਰਨੀ 'ਚ ਪਿਆਰ ਪਾੜਾ ਹੋਰ ਵੱਧ ਜਾਂਦਾ ਹੈ। ਜੈਲਦਾਰ ਦਾ ਜੁਲੇਖਾ ਨਾਲ ਪਿਆਰ, ਜੈਲਦਾਰਨੀ ਦਾ ਅਤਿਅੰਤ ਗੁੱਸਾ ਸਿਖਰ ਛੂਹ ਜਾਂਦਾ ਹੈ।

ਜੈਲਦਾਰਨੀ ਦੀ ਹਵੇਲੀ ਉਸ ਦੇ ਪਿਤਾ ਦੀ ਮੌਜੂਦਗੀ 'ਚ ਜੈਲਦਾਰਨੀ ਤੇ ਉਸ ਦੇ ਭਰਾ ਤੇ ਜੈਲਦਾਰ ਦੌਰਾਨ ਜੁਲੇਖਾ ਦੇ ਪਿਆਰ ਨੂੰ ਲੈ ਕੇ ਹੋਈ ਤਕਰਾਰ ਇੰਨੀ ਵੱਧ ਜਾਂਦੀ ਹੈ ਕਿ ਪਿਤਾ ਦੇ ਸਮਝਾਉਣ ਤੋਂ ਬਾਹਰ ਹੋ ਜਾਂਦੇ ਹਨ ਤੇ ਇਕ-ਦੂਜੇ ਨੂੰ ਗੋਲੀ ਮਾਰ ਕੇ ਮਰ ਜਾਂਦੇ ਹਨ ਤੇ ਅਖੀਰ ਦੂਜੇ ਪੁੱਤ ਦਾ ਵਿਛੋੜਾ ਤੇ ਜੁਆਈ ਜੈਲਦਾਰ ਵਿਛੋੜਾ ਨਾ ਸਹਾਰਦਾ ਹੋਇਆ ਉਸ ਵਕਤ ਉਹ ਵੀ ਦਮ ਤੋੜ ਦਿੰਦਾ ਹੈ ਪਰ ਹੁਕਮ ਕੌਰ ਦੀ ਹੈਂਕੜ, ਉਸ ਦੀ ਜ਼ਿੱਦ ਵਜੋਂ ਜਿਉਂ ਦੀ ਤਿਉਂ ਰਹਿੰਦੀ ਹੈ। ਬੇਸ਼ੱਕ ਅੰਦਰੋਂ ਉਸਨੂੰ ਇਸ ਬਿਰਤਾਂਤ ਦਾ ਦੁੱਖ ਬਹੁਤ ਹੋਵੇਗਾ।

ਹੁਕਮੋ ਦੀ ਹਵੇਲੀ ਦੀ ਮਾਲਕਣ ਹੁਕਮ ਕੌਰ ਜੈਲਦਾਰਨੀ ਲਈ ਇਸ ਤੋਂ ਵੱਧ ਮਾੜਾ ਸਮਾਂ ਹੋਰ ਕੀ ਹੋ ਸਕਦਾ ਹੈ। ਹਵੇਲੀ 'ਚ ਹੁਣ ਸੁੰਨਸਾਨ ਹਨੇਰੇ 'ਚ ਹੁਣ ਕਾਂ ਕਬੂਤਰ-ਘੁੱਗੀਆਂ ਤਾਂ ਕੀ ਹੁਣ ਉੱਲੂ ਵੀ ਨਹੀਂ ਨਜ਼ਰ ਆਉਂਦੇ।

ਕੁਝ ਦਿਨਾਂ ਬਾਅਦ ਜੁਲੇਖਾਂ ਦੀ ਮਾਂ ਜੁਲੇਖਾਂ ਦੀ ਧੀ ਨੂੰ ਹੁਕਮੋ ਦੀ ਹਵੇਲੀ ਇਸ ਆਸ ਨਾਲ ਲੈ ਕੇ ਆਉਂਦੀ ਹੈ ਕਿ ਉਸ ਦੇ ਵਿਆਹ ਲਈ ਹਵੇਲੀ ਤੋਂ ਕੁਝ ਇਮਦਾਦ ਮਿਲ ਜਾਵੇਗੀ, ਕਿਉਂਕਿ ਜੁਲੇਖਾਂ ਦੀ ਮਾਂ ਜਾਣਦੀ ਸੀ ਕਿ ਜੁਲੇਖਾਂ ਦੀ ਧੀ ਕੋਕਲਾ ਹੁਣ ਹਵੇਲੀ ਦੀ ਵਾਰਸ ਹੋ ਸਕਦੀ ਹੈ ਪਰ ਉਸ ਨੇ ਕਦੇ ਵੀ ਕੋਕਲਾ ਨੂੰ ਉਸਦੀ ਮਾਂ ਜੁਲੇਖਾਂ ਦਾ ਤੇ ਜੈਲਦਾਰ ਦੀ ਪਿਆਰੀ ਕਹਾਣੀ ਅਤੇ ਉਸ ਜੈਲਦਾਰ ਦੀ ਧੀ ਹੋਣ ਦਾ ਜ਼ਿਕਰ ਤੱਕ ਨਹੀਂ ਕੀਤਾ ਸੀ।

ਇਸ ਸਭ ਦਾ ਖੁਲਾਸਾ ਹਵੇਲੀ ਜਾ ਕੇ ਜੈਲਦਾਰਨੀ ਨਾਲ ਹੋਏ ਵਾਰਤਾਲਾਪ 'ਚ ਗੱਲ ਨਿਕਲ ਕੇ ਆਉਂਦੀ ਹੈ ਤਾਂ ਜੈਲਦਾਰਨੀ ਹੈਂਕੜ ਅਤੇ ਆਪਣੇ ਗੁੱਸੇ ਨੂੰ ਅਜੇ ਵੀ ਜਿਉਂ ਦਾ ਤਿਉਂ ਰੱਖਿਆ ਹੋਇਆ ਸੀ, ਤਾਂ ਉਸ ਨੇ ਬੜੀ ਚਾਲ ਨਾਲ ਕੋਕਲਾ ਨੂੰ ਇਹ ਕਹਿੰਦੇ ਹੋਏ ਵਿਆਹ ਖੁਦ ਕਰਨ ਦੀ ਜ਼ਿੰਮੇਵਾਰੀ ਲੈ ਲਈ ਕਿ ਉਹ ਜੈਲਦਾਰ ਦੀ ਧੀ ਹੈ ਪਰ ਉਸ ਨੇ ਚਲਾਕੀ ਨਾਲ ਉਸਦਾ ਰਿਸ਼ਤਾ ਆਪਣੀ ਮਰਜ਼ੀ ਨਾਲ ਕਿਸੇ ਹੋਰ ਨਾਲ ਤਹਿ ਕਰ ਦਿੱਤਾ।

ਵਿਆਹ ਦੇ ਦਿਨ ਆ ਜਾਂਦੇ ਹਨ, ਮਾਈਆ ਲੱਗ ਜਾਂਦਾ ਹੈ ਤੇ ਬਰਾਤ ਹਵੇਲੀ ਆ ਢੁੱਕਦੀ ਹੈ ਤਾਂ ਜੁਲੇਖਾਂ ਦੀ ਧੀ ਕੋਕਲਾ ਨੂੰ ਉਸ ਦੀ ਨਾਨੀ ਆ ਕੇ ਦੱਸਦੀ ਹੈ ਕਿ ਲਾੜਾ ਤਾਂ ਕੋਈ ਹੋਰ ਹੈ ਜੋ ਕੋਕਲਾ ਚਾਹੁੰਦੀ ਸੀ ਉਹ ਨਹੀਂ ਹੈ। ਇਸ ਗੁਨਾਹ 'ਚ ਕੋਕਲਾ ਦੇ ਪਿਓ ਨੂੰ ਜੈਲਦਾਰਨੀ ਕੁਝ ਮਾਇਆ ਦਾ ਲਾਲਚ ਦੇ ਕੇ ਭਾਗੀਦਾਰ ਬਣਾ ਲੈਂਦੀ ਹੈ ਪਰ ਕੋਕਲਾ ਜੈਲਦਾਰਨੀ ਦੁਆਰਾ ਦਿੱਤੀ ਮੁੰਦਰੀ ਨਾਲ ਆਪਣੀ ਜਾਨ ਤਾਂ ਦੇ ਦਿੰਦੀ ਹੈ ਪਰ ਉਸ ਦੁਆਰਾ ਲੱਭੇ ਲਾੜੇ ਨਾਲ ਵਿਆਹ ਨਹੀਂ ਕਰਾਉਂਦੀ, ਸਗੋਂ ਆਪਣੇ ਕਬੀਲੇ ਦੇ ਪ੍ਰੇਮੀ ਦੇ ਹੱਥਾਂ 'ਚ ਅੰਤਿਮ ਸਾਹ ਮੁਕਾਉਂਦੀ ਇਸ ਸੰਸਾਰ ਨੂੰ ਅਲਵਿਦਾ ਆਖ ਜਾਂਦੀ ਹੈ ਤੇ ਤੁਰੰਤ ਉਸ ਕੋਕਲਾ ਦਾ ਪ੍ਰੇਮੀ ਵੀ ਆਪਣੇ ਸੀਨੇ ਵਿਚ ਖੰਜਰ ਮਾਰ ਕੇ ਜਾਨ ਦੇ ਦਿੰਦਾ ਹੈ। ਸੋ ਇਸ ਹੁਕਮੋ ਦੀ ਹਵੇਲੀ 'ਚ ਹੁਕਮ ਕੌਰ ਜੈਲਦਾਰਨੀ ਦੇ ਦੋ ਭਰਾ, ਪਤੀ ਜੈਲਦਾਰ, ਪਿਤਾ ਤੇ ਹਵੇਲੀ ਦੀ ਹੋਣ ਵਾਲੀ ਵਾਰਸ ਕੋਕਲਾ ਤੇ ਉਸ ਦਾ ਪ੍ਰੇਮੀ ਜਾਨ ਗੁਆ ਜਾਂਦੇ ਹਨ ਪਰ ਜੈਲਦਾਰਨੀ ਦੀ ਹੈਂਕੜ ਜਿਉਂ ਦੀ ਤਿਉਂ ਰਹਿੰਦੀ ਹੈ। ਇਸ ਦੁਖਾਂਤਮਈ ਡਰਾਮੇ ਦੌਰਾਨ ਵਿਚਕਾਰ ਹਾਸਾ-ਰੰਗ, ਗਿੱਧਾ, ਭੰਗੜਾ ਆਦਿ ਦੇ ਦ੍ਰਿਸ਼ ਸਾਰੇ ਡਰਾਮੇ ਦਾ ਸੰਤੁਲਨ ਬਰਾਬਰ ਬਣਾਈ ਰੱਖਦੇ ਹਨ। ਇਹੀ ਵਕਤ ਹੈ ਕਿ ਬਿਨਾਂ ਕਿਸੇ (ਫਿਲਮੀ ਇੰਟਰਵਲ ਦੀ ਤਰ੍ਹਾਂ) ਇੰਟਰਵਲ ਦੇ ਦਰਸ਼ਕਾਂ ਦਾ ਇਕਾਗਰਤਾ ਨਾਲ ਬੈਠ ਕੇ ਦੇਖਣਾ ਡਰਾਮੇ ਦੀ ਸਫਲਤਾ ਹੈ। ਇਹ ਡਰਾਮਾ ਇਕ ਖਾਸ ਨਸੀਹਤ ਦਿੰਦਾ ਹੈ ਕਿ ਵਿਆਹੁਤਾ ਜ਼ਿੰਦਗੀ 'ਚ ਪਤੀ-ਪਤਨੀ ਨੂੰ ਆਪਣੇ ਜੀਵਨ ਨੂੰ ਸੁਖਾਲਾ ਰੱਖਣ ਲਈ ਇਕ-ਦੂਜੇ ਤੋਂ ਦੂਰੀਆਂ ਘਟਾਉਣਾ ਚਾਹੀਦਾ ਹੈ। ਆਪਣੇ ਹਰ ਪ੍ਰਕਾਰ ਦੇ ਸਮਾਜਿਕ/ਧਾਰਮਿਕ ਕੰਮਾਂ/ਰੁਝੇਵਿਆਂ ਦੇ ਨਾਲ-ਨਾਲ ਆਪਣੀ ਪਰਿਵਾਰਕ ਨੇੜਤਾ ਬਣਾਈ ਰੱਖਣ, ਜਿਸ ਲਈ ਉਹ ਇਕ-ਦੂਜੇ ਦੇ ਜੀਵਨ ਸਾਥੀ ਬਣੇ।











Pictures by: Prem K. Chumber Desh Doaba













### ਮੋਨਿਕਾ ਉਪਲ (ਜਰਨਲਿਸਟ) ਵੱਲੋਂ ਨਾਟਕ ਆਰੰਭ ਹੋਣ ਤੋਂ ਪਹਿਲਾਂ ਨਾਟਕ ਬਾਰੇ ਇਕ ਜਾਣਕਾਰੀ

ਜਦੋਂ ਇਸ਼ਕ ਦੇ ਕੰਮ ਨੂੰ ਹੱਥ ਲਾਈਏ,
ਪਹਿਲਾਂ ਰੱਬ ਦਾ ਨਾਂ ਧਿਆਈਏ ਜੀ।
ਫੇਰ ਪੀਰ ਫਕੀਰ ਪੈਗੰਬਰਾਂ ਨੂੰ।
ਦਮ ਦਮ ਦਰੂਰ ਪਹੁੰਚਾਈਏ ਜੀ।

ਰੱਬ ਨੇ ਇਨਸਾਨ ਦੇ ਰਹਿਣ ਲਈ ਇਸ ਦੁਨੀਆਂ ਨੂੰ ਸਾਜਿਆ।ਫਿਰ ਇਸ ਨੂੰ ਫੁੱਲਾਂ, ਬੂਟਿਆਂ, ਨਦੀਆਂ, ਦਰਿਆਵਾਂ, ਪਹਾੜਾਂ ਨਾਲ ਸਜਾਇਆ। ਚਾਂਦੀ ਰੰਗ ਕਲ-ਕਲ ਕਰਦ ਪਾਣੀ ਦੇ ਚਸ਼ਮੇ, ਦਰੱਖਤਾਂ ਦੇ ਪੱਤਿਆਂ ਨਾਲ ਰੁਮਕਦੀਆਂ ਹਵਾਵਾਂ, ਦੂਰ ਦਿੱਸ ਹੱਦੇ ਉਤੇ ਦਿਖਦੇ ਕਿਰਮਚੀ, ਸਾਵੇ ਅਤੇ ਨੀਮ ਪਿਆਜ਼ੀ ਬੱਦਲਾਂ ਦੇ ਗੋਹੜੇ। ਕਿਧਰੇ ਆਦਮ ਕੱਦ ਪਹਾੜ, ਕਿਧਰੇ ਸਬਜ਼ ਮਖਮਲ ਵਰਗੇ ਕੂਲੇ ਘਾਹ ਦੇ ਮੈਦਾਨ। ਇਹ ਕਲਾ ਦਾ ਕੰਮ ਕੋਈ ਸਿਰਜਣਾਤਮਕ ਹੀ ਸਿਰਜ ਸਕਦਾ ਹੈ।

ਉਸ ਰਚਣਹਾਰੇ ਨੇ ਕੁਝ ਕਲਾਕਾਰਾਂ ਨੂੰ ਵਕਤ ਵਕਤ ਉਤੇ ਇਨਸਾਨ ਦੀ ਜ਼ਿੰਦਗੀ ਨੂੰ ਰੋਚਕ ਤੇ ਸੋਹਣੀ ਬਣਾਉਣ ਦੇ ਲਈ ਇਸ ਧਰਤੀ 'ਤੇ ਭੇਜਿਆ। ਉਹਨਾਂ ਚਲਦੀਆਂ ਹਵਾਵਾਂ ਦੀ ਸਰਸਰਾਹਟ ਸੁਣ ਕੇ ਸੰਗੀਤ ਨੂੰ ਜਨਮ ਦਿੱਤਾ। ਚਲਦਿਆਂ ਝਰਨਿਆਂ ਤੋਂ ਗਾਣਾ ਸਿੱਖਿਆ। ਕੜਕਦੇ ਬੱਦਲਾਂ ਦੀ ਗੜਗੜਾਹਟ ਨੂੰ ਢੋਲਾਂ ਤੇ ਢੋਲਕੀਆਂ ਵਿਚ ਲੈ-ਬੰਦ ਕਰ ਲਿਆ। ਮੁੱਕਦੀ ਗੱਲ ਇਹੀ ਹੈ ਕਿ ਅਜਿਹੀਆਂ ਕਲਾਵਾਂ ਨੇ ਇਨਸਾਨ ਦੀ ਜ਼ਿੰਦਗੀ ਨੂੰ ਮਸਤੀ ਨਾਲ ਭਰ ਕੇ ਰੱਖ ਦਿੱਤਾ। ਜ਼ਰਾ ਸੋਚੋ ਕਿ ਜੇਕਰ ਇਨਸਾਨ ਦੀ ਜ਼ਿੰਦਗੀ ਵਿਚ ਕੋਈ ਸੰਗੀਤ, ਲੋਕ ਨਾਚ, ਲੋਕ ਗੀਤ ਜਾਂ ਹਾਸਿਆਂ ਦੀਆਂ ਘੁਨਕਾਰਾਂ ਨਾ ਹੁੰਦੀਆਂ ਤਾਂ ਇਹ ਜ਼ਿੰਦਗੀ ਕਿਹੋ ਜਿਹੀ ਹੁੰਦੀ।

ਇਹ ਵੱਖਰੀ ਗੱਲ ਹੈ ਕਿ ਅੱਜ ਦੀ ਜ਼ਿੰਦਗੀ ਵਿਚ ਸਾਰਾ ਕੁਝ ਵਿਓਪਾਰ ਬਣ ਕੇ ਰਹਿ ਗਿਆ। ਸੰਗੀਤ ਕੰਨ ਪਾੜਵਾਂ ਸ਼ੋਰ, ਸੂਫੀਆਂ ਦੀ ਸੱਚੀ ਸੁੱਚੀ ਗਾਇਕੀ ਨੂੰ ਤੋੜ ਮਰੋੜ ਕੇ ਕੀ ਤੋਂ ਕੀ ਬਣਾ ਦਿੱਤਾ। ਪਰ ਅਸਲੀ ਸੰਗੀਤ ਨਾਲ ਤਾਂ ਬਾਬੇ ਨਾਨਕ, ਭਾਈ ਮਰਦਾਨਾ, ਬੁੱਲ੍ਹੇ ਸ਼ਾਹ ਤੇ ਮੀਰਾ ਵਰਗੇ ਪੈਗੰਬਰਾਂ ਨੇ ਰੱਬ ਨੂੰ ਵੀ ਪਾ ਲਿਆ।

ਅਸਲੀ ਕਲਾਕਾਰ ਤੇ ਕਲਾ ਦੇ ਪ੍ਰੇਮੀ ਵੀ ਬਹੁਤ ਥੋੜ੍ਹੇ ਹੁੰਦੇ ਨੇ। ਬਹੁਤੇ ਲੋਕ ਤਾਂ ਬੱਸ ਅੱਖਾਂ ਮੀਚ ਕੇ ਤੇ ਕੰਨ ਬੰਦ ਕਰਕੇ ਹੀ ਜ਼ਿੰਦਗੀ ਕੱਟ ਦਿੰਦੇ ਨੇ। ਪਰ ਸਾਨੂੰ ਅੱਜ ਬਹੁਤ ਖੁਸ਼ੀ ਹੈ ਕਿ ਤੁਸੀਂ ਅੱਜ ਕਲਾ ਦੇ ਪਾਰਖੂ ਬਣ ਕੇ ਨਾਟਕ ਕਲਾ ਨੂੰ ਦੇਖਣ ਆਏ ਹੋ। In your light i learn, How to love, in your beauty how to make poems, you dance inside my heot, where no one sees you, But sometimes i do and that sight becomes this art. (Rumi)

ਮੈਂ ਮੋਨਿਕਾ ਉਪਲ ਤੇ ਪੰਜਾਬ ਲੋਕ ਰੰਗ ਦੀ ਪੂਰੀ ਟੀਮ ਬੜੇ ਅਦਬ, ਸਤਿਕਾਰ ਤੇ ਇੱਜ਼ਤ ਨਾਲ ਤੁਹਾਨੂੰ ਜੀ ਆਇਆਂ ਆਖਦੀ ਹਾਂ। ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਆਏ ਨਾਟਕ ਪਿਆਰਿਆਂ ਨੂੰ ਮੇਰਾ ਸਤ ਸ੍ਰੀ ਅਕਾਲ ਤੇ ਸਲਾਮ। ਇਹ ਮੁਹੱਬਤਾਂ ਹੋਰ ਵੀ ਗੂੜ੍ਹੀਆਂ ਹੋਣ।

ਭਾਵੇਂ ਨਾਟਕ ਦਾ ਇਤਿਹਾਸ ਬਹੁਤ ਪੁਰਾਣਾ ਹੈ। ਜਦੋਂ ਸਿਕੰਦਰ ਨੇ ਪੰਜਾਬ ਉਤੇ ਹਮਲਾ ਕੀਤਾ। ਉਸ ਰਾਤ ਰਾਜਾ ਪੋਰਸ ਨੇ ਸਿਕੰਦਰ ਨੂੰ ਇਕ ਨਾਟਕ ਦਿਖਾਇਆ ਜਿਸ ਦਾ ਨਾਂ ਸੀ 'ਆਗਾਨ'।ਇਹ ਨਾਟਕ ਦਰਿਆ ਜੇਹਲਮ ਦੇ ਕੰਢੇ ਖੇਡਿਆ ਗਿਆ ਸੀ ਪੰਜਾਬ ਦੇ ਪਿੰਡਾਂ ਦੀ ਰਾਸਾਂ, ਨਕਲਾਂ, ਭੰਡਾਂ ਦੇ ਤਮਾਸ਼ੇ ਇਹ ਸਾਰੇ ਲੋਕ ਨਾਟਕਾਂ ਦੀਆਂ ਹੀ ਵੰਨਗੀਆਂ ਨੇ। ਪਰ ਅੱਜ ਦੇ ਪੰਜਾਬੀ ਨਾਟਕ ਦਾ ਨੀਂਹ ਪੱਥਰ ਆਇਰਲੈਂਡ ਦੀ ਜੰਮਪਲ ਨੌਰਾ ਰਿਚਰਡ ਨੇ ਰੱਖਿਆ। ਅੱਜ ਵੀ ਅੰਧਰੇਟੇ ਵਿਚ ਨੌਰਾ ਦੀ ਕਬਰ ਨਾਟਕ ਪ੍ਰੇਮੀਆਂ ਨੂੰ ਸ਼ੁਭ ਕਾਮਨਾਵਾਂ ਦਿੰਦੀ ਹੈ। ਸੁੱਚਜੇ ਤੇ ਸੁਹਣੇ ਨਾਟਕ ਲਿਖਣ ਤੇ ਖੇਡਣ ਲਈ ਉਤਸ਼ਾਹਿਤ ਕਰਦੀ ਹੈ।

ਬਾਅਦ ਵਿਚ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਬਲਵੰਤ ਗਾਰਗੀ, ਗੁਰਦਿਆਲ ਸਿੰਘ, ਆਈ. ਸੀ. ਨੰਦਾ, ਹਰਚਰਨ ਸਿੰਘ, ਗੁਰਸ਼ਰਨ ਸਿੰਘ, ਹਰਪਾਲ ਟਿਵਾਣਾ ਤੇ ਅਜਮੇਰ ਔਲਖ ਵਰਗੀਆਂ ਮਹਾਨ ਹਸਤੀਆਂ ਨੇ ਆਪਣੇ ਲਹੂ ਨਾਲ ਨਾਟਕ ਦੀ ਦੁਨੀਆਂ ਨੂੰ ਸੁਰਜੀਤ ਰੱਖਿਆ। ਅੱਜ ਵੀ ਕੇਵਲ ਧਾਲੀਵਾਲ, ਸਰਦਾਰ ਬਰਾੜ, ਜੀ. ਐਸ. ਚੰਨੀ, ਨੀਲਮ ਮਾਨ ਸਿੰਘ, ਰਾਣੀ ਬਲਬੀਰ, ਮਦੀਹਾ ਗੌਹਰ, ਸ਼ਾਹਿਦ ਨਦੀਮ ਵਰਗੇ ਕਲਾਕਾਰ ਲੋਕ ਪੰਜਾਬੀ ਨਾਟਕ ਦੀ ਸ਼ਮ੍ਹਾ ਨੂੰ ਬਲਦੇ ਰੱਖਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ।

ਪਰ ਅਮਰੀਕਾ ਵਿਚ ਪੰਜਾਬ ਲੋਕ ਰੰਗ ਇਕ ਐਸੀ ਸੰਸਥਾ ਹੈ, ਜਿਸਨੇ ਅੱਜ ਤੋਂ ਪੂਰੇ ਦਸ ਸਾਲ ਪਹਿਲਾਂ ਪੰਜਾਬੀ ਨਾਟਕ ਦੀ ਨੀਂਹ ਰੱਖ ਕੇ ਪਹਿਲਕਦਮੀ ਕੀਤੀ। ਇਹਨਾਂ ਦਸਾਂ ਸਾਲਾਂ ਵਿਚ ਪੰਜਾਬ ਲੋਕ ਰੰਗ ਨੇ ਪੰਜਾਬੀ ਮੰਚ ਦੀ ਝੋਲੀ ਵਿਚ 8 ਨਾਟਕ ਪਾਏ। ਆਓ ਪੰਜਾਬ ਲੋਕ ਰੰਗ ਦੀ ਦਸਵੀਂ ਵਰ੍ਹੇਗੰਢ ਨੂੰ ਜ਼ੋਰਦਾਰ ਤਾੜੀਆਂ ਮਾਰ ਕੇ ਖੁਸ਼ਆਮਦੀਦ ਕਹੀਏ। ਨਾਟਕ ਜਿੰਨਾ ਲਿਖਣਾ, ਖੇਡਣਾ ਤੇ ਪੇਸ਼ ਕਰਨਾ ਔਖਾ ਹੈ, ਉਸ ਨੂੰ ਦੇਖਣਾ ਤੇ ਸਮਝਣਾ ਹੋਰ ਵੀ ਜ਼ਿਆਦਾ ਮੁਸ਼ਕਿਲ ਹੈ।

ਅੱਜ ਸੂਝਵਾਨ, ਪੜ੍ਹੇ-ਲਿਖੇ ਸੁਹਿਰਦ ਲੋਕਾਂ ਦੇ ਸਾਹਮਣੇ ਜੋ ਨਾਟਕ 'ਹੁਕਮੋ ਦੀ ਹਵੇਲੀ' ਖੇਡਿਆ ਜਾ ਰਿਹਾ ਹੈ, ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਬੜੀ ਸੰਜੀਦਗੀ, ਦੂਰਅੰਦੇਸ਼ੀ ਤੇ ਰੌਚਿਕਤਾ ਦੇ ਨਾਲ ਇਸ ਨਾਟਕ ਦਾ ਆਨੰਦ ਮਾਣੋਗੇ। ਬੜੀ ਨਿਮਰਤਾ ਨਾਲ ਮੈਂ ਬੇਨਤੀ ਕਰਦੀ ਹਾਂ ਕਿ ਆਪਣੇ-ਆਪਣੇ ਸੈਲ ਫੋਨ ਮਿਹਰਬਾਨੀ ਕਰਕੇ ਸਾਈਲੈਂਟ ਕਰ ਲੈਣਾ ਤਾਂ ਕਿ ਨਾਲ ਬੈਠਿਆਂ ਨੂੰ ਕੋਈ ਦਿੱਕਤ ਨਾ ਆਵੇ। ਨਾਲ ਨਾਲ ਭਰਪੂਰ ਤਾੜੀਆਂ ਵਿਚ ਟੀਮ ਦੀ ਹੌਂਸਲਾ ਅਫਜ਼ਾਈ ਵੀ ਕਰਦੇ ਰਹਿਣਾ। ਲਓ ਮੈਂ ਤੁਹਾਡੇ ਤੇ ਨਾਟਕ ਵਿਚ ਹੋਰ ਨਾ ਖੜ੍ਹਦੀ ਹੋਈ, ਪੇਸ਼ ਕਰਦੇ ਹਾਂ ਜ਼ੋਰਦਾਰ ਤਾੜੀਆਂ ਦੀ ਘੁਮਕਾਰ ਦੇ ਅੰਦਰ ਪੰਜਾਬ ਲੋਕ ਰੰਗ ਵੱਲੋਂ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਤੇ ਡਾਇਰੈਕਟ ਕੀਤਾ ਨਾਟਕ:- **'ਹੁਕਮੋ ਦੀ ਹਵੇਲੀ'**